# ਸ਼ਹੀਦ ਕਰਤਾਰ ਸਿੰਘ ਸਰਾਭਾ

## ਜੀਵਨੀ ਅਤੇ ਸ਼ਹੀਦੀ



ਸੰਪਾਦਕ: ਮਲਵਿੰਦਰਜੀਤ ਸਿੰਘ ਵੜੈਚ

## ਇਸੇ ਲੜੀ ਦੀਆਂ ਹੋਰ ਪੁਸਤਕਾਂ

- ਬੰਦੀ ਜੀਵਨ/ਸ਼ਚਿੰਦਰ ਨਾਥ ਸਾਨਿਆਲ
- ਚਾਂਦ ਫਾਂਸੀ ਐਕ/ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ/ਸੰਪਾਦਕ: ਹਰੀਸ਼ ਜੈਨ
- ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜੇਲ੍ਹ ਨੋਟਬੁੱਕ/ਸੰਪਾਦਕ: ਡਾ. ਰਾਜਿੰਦਰ ਪਾਲ ਸਿੰਘ
- ਜੀਵਨ ਗਾਥਾ-ਅਮਰ ਸ਼ਹੀਦ ਸੁਖਦੇਵ/ਮਥਰਾ ਦਾਸ ਥਾਪਰ
- ਘੋੜੀਆ ਸ਼ਹੀਦ ਭਗਤ ਸਿੰਘ/ਪ੍ਰੋ. ਗੁਰਦੇਵ ਸਿੰਘ ਸਿੱਧੂ
- ਲੁਕਿਆ ਸੱਚ (ਗੁਆਚੇ ਪੱਤਰੇ) ਸ਼ਹਾਦਤ ਭਗਤ ਸਿੰਘ ਤੇ ਸਾਥੀ/ਸੰਪਾਦਕ ਡਾ. ਗੁਰਪ੍ਰੀਤ ਸਿੰਘ ਸਿੱਧਰਾ, ਕੁਲਵੰਤ ਸਿੰਘ ਕੂਨਰ
- ਸ਼ਹੀਦ ਭਗਤ ਸਿੰਘ ਦੇ ਹਿੰਦੀ ਅਨੁਵਾਦ ਤੇ ਅਧਾਰਿਤ-ਆਇਰਿਸ਼ ਸੁਤੰਤਰਤਾ ਸੰਗ੍ਰਾਮ
- ਸੋਸ਼ਲਿਜ਼ਮ ਸ਼ੰਕੇ ਅਤੇ ਸਮਾਧਾਨ/ਛਬੀਲ ਦਾਸ
- ਕਰਾਚੀ ਦੀ ਕਾਂਗਰਸ ਅਤੇ ਸ਼ਹੀਦ ਭਗਤ ਸਿੰਘ/ਸੰਪਾਦਕ: ਹਰੀਸ਼ ਜੈਨ
- ਜੇਲ੍ਹ ਵਿਚ ਤੀਹ ਵਰ੍ਹੇ/ਤ੍ਰਿਲੋਕਯ ਨਾਥ ਚੱਕ੍ਰਵਰਤੀ
- ਅਮਰ ਸ਼ਹੀਦ ਭਗਤ ਸਿੰਘ/ਕ੍ਰਿਸ਼ਨਾ ਜੀ ਮਾਧਵ ਸਾਖਵਲਕਰ
- ਕੋਥਰਾਈਨ-ਜੀਵਨੀ/ ਰਾਮਪ੍ਰਸਾਦ ਬਿਸਮਿਲ
- ਜ਼ੁਲਮੀ ਕਥਾ/ਗੁਰਦਿੱਤ ਸਿੰਘ
- ਕਿਸਾਨਾਂ ਦੇ ਦੁੱਖੜੇ/ਪ੍ਰੋ. ਬ੍ਰਿਜ ਨਾਰਾਇਣ
- ਜੰਗ ਔਰ ਆਜ਼ਾਦੀ/ਭਗਵਾਨ ਸਿੰਘ ਪ੍ਰੀਤਮ ਗਿਆਨੀ

ਮਲਵਿੰਦਰਜੀਤ ਸਿੰਘ ਵੜੈਚ ਦੀਆਂ ਸੰਪਾਦਿਤ ਪੁਸਤਕਾਂ

- ਸ਼ਹੀਦ ਭਗਤ ਸਿੰਘ ਮੁਕੱਦਮੇ ਦੇ ਪੂਰੇ ਹਾਲਾਤ-ਬਿਆਨ ਅਤੇ ਗਵਾਹੀਆਂ ਭਾਗ-1, 2
- ਭਗਵਤੀ ਚਰਨ ਵੋਹਰਾ-ਜੀਵਨ ਅਤੇ ਸ਼ਹੀਦੀ
- ਸ਼ਹੀਦ ਜਤੀਨ ਦਾਸ-ਜੀਵਨ ਅਤੇ ਸ਼ਹੀਦੀ
- ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਚੰਦਰਸ਼ੇਖਰ ਆਜ਼ਾਦ-ਜੀਵਨ ਅਤੇ ਸ਼ਹੀਦੀ
- ਪ੍ਰਸਿੱਧ ਇਨਕਲਾਬੀ ਜੀਵਨੀਆਂ
- ਚੋਣਵੀਆਂ ਇਨਕਲਾਬੀ ਲਿਖਤਾਂ ਭਾਗ-1, 2
- ਇਨਕਲਾਬੀ ਸਵੈ ਜੀਵਨੀਆਂ ਭਾਗ-1, 2
- ਇਨਕਲਾਬੀ ਵਿਚਾਰਧਾਰਾ ਭਾਗ-1, 2
- ਵਿਸ਼ਵ ਆਜ਼ਾਦੀ ਲਹਿਰਾਂ
- ਭਾਰਤ ਦੀਆਂ ਕੌਮੀ ਲਹਿਰਾਂ

# ਸ਼ਹੀਦ ਕਰਤਾਰ ਸਿੰਘ ਸਰਾਭਾ

## ਜੀਵਨੀ ਅਤੇ ਸ਼ਹੀਦੀ

ਸੰਪਾਦਕ: ਮਲਵਿੰਦਰਜੀਤ ਸਿੰਘ ਵੜੈਚ

*Biography/Indian Independence Struggle/Revolutionary Movement/ Revolutionary Movement In Punjab/Martyrs/ Reminiscences/Contemporary Accounts*

**Shaheed Kartar Singh Sarabha**
**Jeevani Ate Shaheedi**

*Edited by*

**Malwinderjit Singh Waraich**


2007

Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
*visit us at : www.unistarbooks.com*
Type Setting & Design PCIS
Printed & bound at Jai Offset Printers, Chandigarh
Ph:0172-2640382



© 2007

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book*

# ਤਤਕਰਾ


- ਦੋ ਸ਼ਬਦ 7
- ਗ਼ਦਰ ਪਾਰਟੀ 11
- ਸ਼੍ਰੀ ਕਰਤਾਰ ਸਿੰਘ ਜੀ ਸ਼ਹੀਦ
  *ਗ਼ਦਰ ਦੀ ਗੂੰਜ ਵਿਚੋਂ* 29
- ਸ਼ਹੀਦ ਕਰਤਾਰ ਸਿੰਘ ਸਰਾਭਾ
  *ਬਾਬਾ ਸੋਹਨ ਸਿੰਘ ਭਕਨਾ* 61
- ਗ਼ਦਰੀ ਕਰਤਾਰ ਸਿੰਘ ਸਰਾਭਾ
  *ਬਾਬਾ ਹਰਨਾਮ ਸਿੰਘ ਕਾਲਾ ਸੰਘਾ* 67
- ਸ਼੍ਰੀ ਕਰਤਾਰ ਸਿੰਘ ਸਰਾਭਾ
  *ਸ਼ਹੀਦ ਭਗਤ ਸਿੰਘ* 68
- ਸ਼ਹੀਦ ਸਰਾਭਾ ਜੀ ਤੇ ਗਦਰ ਪ੍ਰੈੱਸ
  *ਹਰਨਾਮ ਸਿੰਘ ਟੁੰਡੀਲਾਟ* 78
- ਸ਼ਹੀਦ ਸਰਾਭਾ ਵਿਰੁੱਧ ਅਦਾਲਤੀ ਫੈਸਲਾ 82
- ਕੀ ਸਰਾਭੇ ਦੀ ਫਾਂਸੀ ਟਲ ਵੀ ਸਕਦੀ ਸੀ ?
  *ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ* 96
- ਸ਼ਹੀਦ ਕਰਤਾਰ ਸਿੰਘ ਸਰਾਭਾ
  *ਬਾਬਾ ਕਿਰਪਾ ਸਿੰਘ ਜੀ* 106
- ਸ਼ਹੀਦ ਸਰਾਭਾ ਦੀ ਗਦਰ ਨੂੰ ਦੇਣ
  *ਬਾਬਾ ਸ਼ੇਰ ਸਿੰਘ ਵੇਈਂ ਪੂਈਂ, ਭਾਈ ਕਰਤਾਰ ਸਿੰਘ (ਦੁੱਕੀ)* 110

# ਦੋ ਸ਼ਬਦ

ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਆਪਣੀ ਨਿਕੇਰੀ ਉਮਰ ਦਾ ਸਮੁੱਚਾ ਜੀਵਨ, ਜਵਾਨੀ ਦੀਆਂ ਐਸ਼ ਇਸ਼ਰਤਾਂ, ਆਰਾਮ, ਸੰਸਾਰ ਦੀਆਂ ਹੋਰ ਸਭ ਨਿਆਮਤਾਂ, ਗ੍ਰਹਿਸਥ ਆਦਿ ਨੂੰ ਲੱਤ ਮਾਰ ਕੇ ਹੀ ਇਹ ਨਾਮਣਾ ਖੱਟਿਆ ਹੈ, ਜਿਸ ਦੀ ਮਿਸਾਲ ਘੱਟ ਵੱਧ ਹੀ ਦੁਨੀਆਂ ਉੱਤੇ ਦੇਖਣ ਤੇ ਸੁਣਨ ਵਿਚ ਆਉਂਦੀ ਹੈ। ਭਾਵੇਂ ਅੱਜ ਸਰੀਰ ਕਰਕੇ ਕਰਤਾਰ ਸਿੰਘ ਸਾਡੇ ਵਿਚ ਨਹੀਂ ਹੈ, ਪਰ ਸੰਸਾਰ ਦੇ ਕੋਨੇ ਕੋਨੇ ਵਿਚ ਕਰਤਾਰ ਸਿੰਘ ਸਰਾਭੇ ਦੇ ਨਾਮ ਨੂੰ ਬੜੇ ਹੀ ਪਿਆਰ ਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਪ੍ਰਣਾਮ ਹੈ ਉਸ ਮਾਤਾ ਸਾਹਿਬ ਕੌਰ ਨੂੰ ਜਿਸ ਦੀ ਕੁੱਖੋਂ ਇਹ ਅਮੁੱਲਾ ਲਾਲ ਪੈਦਾ ਹੋਇਆ, ਪ੍ਰਣਾਮ ਹੈ ਨਗਰ ਸਰਾਭੇ ਦੀ ਧਰਤੀ ਨੂੰ ਜਿੱਥੇ ਇਸ ਮਹਾਨ ਸ਼ਹੀਦ ਨੇ ਜਨਮ ਲਿਆ, ਪ੍ਰਣਾਮ ਹੈ ਭਾਰਤ ਦੇਸ਼ ਨੂੰ ਜਿਸ ਦੀ ਇੱਜ਼ਤ ਤੇ ਆਬਰੂ ਨੂੰ ਗੈਰਾਂ ਤੋਂ ਬਚਾਉਣ ਲਈ ਇਸ ਨਿੱਕੀ ਉਮਰ ਦੇ ਯੋਧੇ ਨੇ ਆਪਣੀ ਸ਼ਹੀਦੀ ਦਿੱਤੀ। ਸ਼ਹੀਦ ਕਰਤਾਰ ਸਿੰਘ ਸਰਾਭਾ 1914-15 ਦੇ ਗ਼ਦਰ ਪਾਰਟੀ ਦੇ ਸ਼ਹੀਦਾਂ ਵਿਚੋਂ ਸਭ ਤੋਂ ਛੋਟਾ ਤੇ ਕੰਮ ਵਿਚ ਅੱਗੇ ਰਹਿਣ ਵਾਲਿਆਂ ਵਿਚੋਂ ਸੀ। ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਲਿਖਿਆ ਇਹ ਸ਼ੇਅਰ ਬੜਾ ਹੀ ਮਕਬੂਲ ਰਿਹਾ ਹੈ ਅਤੇ ਰਹਿੰਦੀ ਦੁਨੀਆਂ ਤੱਕ ਰਹੇਗਾ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,<br>
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।<br>
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,<br>
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਹੱਥਲੀ ਪੁਸਤਕ ਗਿਆਨੀ ਹਰਿਭਜਨ ਸਿੰਘ 'ਸਾਥੀ' ਵਲੋਂ ਲਿਖੇ ਟ੍ਰੈਕਟ ਬਾਲਾ ਜਰਨੈਲ, ਵਿਸ਼ਵ ਭਾਰਤੀ ਵਲੋਂ ਸੰਪਾਦਤ ਕਿਤਾਬਚਾ ਗ਼ਦਰੀ ਯੋਧਾ ਸ਼ਹੀਦ ਕਰਤਾਰ ਸਿੰਘ ਸਰਾਭਾ ਵਿਚ ਦਿੱਤੇ ਲੇਖਾਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਚੱਲੇ ਮੁੱਕਦਮੇ ਦੀ ਕਾਰਵਾਈ ਤੇ ਅਧਾਰਿਤ ਹੈ ਅਤੇ ਸੋਧ ਅਤੇ ਸੰਪਾਦਨ ਉਪ੍ਰੰਤ ਇਨ੍ਹਾਂ ਸਾਰੇ ਦਸਤਾਵੇਜ਼ਾਂ ਨੂੰ ਸੰਜੁਗਤ ਕਰਕੇ ਪੁਸਤਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਟ੍ਰੈਕਟ ਲਿਖਣ ਦਾ ਪ੍ਰਯੋਜਨ ਸਪਸ਼ਟ ਕਰਦੇ ਸਮੇਂ ਗਿਆਨੀ ਜੀ ਨੇ ਲਿਖਿਆ ਹੈ ਕਿ " ਮੇਰੇ ਹਾਣੀ ਤੇ ਮੁੱਕਦਮੇ ਦੇ ਭਾਈਵਾਲ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਦੀਆਂ ਮੋਟੀਆਂ -ਮੋਟੀਆਂ ਗੱਲਾਂ ਲਿਖ ਕੇ ਅੱਜ ਕੱਲ੍ਹ ਦੇ ਨੌਜਵਾਨਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦਾ ਹਾਂ। ਉਹ ਗੱਲਾਂ

ਜਿਹੜੀਆਂ ਕਿ ਮੇਰੇ ਸਾਹਮਣੇ ਵਾਪਰੀਆਂ ਤੇ ਹੱਡ ਬੀਤੀਆਂ ਹਨ ਤੇ ਕਿਉਂਕਿ ਅੱਜ ਕੱਲ ਦੇ ਨੌਜਵਾਨਾਂ ਨੂੰ ਇਸ ਮਹਾਨ ਸ਼ਹੀਦ ਦੇ ਨਾਮ ਤੋਂ ਬਿਨਾਂ ਉਸ ਦੇ ਬਾਰੇ ਹੋਰ ਕੋਈ ਵਾਕਫ਼ੀਅਤ ਨਹੀਂ ਹੈ," ਜਿਸ ਤੋਂ ਯਕੀਨੀ ਹੋ ਜਾਂਦਾ ਹੈ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਕਿਸੇ ਭਰਮ -ਭੁਲੇਖੇ ਵਿਚ ਨਾ ਪੈਂਦੇ ਹੋਏ ਨੌਜਵਾਨ ਇਸ ਪੁਸਤਕ ਤੋਂ ਆਪਣੇ ਪਿਆਰੇ ਸ਼ਹੀਦ ਬਾਰੇ ਪਹਿਲ-ਹੱਥੀ ਜਾਣਕਾਰੀ ਹਾਸਲ ਕਰ ਸਕਣਗੇ ਅਤੇ ਇਹ ਜਾਣ ਸਕਣਗੇ ਕਿ ਹੋਰ ਮਹਾਨ ਸ਼ਹੀਦਾਂ, ਗ਼ਦਰੀਆਂ ਅਤੇ ਦੇਸ਼ ਭਗਤਾਂ ਦੀਆਂ ਨਜ਼ਰਾਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕੀ ਮੱਹਤਤਾ ਸੀ। ਇਸ ਦੇ ਨਾਲ ਹੀ ਪਾਠਕ ਸ਼ਹੀਦ ਸਰਾਭਾ ਜੀ ਤੇ ਚਲਾਏ ਗਏ ਮੁਕੱਦਮੇ ਦੇ ਫੈਸਲੇ ਨੂੰ ਵੀ ਮੂਲ ਰੂਪ ਵਿਚ ਵਾਚ ਸਕਣਗੇ ਅਤੇ ਜਾਣ ਸਕਣਗੇ ਕਿ ਕਿਵੇਂ ਝੂਠ ਦੇ ਪੁਲਿੰਦਿਆਂ ਦੇ ਆਧਾਰ ਤੇ ਜ਼ਾਲਮ ਅੰਗਰੇਜ਼ ਹਕੂਮਤ ਦੇਸ਼ ਭਗਤਾਂ ਨੂੰ ਸ਼ਹੀਦ ਕਰਨ ਦੇ ਪੱਜ ਘੜਦੀ ਰਹੀ।

ਇਸ ਪੁਸਤਕ ਵਿਚ ਗ਼ਦਰ ਪਾਰਟੀ ਅਤੇ ਗ਼ਦਰ ਲਹਿਰ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਇਸ ਦੀ ਕੀ ਮੱਹਤਵਪੂਰਨ ਭੂਮਿਕਾ ਸੀ ਇਸ ਬਾਰੇ ਵੀ ਪਾਠਕਾਂ ਨੂੰ ਸਪੱਸ਼ਟ ਹੋ ਜਾਵੇਗਾ। ਇਸ ਪੁਸਤਕ ਰਾਹੀਂ ਪਾਠਕ ਇਹ ਵੀ ਜਾਣ ਸਕਣਗੇ ਕਿ ਸ਼ਹੀਦ ਸ. ਭਗਤ ਸਿੰਘ ਦੇ ਜੀਵਨ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਦਾ ਕਿੰਨਾ ਡੂੰਘੇਰਾ ਅਸਰ ਸੀ ਅਤੇ ਗ਼ਦਰ ਲਹਿਰ ਵੇਲੇ 18-19 ਸਾਲ ਦੀ ਉਮਰ ਦਾ ਇਹ ਅਲਬੇਲਾ ਸ਼ਹੀਦ ਕਿਵੇਂ ਆਜ਼ਾਦੀ ਸੰਗਰਾਮ ਦੀਆਂ ਮੋਹਰਲੀਆਂ ਸਫਾਂ ਵਿਚ ਸੀ ਅਤੇ ਇਕ ਤਰ੍ਹਾਂ ਨਾਲ ਗ਼ਦਰ ਲਹਿਰ ਦਾ ਮੁੱਖ ਆਗੂ ਸੀ। ਇਹ ਪੁਸਤਕ ਆਰਕਾਈਵਜ਼ ਅਤੇ ਹੋਰ ਸਰੋਤਾਂ ਤੋਂ ਉਪਲੱਬਧ ਦਸਤਾਵੇਜ਼ਾਂ ਤੇ ਆਧਾਰਤ ਹੈ। ਇਸ ਲਈ ਇਸ ਨੂੰ ਸ. ਸਰਾਭਾ ਦੀ ਸੰਪੂਰਨ ਜੀਵਨੀ ਨਹੀਂ ਕਿਹਾ ਜਾ ਸਕਦਾ। ਜੋ ਕੁਝ ਉਪਲਬੱਧ ਹੋ ਸਕਿਆ ਉਹ ਇਸ ਪੁਸਤਕ ਦਾ ਵਿਸ਼ਾ-ਵਸਤੂ ਬਣਾਇਆ ਗਿਆ ਹੈ ਅਤੇ ਸ਼ਹੀਦ ਸਰਾਭਾ ਦੇ ਪੂਰਨ ਜੀਵਨ ਨੂੰ ਪੁਸਤਕ ਰੂਪ ਦੇਣ ਲਈ ਅੱਜ ਵੀ ਚੋਖੀ ਖੋਜ ਦੀ ਲੋੜ ਹੈ।

ਇਸ ਪੁਸਤਕ ਤੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸਮਕਾਲੀ ਯੁਗ ਬਾਰੇ ਵੀ ਕੁਝ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਸ ਤੋਂ ਸਿੱਖਿਆ ਪ੍ਰਾਪਤ ਕਰਕੇ ਅੱਜ ਦੀ ਨੌਜਵਾਨ ਪੀੜ੍ਹੀ ਦੇਸ਼ ਤੇ ਕੌਮ ਲਈ ਆਪਣੇ ਫਰਜ਼ਾਂ ਨੂੰ ਸੇਧ ਦੇ ਸਕਦੀ ਹੈ, ਭਾਵੇਂ ਕਿ ਜਾਣਕਾਰੀ ਸੰਪੂਰਨ ਰੂਪ ਵਿਚ ਉਪਲੱਬਧ ਨਹੀਂ।

ਨੌਜਵਾਨਾਂ ਦੇ ਨਾਂ ਸੰਦੇਸ਼ ਦਿੰਦਿਆਂ ਸ਼ਹੀਦ ਭਗਤ ਸਿੰਘ ਜੀ ਦੀ ਮਾਤਾ ਸ਼੍ਰੀਮਤੀ ਵਿਦਿਆਵਤੀ ਜੀ ਨੇ ਲਿਖਿਆ ਹੈ," ਬੱਚਿਓ ਤੁਹਾਨੂੰ ਵੀ ਅੱਜ ਦੇਸ਼ ਭਗਤਾਂ ਦੇ ਤਜ਼ਰਬੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਤਾਂ ਜੋ ਤੁਸੀਂ ਭੀ ਅੱਜ ਦੇ ਹਾਲਾਤ ਅਨੁਸਾਰ ਆਪਣਾ ਰਸਤਾ ਲੱਭ ਸਕੋ।"

ਕਈ ਲੇਖਕਾਂ ਨੇ ਆਪਣੇ ਨਾਵਲਾਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਨੂੰ ਆਪਣੇ ਨਾਵਲ ਦੇ ਪਲਾਟ ਨੂੰ ਦਿਲਚਸਪ ਬਣਾਉਣ ਲਈ ਮਨ ਚਾਹਿਆ ਮੋੜ ਵੀ ਦੇ

ਲਿਆ ਹੈ। ਇਸ ਬਾਰੇ ਦੱਸਦਿਆਂ ਗਿਆਨੀ ਹਰਿਭਜਨ ਸਿੰਘ 'ਸਾਥੀ' ਲਿਖਦੇ ਹਨ ਕਿ "ਨਾਨਕ ਸਿੰਘ ਨੇ ਆਪਣੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਕਰਤਾਰ ਸਿੰਘ ਦੇ ਇਕ ਕੁੜੀ ਨਾਲ ਪ੍ਰੇਮ ਦੀ ਜੋ ਗੱਲ ਛਾਪੀ ਹੈ ਉਹ ਕੋਰੀ ਗੱਪ ਹੈ। ਉਸ ਦਾ ਇਹ ਕਹਿਣਾ ਕਿ ਉਸ ਨੇ ਇਹ ਗੱਲ ਬਾਬਾ ਸੋਹਣ ਸਿੰਘ ਕੋਲੋਂ ਪੁੱਛ ਕੇ ਲਿਖੀ ਹੈ ਇਹ ਵੀ ਝੂਠ ਹੈ ਕਿਉਂਕਿ ਬਾਬਾ ਜੀ ਨੇ ਖੁਦ ਦੱਸਿਆ ਹੈ ਕਿ ਉਨ੍ਹਾਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਆਖੀ। ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਸਰਾਭਾ ਪਿੰਡ ਉਸ ਦੇ ਨਾਮ ਤੇ ਹਾਇਰ ਸੈਕੰਡਰੀ ਸਕੂਲ ਹੈ, ਜਿਸ ਦੇ ਪ੍ਰਿੰਸੀਪਲ 1914-15 ਦੇ ਪ੍ਰਸਿੱਧ ਦੇਸ਼ ਭਗਤ ਸ. ਨਿਰਭੈ ਸਿੰਘ ਜੀ ਲਲਤੋਂ ਕਲਾਂ ਦੇ ਸਪੁੱਤਰ ਸ. ਭਗਵੰਤ ਸਿੰਘ ਜੀ ਹਨ। ਇਹ ਬੜੀ ਸ਼ਾਨ ਨਾਲ ਚੱਲ ਰਿਹਾ ਹੈ ਅਤੇ ਪਿੰਡ ਦੇ ਨੌਜਵਾਨਾਂ ਨੇ ਕਰਤਾਰ ਸਿੰਘ ਸਰਾਭਾ ਕਲੱਬ ਬਣਾਈ ਹੋਈ ਹੈ।

ਸ਼ਹਿਰ ਲੁਧਿਆਣੇ ਵਿਚ ਪੱਖੋਵਾਲ ਰੋਡ ਉੱਤੇ ਇਕ ਵਿਸ਼ਾਲ ਨਗਰ 'ਸਰਾਭਾ ਨਗਰ' ਦੇ ਨਾਮ ਦਾ ਇੰਪਰੂਵਮੈਂਟ ਟਰੱਸਟ ਲੁਧਿਆਣਾ ਵੱਲੋਂ ਬਹੁਤ ਖੁਲ੍ਹਾ ਤੇ ਸ਼ਾਨਦਾਰ ਕੋਠੀਆਂ ਨਾਲ ਸੁਸ਼ੋਭਿਤ ਹੈ ਜੋ ਕਿ ਪੱਖੋਵਾਲ ਰੋਡ ਤੋਂ ਲੈ ਕੇ ਫ਼ਿਰੋਜ਼ਪੁਰ ਰੋਡ ਦੇ ਨਾਲ ਲੱਗਦੀ ਐਗਰੀਕਲਚਰ ਯੂਨੀਵਰਸਿਟੀ ਤੱਕ ਫੈਲਿਆ ਹੋਇਆ ਹੈ।

ਇਕ ਕਰਤਾਰ ਸਿੰਘ ਦੀ ਚੜ੍ਹਦੀ ਉਮਰ ਦਾ ਪ੍ਰਤੀਕ ਬੁੱਤ ਸ਼ਹਿਰ ਲੁਧਿਆਣੇ ਦੇ ਚੌਂਕ ਘੰਟਾ ਘਰ ਵਿਚ ਖੜ੍ਹਾ ਹੈ, ਜਿਸ ਨੂੰ ਕਲਕੱਤੇ ਤੋਂ ਸਰਹੱਦ ਤੱਕ ਜਾਣ ਵਾਲੇ ਵਿਅਕਤੀ ਸਭ ਹੀ ਸਿਰ ਝੁਕਾ ਕੇ ਸ਼ਹੀਦ ਨੂੰ ਪ੍ਰਣਾਮ ਕਰਕੇ ਲੰਘਦੇ ਹਨ। ਕਈ ਪਿਆਰੇ ਫੁੱਲਾਂ ਦੇ ਹਾਰ ਪਹਿਨਾ ਜਾਂਦੇ ਹਨ। ਗੱਲ ਕੀ ਇਸ ਪੁਸਤਕ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਉਪਲਬਧ ਦਸਤਾਵੇਜ਼ਾਂ ਤੇ ਆਧਾਰਤ ਜਾਣਕਾਰੀ ਪੇਸ਼ ਹੈ ਪਰ ਅਜੇ ਵੀ ਉਨ੍ਹਾਂ ਦੇ ਜੀਵਨ ਦੇ ਬਹੁਤ ਸਾਰੇ ਹੋਰ ਪੱਖਾਂ ਤੇ ਚਾਨਣ ਪਾਉਣ ਲਈ ਹੋਰ ਡੂੰਘੇਰੀ ਖੋਜ ਦੀ ਲੋੜ ਹੈ। ਜਿਨ੍ਹਾਂ ਪ੍ਰਕਾਸ਼ਨਾਵਾਂ ਤੋਂ ਅਸੀਂ ਪੁਸਤਕ ਵਿਚ ਸ਼ਾਮਲ ਕਰਨ ਲਈ ਲੇਖ ਤੇ ਹੋਰ ਰਚਨਾਵਾਂ ਲਈਆਂ ਹਨ, ਅਸੀਂ ਉਨ੍ਹਾਂ ਦੇ ਅਤਿ ਧੰਨਵਾਦੀ ਹਾਂ।

– ਸੰਪਾਦਕ

# ਗ਼ਦਰ ਪਾਰਟੀ

ਜਦੋਂ ਤੋਂ ਗੁਲਾਮੀ ਨਾਂ ਦਾ ਸ਼ਬਦ ਸੰਸਾਰ ਵਿਚ ਆਇਆ ਹੈ, ਉਦੋਂ ਤੋਂ ਹੀ ਇਸ ਦੇ ਵਿਰੁੱਧ ਕੁਰਬਾਨੀਆਂ ਹੁੰਦੀਆਂ ਆਈਆਂ ਹਨ। ਸੋਲ੍ਹਵੀਂ ਅਤੇ ਸਤਾਰਵੀਂ ਸਦੀ ਵਿਚ ਵਪਾਰ ਦੇ ਬੁਰਕੇ ਵਿਚ ਲੁਕ ਕੇ ਕੁਝ ਯੂਰਪੀਨ ਕੌਮਾਂ ਏਸ਼ੀਆ ਅਤੇ ਅਫਰੀਕਾ ਵੱਲ ਨੂੰ ਆਈਆਂ। ਜਲਦੀ ਹੀ ਆਪਣੀ ਇਸ 'ਵਪਾਰਕ' ਸੂਝ ਅਤੇ ਸਿਆਣਪ ਨਾਲ ਇਹਨਾਂ ਇਲਾਕਿਆਂ ਤੇ ਕਬਜ਼ਾ ਕਰ ਲਿਆ ਅਤੇ ਇਹਨਾਂ ਨੂੰ ਗੁਲਾਮ ਬਣਾ ਕੇ ਇਹਨਾਂ ਨਾਲ ਵਪਾਰ ਕਰਨ ਲੱਗੇ। ਭਾਰਤ ਵਿਚ ਵੀ ਇਕ ਪਾਸੇ ਗੁਲਾਮੀ ਦੀਆਂ ਜ਼ੰਜੀਰਾਂ ਕੱਸੀਆਂ ਜਾ ਰਹੀਆਂ ਸਨ ਦੂਸਰੇ ਪਾਸੇ ਇਸ ਗੁਲਾਮੀ ਦੇ ਵਿਰੁੱਧ ਸੰਗਰਾਮ ਵੀ ਧੁਖ ਰਿਹਾ ਸੀ। ਇਹ ਸੰਗਰਾਮ 1857 ਵਿਚ ਭਾਂਬੜ ਬਣ ਕੇ ਬਲ ਉਠਿਆ। ਕੁਝ ਇਕ ਕਾਰਨਾਂ ਕਰਕੇ ਇਹ ਸੰਗਰਾਮ ਕਾਮਯਾਬ ਨਾ ਹੋ ਸਕਿਆ।

ਵਿਦੇਸ਼ੀ ਗੁਲਾਮੀ ਦੇ ਵਿਰੁੱਧ ਲਹਿਰਾਂ ਉਠਦੀਆਂ ਰਹੀਆਂ। 1914-15 ਵਿਚ ਇਕ ਹੋਰ ਬੜੀ ਜਬਰਦਸਤ ਕੋਸ਼ਿਸ਼ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਦੀ ਕੀਤੀ ਗਈ। ਇਹ ਕੋਸ਼ਿਸ਼ ਮੁਖ ਰੂਪ ਵਿਚ ਅਮਰੀਕਾ ਅਤੇ ਕੈਨੇਡਾ ਗਏ ਭਾਰਤੀਆਂ ਨੇ ਕੀਤੀ। ਇਸ ਲਹਿਰ ਦਾ ਨਾਂ 'ਗ਼ਦਰ ਪਾਰਟੀ' ਸੀ।

ਇਸ ਸਦੀ ਦੇ ਸ਼ੁਰੂ ਵਿਚ ਬਹੁਤ ਸਾਰੇ ਭਾਰਤੀ ਆਰਥਿਕ ਮਜਬੂਰੀਆਂ ਕਰਕੇ ਫੌਜਾਂ ਵਿਚ ਭਰਤੀ ਹੋਣ ਅਤੇ ਮਲਾਇਆ ਸਿੰਘਾਪੁਰ ਆਦਿ ਟਾਪੂਆਂ ਵਿਚ ਜਾ ਕੇ ਮਜ਼ਦੂਰੀ ਕਰਨ ਲਈ ਮਜਬੂਰ ਹੋ ਗਏ। ਟਾਪੂਆਂ ਵਿਚ ਜਾ ਕੇ ਸਮੁੰਦਰੋਂ ਪਾਰ ਆਉਣ ਵਾਲੇ ਮੁਸਾਫਰਾਂ ਅਤੇ ਮਲਾਹਾਂ ਕੋਲੋਂ ਪਤਾ ਲੱਗਾ ਕਿ ਅਮਰੀਕਾ ਅਤੇ ਕੇਨੇਡਾ ਵਿਚ ਇਹਨਾਂ ਟਾਪੂਆਂ ਨਾਲੋਂ ਮਜ਼ਦੂਰੀ ਜ਼ਿਆਦਾ ਮਿਲਦੀ ਹੈ ਇਸ ਕਰਕੇ ਬਹੁਤ ਸਾਰੇ ਭਾਰਤੀ ਅਮਰੀਕਾ ਅਤੇ ਕੈਨੇਡਾ ਨੂੰ ਜਾਣੇ ਸ਼ੁਰੂ ਹੋ ਗਏ। ਉਥੇ ਜਾਕੇ ਇਹਨਾਂ ਭਾਰਤੀਆਂ ਨੇ ਆਪਣੇ ਹੋਰ ਮਿੱਤਰ ਅਤੇ ਸੰਬੰਧੀ ਵੀ ਬੁਲਾਉਣੇ ਸ਼ੁਰੂ ਕਰ ਦਿੱਤੇ।

ਇਸ ਨਾਲ ਹੀ ਕੁਝ ਪੜ੍ਹੇ ਲਿਖੇ ਗਰੀਬ ਵਿਦਿਆਰਥੀ ਅਮਰੀਕਾ ਵਿਚ ਇਸ ਲਾਲਚ ਨੂੰ ਜਾਣ ਲੱਗ ਪਏ ਕਿ ਇਕ ਤਾਂ ਉਥੇ ਜਾ ਕੇ ਉਚੇਰੀ ਵਿੱਦਿਆ ਪ੍ਰਾਪਤ ਕੀਤੀ ਜਾਵੇਗੀ ਅਤੇ ਦੂਸਰੇ ਪੈਸੇ ਕਮਾਏ ਜਾਣਗੇ। ਸਵਾਮੀ ਰਾਮ ਤੀਰਥ ਅਤੇ ਸਵਾਮੀ ਵਿਵੇਕਾਨੰਦ ਨੇ ਵੀ ਭਾਰਤੀਆਂ ਨੂੰ ਪ੍ਰੇਰਿਆ ਕਿ ਉਹ ਅਮਰੀਕਾ ਜਾਣ ਕਿਉਂਕਿ ਉਥੇ ਸਨਅਤੀ ਵਿੱਦਿਆ ਸਿੱਖਣ ਦੇ ਬੜੇ

ਵਸੀਲੇ ਹਨ ਅਤੇ ਮਜ਼ਦੂਰੀ ਵੀ ਜ਼ਿਆਦਾ ਮਿਲਦੀ ਹੈ। ਇਸ ਤੋਂ ਇਲਾਵਾ ਅਮਰੀਕੀ ਸਰਮਾਏਦਾਰ ਵੀ ਹਿੰਦ ਵਿਚ ਪੈਰ ਟਿਕਾਉਣਾ ਚਾਹੁੰਦਾ ਸੀ। ਇਸ ਲਈ ਉਹਨਾਂ ਨੇ ਇਕ "ਇੰਡੋ ਅਮਰੀਕਨ ਸੁਸਾਇਟੀ" ਬਣਾਈ। ਉਹਨਾਂ ਦਿਨਾਂ ਵਿਚ ਭਾਰਤ ਵਿਚੋਂ ਅਮੀਰਾਂ ਦੇ ਬੱਚੇ ਇੰਗਲੈਂਡ ਪੜ੍ਹਨ ਜਾਂਦੇ ਸਨ, ਅਮਰੀਕਾ ਨਹੀਂ। ਇਸ ਤਰ੍ਹਾਂ ਭਾਰਤ ਵਿਚੋਂ ਗਰੀਬ ਮਜ਼ਦੂਰ ਅਤੇ ਗਰੀਬ ਵਿਦਿਆਰਥੀ ਹੀ ਬਹੁਤੇ ਅਮਰੀਕਾ ਅਤੇ ਕੈਨੇਡਾ ਨੂੰ ਗਏ।

ਅਮਰੀਕਾ ਨੂੰ ਜਾਣਾ 1903 ਵਿਚ ਸ਼ੁਰੂ ਹੋਇਆ। ਉਹਨਾਂ ਦਿਨਾਂ ਵਿਚ, ਜਦੋਂ ਇਹ ਲੋਕ ਜਾਣ ਲੱਗੇ, ਅਮਰੀਕਾ ਅਤੇ ਕੈਨੇਡਾ ਦਾ ਪੱਛਮੀ ਹਿੱਸਾ ਅਜੇ ਆਬਾਦ ਹੋ ਰਿਹਾ ਸੀ। ਬੇਆਬਾਦ ਜੰਗਲ ਕੱਟ ਕੇ ਸਾਫ਼ ਕੀਤੇ ਜਾ ਰਹੇ ਸਨ। ਰੇਲਾਂ ਵਿਛਾਈਆਂ ਜਾ ਰਹੀਆਂ ਸਨ, ਕਾਰਖਾਨਿਆਂ ਦੀ ਉਸਾਰੀ ਕੀਤੀ ਜਾ ਰਹੀ ਸੀ। ਇਹਨਾਂ ਸਾਰੇ ਕੰਮਾਂ ਲਈ ਸਸਤੀ ਪਰ ਜਾਨ ਹੂਲਵੀਂ ਮਿਹਨਤ ਦੀ ਲੋੜ ਸੀ। ਇਸ ਲੋੜ ਨੂੰ ਭਾਰਤੀ, ਚੀਨੀ ਅਤੇ ਜਾਪਾਨੀ ਮਜ਼ਦੂਰਾਂ ਨੇ ਪੂਰਾ ਕੀਤਾ।

ਕਈ ਉਘੇ ਦੇਸ਼ ਭਗਤ ਵੀ ਚੋਰੀ ਛੁੱਪੇ ਭਾਰਤ ਵਿਚੋਂ ਅਮਰੀਕਾ ਨੂੰ ਜਾਣ ਲੱਗ ਪਏ। ਉਹਨਾਂ ਵਿਚ ਮੁੱਖ ਸਨ–ਗੁਪਾਲ ਸਿੰਘ, ਅਮਰ ਸਿੰਘ, ਰਾਮਨਾਥ ਪੁਰੀ, ਠਾਕਰਦਾਸ ਧੂਰੀ, ਮੌਲਵੀ ਬਰਕਤ ਉਲਾਹ, ਸ੍ਰੀ ਤਾਰਕਨਾਥ ਜੀ, ਖਾਨਖੋਜੀ ਅਤੇ ਸੁਰੇਂਦਰ ਮੋਹਣ ਬੋਸ ਆਦਿ। ਇਹਨਾਂ ਦੇਸ਼ ਭਗਤਾਂ ਅਤੇ ਵਿਦਿਆਰਥੀਆਂ ਦੀ ਸਹਾਇਤਾ ਲਈ ਅਮਰੀਕਾ ਵਿਚ ਇੰਡੀਆ ਹਾਊਸ ਬਣਾਇਆ ਗਿਆ। ਦੇਸ਼ ਭਗਤ ਅਮਰੀਕਾ ਵਿਚ ਆ ਕੇ ਵਿਹਲੇ ਨਹੀਂ ਬੈਠੇ। ਉਹ ਵਿਦਿਆਰਥੀਆਂ ਅੰਦਰ ਅਤੇ ਦੂਸਰੇ ਮਜ਼ਦੂਰ ਹਿੰਦੀਆਂ ਅੰਦਰ ਪ੍ਰਚਾਰ ਕਰਨ ਲੱਗੇ। ਭਾਰਤੀ ਦੇਸ਼ ਭਗਤਾਂ ਦਾ ਮੇਲ ਰੂਸੀ ਅਤੇ ਆਇਰਲੈਂਡ ਦੇ ਇਨਕਲਾਬੀਆਂ ਨਾਲ ਵੀ ਹੋਇਆ।

ਹੌਲੀ ਹੌਲੀ ਭਾਰਤੀਆਂ ਦੇ ਪੈਰ ਟਿਕਣੇ ਸ਼ੁਰੂ ਹੋ ਗਏ। ਉਹਨਾਂ ਵਿਚੋਂ ਕੁਝ ਨੇ ਕੰਮ ਠੇਕੇ ਤੇ ਲੈਣੇ ਸ਼ੁਰੂ ਕਰ ਦਿੱਤੇ ਜਿੱਥੇ ਛੁੱਟੀਆਂ ਵਿਚ ਵਿਦਿਆਰਥੀ ਕੰਮ ਕਰਦੇ ਸਨ। 1911 ਦੇ ਲਾਗੇ ਜਾ ਕੇ ਭਾਰਤੀ ਆਪਣੀਆਂ ਆਪਣੀਆਂ ਕੰਮ ਦੀਆਂ ਟੋਲੀਆਂ ਵਿਚ ਅਤੇ ਐਤਵਾਰ ਦੇ ਇਕੱਠਾਂ ਵਿਚ ਆਪਣੇ ਨਾਲ ਵਾਪਰ ਰਹੀਆਂ ਘਟਨਾਵਾਂ ਬਾਰੇ ਸੋਚ ਵਿਚਾਰ ਕਰਨ ਲੱਗੇ। ਦੇਸ਼ ਭਗਤਾਂ ਦੇ ਪ੍ਰਚਾਰ ਅਤੇ ਸਾਂਝੀਆਂ ਮਿਲਣੀਆਂ ਤੋਂ ਇਲਾਵਾ ਕੁਝ ਕੁ ਇਨਕਲਾਬੀ ਸਾਹਿਤ ਵੀ ਹਿੰਦੁਸਤਾਨੀ ਬੋਲੀਆਂ ਵਿਚ ਫੈਲਣ ਲੱਗਾ। ਜਿਵੇਂ, 'ਅਮਰੀਕਾ ਵਿਚ ਆ ਕੇ ਵੱਸੇ ਹੋਏ ਹਿੰਦੀ ਤੇ ਅਫਗਾਨੀ ਵਸਨੀਕਾਂ ਦਾ ਫੌਜੀ ਸਿਪਾਹੀਆਂ ਦੇ ਨਾਂ ਖ਼ਤ' 'ਖਾਲਸਾ' 'ਆਜ਼ਾਦੀ ਸਰਕੂਲਰ', 'ਮਾਰੋ ਫਰੰਗੀ ਕੋ', 'ਭਾਈ ਬੰਦ' ਆਦਿਕ। ਲਾਲਾ ਹਰਦਿਆਲ ਨੇ ਵੀ ਆਪਣੇ ਸੁਲਝੇ ਹੋਏ ਵਿਚਾਰਾਂ ਰਾਹੀਂ ਵਿਦਿਆਰਥੀਆਂ ਅਤੇ ਹਿੰਦੀਆਂ ਦਾ ਮੁਹਾਣ ਕੌਮੀ ਲਹਿਰ ਵੱਲ ਮੋੜਿਆ।

## ਕੈਨੇਡਾ ਵਿਚ

ਅਮਰੀਕਾ ਵਿਚ ਹਿੰਦੁਸਤਾਨੀ ਬਿਨਾਂ ਕਿਸੇ ਰੋਕ ਟੋਕ ਦੇ ਜਾ ਸਕਦੇ ਸਨ। ਨਾਲ ਲਗਦੇ ਕੈਨੇਡਾ ਵਿਚ ਸ਼ੁਰੂ ਵਿਚ ਤਾਂ ਭਾਰਤੀ ਖੁਲ੍ਹੇ ਆਮ ਜਾਂਦੇ ਰਹੇ। ਪਰ ਜਲਦੀ ਹੀ ਭਾਰਤੀਆਂ ਦੇ ਉਥੇ ਜਾਣ ਤੇ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਕੈਨੇਡਾ ਅੰਗਰੇਜ਼ਾਂ ਦੇ ਅਧੀਨ ਸੀ। ਕੈਨੇਡਾ ਵਿਚ ਭਾਰਤੀਆਂ ਨਾਲ ਬੜਾ ਔਰਖਾ ਭਰਪੂਰ ਵਰਤਾਉ ਕੀਤਾ ਜਾਂਦਾ। ਉਥੇ ਬੜੀ ਵੱਡੀ ਲਹਿਰ ਇਸ ਵਰਤਾਉ ਵਿਰੁੱਧ ਛੁੱਟ ਪਈ। ਅੰਗਰੇਜ਼ਾਂ ਨੇ ਭਾਰਤੀਆਂ ਨੂੰ ਕੈਨੇਡਾ ਜਾਣ ਤੋਂ ਡੱਕਣ ਲਈ 'ਸੱਪ ਵੀ ਮਰ ਜਾਏ ਅਤੇ ਲਾਠੀ ਵੀ ਨਾ ਟੁੱਟੇ' ਵਾਲੀ ਨੀਤੀ ਤੇ ਅਮਲ ਕੀਤਾ। ਉਹਨਾਂ ਕਾਨੂੰਨ ਬਣਾ ਦਿੱਤਾ ਕਿ ਕੋਈ ਵੀ ਭਾਰਤੀ ਆਪਣਾ ਪ੍ਰਵਾਰ ਨਹੀਂ ਮੰਗਵਾ ਸਕਦਾ। ਇਸ ਤੋਂ ਇਲਾਵਾ ਕੋਈ ਵੀ ਭਾਰਤੀ, ਜਿਸ ਦਾ ਜਹਾਜ਼ ਸਿੱਧਾ ਬਿਨਾ ਰਸਤੇ ਵਿਚ ਕਿਸੇ ਥਾਂ ਰੁਕਿਆਂ, ਕੈਨੇਡਾ ਪੁੱਜੇਗਾ ਉਸ ਨੂੰ ਉਤਰਨ ਦੀ ਆਗਿਆ ਦਿੱਤੀ ਜਾਵੇਗੀ। ਪਰ ਉਸ ਸਮੇਂ ਕੋਈ ਕੰਪਨੀ ਸਿੱਧੇ ਜਹਾਜ਼ ਨਹੀਂ ਚਲਾਉਂਦੀ ਸੀ। ਬਾਬਾ ਗੁਰਦਿੱਤ ਸਿੰਘ ਨੇ 'ਕਾਮਾਗਾਟਾ ਮਾਰੂ' ਜਹਾਜ਼ ਕਿਰਾਏ ਤੇ ਲਿਆ। ਪਰ ਫਿਰ ਵੀ ਜਹਾਜ਼ ਨੂੰ ਵੈਨਕੂਵਰ ਦੀ ਬੰਦਰਗਾਹ ਤੇ ਨਾ ਲੱਗਣ ਦਿੱਤਾ ਗਿਆ ਅਤੇ ਉਸ ਨੂੰ ਸਮੁੰਦਰ ਵਿਚ ਘੇਰ ਕੇ ਉਸ ਵਿਚਲੇ ਮੁਸਾਫਰਾਂ ਨੂੰ ਭੁੱਖੇ ਅਤੇ ਪਿਆਸੇ ਮਾਰਿਆ। ਹੋਰ ਵੀ ਬਹੁਤ ਸਾਰੇ ਜ਼ੁਲਮ ਉਨ੍ਹਾਂ ਯਾਤਰੂਆਂ ਤੇ ਕੀਤੇ ਗਏ। ਜਹਾਜ਼ ਨੂੰ ਵਾਪਸ ਮੁੜਨਾ ਪਿਆ। ਇਸ ਜ਼ੁਲਮ ਤੋਂ ਜਹਾਜ਼ ਵਿਚਲੇ ਮੁਸਾਫਰਾਂ ਨੇ ਇਹ ਫੈਸਲਾ ਕਰ ਲਿਆ ਕਿ ਹੁਣ ਭਾਰਤ ਵਾਪਸ ਜਾ ਕੇ ਅੰਗਰੇਜ਼ਾਂ ਕੋਲੋਂ ਇਸ ਜ਼ੁਲਮ ਦਾ ਬਦਲਾ ਲੈ ਕੇ ਹੀ ਸਾਹ ਲਵਾਂਗੇ। ਉਹਨਾਂ ਦੀ ਆਪਣੀ ਜ਼ਬਾਨੀ ਸੁਣੋ:-

ਸਾਡੇ ਵੀਰਨੋ ਤੁਸਾਂ-ਬੇਖਬਰ ਰਹਿਣਾ ਅਸੀਂ ਆਪਣੇ ਹੱਥ ਵਿਖਾ ਦਿਆਂਗੇ।
ਜਿਵੇਂ ਅਸਾਂ ਨੂੰ ਇੰਨੀ ਤਕਲੀਫ ਦਿੱਤੀ, ਫਲ ਏਸਦਾ ਅਸੀਂ ਚਖਾ ਦਿਆਂਗੇ।
ਸਿੱਧਾਂ ਕੀਤੀਆਂ ਅਸਾਂ ਨੇ ਦੇਸ਼ ਵਲੀਂ, ਚਲਕੇ ਮੁਲਕ ਅੰਦਰ ਡੇਰਾ ਲਾ ਦਿਆਂਗੇ।
ਚੁਪ ਚਾਪ ਨਹੀਂ ਬੈਠਦੇ ਵੇਖ ਲੈਣਾ, ਆਫਤ ਕੋਈ ਨਾ ਕੋਈ ਲਿਆ ਦਿਆਂਗੇ।
ਅਸੀਂ ਤਲੀ ਪਰ ਰੱਖਿਆ ਸੀਸ ਆਪਣਾ, ਕੇਰਾਂ ਹਿੰਦ ਵਿਚ ਗ਼ਦਰ ਮਚਾ ਦਿਆਂਗੇ।
ਜੀਉਂਦੀ ਜਾਨ ਨਹੀਂ ਹਟਦੇ ਪਿਛਾਂਹ ਕਦੇ, ਜਿੰਨਾ ਜ਼ੋਰ ਲੱਗੂ ਵਾਹ ਲਾ ਦਿਆਂਗੇ।
ਕਰਦੇ ਮਿੰਨਤ ਨਹੀਂ ਅਸੀਂ ਬਦਮਾਸ਼ ਦੀ ਹੁਣ, ਡੰਡਾ ਮਾਰਕੇ ਮੂੰਹ ਭਵਾਂ ਦਿਆਂਗੇ।
ਧਨ ਲੱਗ ਚੁੱਕਾ, ਮਨ ਬੀ ਹਈ ਇਥੇ, ਰਹਿੰਦਾ ਸੀਸ ਬਾਕੀ ਇਹ ਭੀ ਲਾ ਦਿਆਂਗੇ।
ਹੁਣ ਨਹੀਂ ਵਫਾਦਾਰੀ ਵਾਲੇ ਗੀਤ ਗੌਂਦੇ, ਚਲ ਦੇਸ਼ ਅੰਦਰ ਰੌਲਾ ਪਾ ਦਿਆਂਗੇ।
ਕੰਨੋ ਫੜ ਜਦ ਗੋਰੇ ਬਾਹਰ ਕੱਢੇ, ਅਸੀਂ ਆਪਣਾ ਜ਼ੋਰ ਦਿਖਾ ਦਿਆਂਗੇ।
ਮੁਸਲਮਾਨ ਹਿੰਦੂ ਜਿਵੇਂ ਪਾੜ ਮਾਰੇ, ਜਲਦੀ ਪਤਾ ਫਰੰਗੀ ਨੂੰ ਲਾ ਦਿਆਂਗੇ।

ਉਠੋ ਹਿੰਦੀਉ। ਤਿਆਰ ਬਰ ਤਿਆਰ ਹੋ ਜਾਓ, ਅਸੀਂ ਆਪਣੀ ਡੀਊਟੀ ਵਜਾ ਦਿਆਂਗੇ।
'ਦੁਖੀ' ਮਿਟਣ ਵਾਲੇ ਨਹੀਂ ਦਾਗ਼ ਸਾਡੇ, ਕੌਂਚੇ ਸੁਖਨ ਜ਼ਬਾਨੋ ਨਿਭਾ ਦਿਆਂਗੇ।

('ਗ਼ਦਰ ਦੀ ਗੂੰਜ' ਵਿਚੋਂ)

ਜਹਾਜ਼ ਵਾਪਸ ਕਲਕੱਤੇ ਪੁੱਜਣ ਤੇ ਬਜ ਬਜ ਦੇ ਘਾਟ ਤੇ ਜਹਾਜ਼ ਨੂੰ ਘੇਰ ਲਿਆ ਗਿਆ। ਜਿੱਥੇ ਮੁਸਾਫ਼ਰਾਂ ਤੇ ਗੋਲੀਆਂ ਦਾ ਮੀਂਹ ਵਰਸਾਇਆ ਗਿਆ। ਬਹੁਤ ਸਾਰੇ ਮੁਸਾਫ਼ਰ ਮਾਰੇ ਗਏ, ਬਹੁਤ ਸਾਰੇ ਫੜ ਲਏ ਗਏ ਅਤੇ ਕੁਝ ਕੁ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਇਸ ਤਰ੍ਹਾਂ ਕੈਨੇਡਾ ਵਿਚਲੇ ਜ਼ੁਲਮ, ਅਮਰੀਕਾ ਵਿਚ ਦੇਸ਼ ਭਗਤਾਂ ਦੇ ਪ੍ਰਚਾਰ, ਅਮਰੀਕੀ ਆਜ਼ਾਦ ਜੀਵਨ ਦਾ ਭਾਰਤ ਵਿਚਲੇ ਗੁਲਾਮ ਜੀਵਨ ਨਾਲ ਮੁਕਾਬਲਾ ਅਤੇ ਅਮਰੀਕਨਾਂ ਦੇ ਤਾਹਨਿਆਂ ਨੇ ਭਾਰਤੀਆਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਦੇਸ਼ ਦੀ ਆਜ਼ਾਦੀ ਲਈ ਲੜਨ। ਉਹਨਾਂ ਨੂੰ ਪਤਾ ਲੱਗ ਗਿਆ ਕਿ ਗੁਲਾਮ ਦੀ ਦੁਰਦਸ਼ਾ ਕੀ ਹੁੰਦੀ ਹੈ:-

ਕਤਲੇ-ਆਮ ਕੀਤੀ ਜਦ ਪਾਜ਼ੀਆਂ ਦੀ ਤਦੋਂ ਜ਼ੁਲਮ ਦਾ ਸਬਕ ਸਿਖਾ ਦਿਆਂਗੇ।
ਜਬਾਂ ਕੱਟ ਫਰੰਗ ਦੀ ਸੁੱਟ ਦੇਈਏ, ਕਾਲੇ ਲੋਕ ਤੁਮ ਕਹਿਣ ਹਟਾ ਦਿਆਂਗੇ।
ਜਿਨਾ ਅੱਜ ਸਾਡੇ ਨਾਲ ਜ਼ੁਲਮ ਹੋਇਆ, ਗਿਣ ਗਿਣ ਦੁਨਿਆਂ ਨੂੰ ਬਿਲੇ ਲਾ ਦਿਆਂਗੇ।
ਸਾਨੂੰ ਕਸਮ ਸਰੀਰ ਦੀ ਹਿੰਦ ਵੀਰੋ, ਜਿੰਨਾ ਜ਼ੁਲਮ ਹੋਇਆ ਵੱਟਾ ਲਾਹ ਦਿਆਂਗੇ।
ਹਿੰਦੀ ਮਰੇ ਨਹੀਂ ਅਜੇ ਹੈ ਜਿੰਦ ਬਾਕੀ, ਸਾਰੇ ਜੱਗ ਨੂੰ ਸਾਫ ਦਿਖਲਾ ਦਿਆਂਗੇ।
ਨਹੀਂ ਬਾਪ ਦਾਦੇ ਵਾਲਾ ਖ਼ੂਨ ਸੁਕਾ, ਵੀਰੋ ਪਤਾ ਫਰੰਗ ਨੂੰ ਲਾ ਦਿਆਂਗੇ।
ਸਾਨੂੰ ਵਿਚ ਮੈਦਾਨ ਦੇ ਖੜੇ ਸਮਝੋ, ਪਾਜੀ ਬੱਕਰੇ ਵਾਂਗ ਝਟਕਾ ਦਿਆਂਗੇ।
ਮੁਸਲਮਾਨ ਹਿੰਦੂ ਸਿੱਖ ਰਲ ਸਾਰੇ, ਬੇਈਮਾਨ ਦਾ ਤੁਖਮ ਮਿਟਾ ਦਿਆਂਗੇ।
ਅਸੀਂ ਜੀਊਂਦੇ ਹਾਂ ਬੱਚੇ ਗਾਜ਼ੀਆਂ ਦੇ, ਬਦਲਾ ਤੁਰਕੀ ਇਰਾਨ ਦਾ ਲਾ ਦਿਆਂਗੇ।

ਮਾਰਚ 1913 ਦੇ ਦੂਸਰੇ ਹਫ਼ਤੇ ਵਿਚ ਇਕ ਮੀਟਿੰਗ ਸੈਂਟ ਜੋਨ ਵਿਚ ਕੀਤੀ ਗਈ ਜਿਸ ਵਿਚ ਹੇਠ ਲਿਖੇ ਫੈਸਲੇ ਸਰਬ ਸੰਮਤੀ ਨਾਲ ਲਏ ਗਏ:-

1. 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ' ਦੇ ਨਾਂ ਵਿਚ ਥੋੜੀ ਤਬਦੀਲੀ ਕਰਕੇ ਨਵਾਂ ਨਾਂ 'ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ' ਰਖਿਆ ਗਿਆ।
2. ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣਾ ਅਤੇ ਆਜ਼ਾਦੀ ਦੇ ਪਿਛੋਂ ਆਜ਼ਾਦੀ ਤੇ ਬਰਾਬਰੀ ਦੇ ਆਧਾਰ ਤੇ ਲੋਕ ਰਾਜ ਸਥਾਪਤ ਕਰਨਾ।
3. ਪਾਰਟੀ ਦਾ ਇਕ ਹਫ਼ਤਾਵਾਰ ਅਖਬਾਰ ਹਿੰਦ ਦੀਆਂ ਜ਼ਬਾਨਾਂ ਵਿਚ ਨਿਕਲੇਗਾ ਜਿਸ ਦਾ ਨਾਂ 1857 ਦੀ ਯਾਦ ਵਿਚ 'ਗ਼ਦਰ' ਅਖਬਾਰ ਹੋਵੇਗਾ। (ਇਸੇ ਅਖ਼ਬਾਰ ਕਰਕੇ ਹੀ ਬਾਅਦ ਵਿਚ ਪਾਰਟੀ ਦਾ ਨਾਂ 'ਗ਼ਦਰ ਪਾਰਟੀ' ਪੈ ਗਿਆ)।

4. ਪਾਰਟੀ ਦਾ ਦਫ਼ਤਰ ਸਾਨਫਰਾਂਸਿਸਕੋ (ਕੈਲੀਫੋਰਨੀਆ) ਵਿਚ ਹੋਵੇਗਾ।

5. ਜਥੇਬੰਦੀ ਦੀ ਚੋਣ ਹਰ ਸਾਲ ਹੋਇਆ ਕਰੇਗੀ।

6. ਹਰ ਇਕ ਕਾਰਖਾਨੇ ਜਾਂ ਖੇਤਾਂ ਵਿਚ ਕੰਮ ਕਰਨ ਵਾਲੀ ਹਿੰਦੀ ਮਜ਼ਦੂਰਾਂ ਦੀ ਹਰ ਟੋਲੀ ਵਿਚ ਇਕ ਸਥਾਨਕ ਕਮੇਟੀ ਹੋਵੇਗੀ ਜੋ ਸਿੱਧੀ ਇੰਤਜ਼ਾਮੀਆ ਕਮੇਟੀ ਨਾਲ ਸੰਬੰਧਤ ਹੋਵੇਗੀ।

7. ਸਥਾਨਕ ਕਮੇਟੀਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਇਕ ਕੇਂਦਰੀ ਕਮੇਟੀ ਹੋਵੇਗੀ ਜੋ ਦਫ਼ਤਰ ਅਖਬਾਰ ਅਤੇ ਦੂਜੇ ਖੁੱਲ੍ਹੇ ਕੰਮਾਂ ਨੂੰ ਚਲਾਵੇਗੀ।

8. ਇੰਤਜ਼ਾਮੀਆ ਕਮੇਟੀ ਆਪਣੇ ਵਿਚੋਂ ਤਿੰਨਾਂ ਮੈਂਬਰਾਂ ਦਾ ਇਕ ਕਮਿਸ਼ਨ ਚੁਣੇਗੀ ਜਿਸ ਦੇ ਹੱਥਾਂ ਵਿਚ ਪਾਰਟੀ ਦਾ ਖੁਫ਼ੀਆ ਕੰਮ ਤੇ ਹੋਰ ਖੁਫੀਆ ਜ਼ਿੰਮੇਵਾਰੀਆਂ ਹੋਣਗੀਆਂ।

9. ਹਰ ਮੈਂਬਰ ਘੱਟੋ ਘੱਟ ਇਕ ਡਾਲਰ ਮਹੀਨਾ ਚੰਦਾ ਦਿਆ ਕਰੇਗਾ।

10. ਪਾਰਟੀ ਵਿਚ ਮਜ਼ਹਬੀ ਵਾਦ ਵਿਵਾਦ ਦੀ ਕੋਈ ਥਾਂ ਨਹੀਂ ਹੋਵੇਗੀ। ਮਜ਼ਹਬ ਹਰ ਇਕ ਦਾ ਨਿੱਜੀ ਅਕੀਦਾ ਹੋਵੇਗਾ।

11. ਪਾਰਟੀ ਦੇ ਹਰ ਸਿਪਾਹੀ ਦਾ ਇਹ ਫਰਜ਼ ਹੋਵੇਗਾ ਕਿ ਉਹ ਚਾਹੇ ਦੁਨੀਆਂ ਦੇ ਕਿਸੇ ਕੋਨੇ ਵਿਚ ਵੀ ਹੋਵੇ, ਜੇਕਰ ਉਥੇ ਆਜ਼ਾਦੀ ਦੀ ਲੜਾਈ ਸ਼ੁਰੂ ਹੋਵੇ ਤਾਂ ਗੁਲਾਮੀ ਦੇ ਵਿਰੁੱਧ ਅਤੇ ਆਜ਼ਾਦੀ ਦੇ ਹੱਕ ਵਿਚ ਹਿੱਸਾ ਲਵੇ।

12. ਪਾਰਟੀ ਦੇ ਦਫ਼ਤਰ, ਪਰੈੱਸ, ਅਖ਼ਬਾਰ ਜਾਂ ਪਿੰਡਾਂ ਵਿਚ ਕੰਮ ਕਰਨ ਵਾਲੇ ਕਿਸੇ ਮੈਂਬਰ ਨੂੰ ਤਨਖ਼ਾਹ ਨਹੀਂ ਮਿਲੇਗੀ। ਬਰਾਬਰੀ ਦੇ ਆਧਾਰ ਤੇ ਰੋਟੀ ਕਪੜਾ ਪਾਰਟੀ ਦੇ ਸਾਂਝੇ ਲੰਗਰ ਤੇ ਸਟੋਰ ਤੋਂ ਮਿਲੇਗਾ।

13. ਅਖ਼ਬਾਰ ਦਾ ਕੋਈ ਚੰਦਾ ਨਹੀਂ ਹੋਵੇਗਾ ਅਤੇ ਅਖ਼ਬਾਰ ਮੁਫਤ ਵੰਡਿਆ ਜਾਵੇਗਾ।

ਪਰੈੱਸ ਲਾ ਲਈ ਗਈ। ਬਹੁਤ ਸਾਰੇ ਨੌਜਵਾਨ ਪੜ੍ਹਾਈ ਅਤੇ ਕੰਮ ਛੱਡ ਅਖ਼ਬਾਰ ਵਿਚ ਕੰਮ ਕਰਨ ਲੱਗ ਪਏ। 'ਗ਼ਦਰ' ਅਖ਼ਬਾਰ ਅਤੇ 'ਗ਼ਦਰ ਦੀਆਂ ਗੂੰਜਾਂ' ਨੇ ਪ੍ਰਦੇਸਾਂ ਵਿਚ ਵਸਦੇ ਹਿੰਦੀਆਂ ਨੂੰ ਹਲੂਣ ਕੇ ਜਗਾ ਦਿਤਾ। ਇਹਨਾਂ ਅਖ਼ਬਾਰਾਂ ਵਿਚ ਹੀ ਸਾਡਾ 'ਕਰਤਾਰ' ਦਿਨ ਰਾਤ ਕੰਮ ਕਰਿਆ ਕਰਦਾ ਸੀ। ਇਹਨਾਂ ਅਖ਼ਬਾਰਾਂ ਦੀ ਕਾਮਯਾਬੀ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਅਜੇ ਇਕ ਦੋ ਪਰਚੇ ਹੀ ਨਿਕਲੇ ਸਨ ਕਿ ਇਸ ਦੀ ਮੰਗ ਹਜ਼ਾਰਾਂ ਵਿਚ ਪਹੁੰਚ ਗਈ 'ਗ਼ਦਰ ਦੀਆਂ ਗੂੰਜਾਂ' ਤਾਂ ਮੁਰਦਾ ਦਿਲਾਂ ਨੂੰ ਹਲੂਣ ਦੇਂਦੀਆਂ ਸਨ। ਇਹਨਾਂ ਅਖ਼ਬਾਰਾਂ ਵਿਚ ਕੁਝ ਇਸ ਤਰ੍ਹਾਂ ਦੀ ਵੰਗਾਰ ਹੁੰਦੀ:—

## ਗੁਲਾਮ ਦੀ ਦੁਰਦਸ਼ਾ

ਜ਼ਰਾ ਗੌਰ ਸੇ ਸੋਚਣਾ ਵੀਰ ਮੇਰੇ, ਸਾਡੀ ਕਦਰ ਕਿਉਂ ਵਿਚ ਸਨਸਾਰ ਨਾਹੀਂ।
ਦੁਨੀਆਂ ਵਿਚ ਫਰੰਗੀਆਂ ਜੇਡ ਜ਼ਾਲਮ, ਭੈੜੀ ਦੂਸਰੀ ਹੋਰ ਸਰਕਾਰ ਨਾਹੀਂ।
ਜੀਹਨੂੰ ਆਪ ਸਰਕਾਰ ਕਹਿੰਦੇ, ਬਾਝੋਂ ਲੁੱਟ ਦੇ ਏਸ ਦੀ ਕਾਰ ਨਾਹੀਂ।
ਦੀਵਾ ਦਿਨੇ ਹੀ ਬਾਲਕੇ ਲੁੱਟਦੀ ਹੈ, ਹੁੰਦੇ ਹਿੰਦ ਵਾਸੀ ਖ਼ਬਰਦਾਰ ਨਾਹੀਂ।
ਮਿੱਠਾ ਬੋਲਕੇ ਕੰਮ ਨੂੰ ਕੱਢ ਲੈਂਦੇ, ਗੋਰੀ ਕੌਮ ਇਹ ਕਿਸੇ ਦੀ ਯਾਰ ਨਾਹੀਂ।
ਚੋਰ ਆਪਣਾ ਅੱਜ ਮਾਲੂਮ ਹੋਇਆ, ਹੁੰਦੇ ਫੜਨ ਨੂੰ ਤੁਸੀਂ ਤਿਆਰ ਨਾਹੀਂ।
ਨਾਂਹੀ ਦੇਸ਼ ਨਾ ਤੁਸਾਂ ਦੀ ਨਸਲ ਰਹਿ ਸੀ, ਖਾਲੀ ਹੱਥ ਜੇ ਫੜੀ ਤਲਵਾਰ ਨਾਹੀਂ।
ਲੋਕੀਂ ਵੇਖ ਕੇ ਹਿੰਦ ਨੂੰ ਘੂਕ ਸੁੱਤਾ, ਬਣਦੇ ਤੁਸਾਂ ਦੇ ਮਦਦਗਾਰ ਨਾਹੀਂ।
ਸਗੋਂ ਦੇਖ ਸਾਨੂੰ ਪਰੇ ਦੁਰਕ ਦੇਂਦੇ ਅਤੇ ਆਖਦੇ ਇਹ ਖੁਦ ਮੁਖਤਾਰ ਨਾਹੀਂ।
ਅੱਖਾਂ ਮੀਟਿਆਂ ਰਾਜ ਨਹੀਂ ਹੱਥ ਆਉਣਾ ਜਿਚਰ ਖੜਕਦੀ ਜੰਗ ਤਲਵਾਰ ਨਾਹੀਂ।
ਜ਼ਾਲਮ ਰਹੀ ਸਰਕਾਰ ਜੇ ਦੇਸ਼ ਅੰਦਰ, ਸਾਡਾ ਜੀਵਣਾ ਕਿਸੇ ਦਰਕਾਰ ਨਾਹੀਂ।
ਬੱਚੇ ਗਾਜ਼ੀਆਂ ਦੇ ਮੁਸਲਮਾਨ ਕਿਥੇ, ਦਿਸਣ ਸੂਰਮੇ ਸਿੰਘ ਸਰਦਾਰ ਨਾਹੀਂ।
ਸੱਚ ਨਿਤਰੂ ਵਿਚ ਮੈਦਾਨ ਦੇ ਜੀ, ਬੇੜੀ ਪਾਪ ਦੀ ਲੰਘਣੀ ਪਾਰ ਨਾਹੀਂ।
ਉਦਮ ਨਾਲ ਹੁੰਦੇ ਸਭੇ ਕੰਮ ਪੂਰੇ, ਸੱਚੀ ਗੱਲ ਨੂੰ ਦਿਲੋਂ ਵਿਸਾਰ ਨਾਹੀਂ।
ਬਾਗ਼ੀ ਸਿੰਘ ਕਹਿੰਦਾ ਸਭੇ ਕੰਮ ਝੂਠੇ, ਹੋਣ ਗ਼ਦਰ ਦੇ ਬਾਝ ਛੁਟਕਾਰ ਨਾਹੀਂ।
('ਗ਼ਦਰ ਦੀ ਗੂੰਜਾਂ' ਵਿਚੋਂ)

## ਜਿਹੜੀ ਮਾਈ ਦੇ ਪੁਤ ਕਪੁਤ ਹੋਵਣ

"ਜਿਹੜੀ ਮਾਈ ਦੇ ਪੁਤ ਕਪੁਤ ਹੋਵਣ, ਧੱਕੇ ਠੋਕਰਾਂ ਦਰ ਦਰ ਖਾਂਵਦੀ ਏ।"
ਬਾਗ਼ ਮੇਲਿਆਂ ਟਹਿਕਦੇ ਫੁਲ ਵਾਂਗੂੰ, ਭਰੀ ਮਹਿਕ ਚੁਫੇਰਿਉਂ ਆਂਵਦੀ ਏ।
ਚੇਹਕਣ ਬੁਲਬੁਲਾਂ ਤੇ ਪੌਣ ਮੋਰ ਪੇਲਾਂ, ਕੋਇਲ ਗੀਤ ਆਜ਼ਾਦੀ ਦੇ ਗਾਂਵਦੀ ਏ।
ਵਾਂਗ ਬੰਸਰੀ ਦੇ ਮਿਠ ਬੋਲੜੀ ਇਹ, ਦਿਲਾਂ ਸਾਰਿਆਂ ਨੂੰ ਮੋਹਦੀ ਜਾਂਵਦੀ ਏ।
ਉਠੋ ਹਿੰਦੀਓ! ਵੇ ਪਈ ਦਏ ਹੋਕਾ, ਫਿਰੇ ਨਾਦ ਆਜ਼ਾਦੀ ਵਜਾਂਵਦੀ ਏ।
ਸੁਤੇ ਘੂਕ ਹਿੰਦੀ ਪਾਸਾ ਪਰਤਦੇ ਨਹੀਂ, ਤੇ ਆਖਣ ਕਾਸ ਨੂੰ ਸ਼ੋਰ ਮਚਾਂਵਦੀ ਏ।
ਦਿਸਨ ਠੀਕ ਨਾ ਹੋਸ਼ ਹਵਾਸ ਹਿੰਦੀ, ਸੋਹਣੀ ਵਾਸਤੇ ਪਾ ਗਵਾਂਵਦੀ ਏ।
ਤਾਹਨੇ ਮਾਰਦਾ ਕੁਲ ਜਹਾਨ ਸਾਨੂੰ, ਹਿੰਦ ਮਾਤਾ ਹੁਣ ਬਹੁਤ ਸ਼ਰਮਾਂਵਦੀ ਏ।
ਜਿਹੜੀ ਮਾਈ ਦੇ ਪੁਤ ਕਪੁਤ ਹੋਵਣ, ਪੱਤ ਜ਼ਾਲਮਾਂ ਹੱਥੋਂ ਲਹਾਂਵਦੀ ਏ।
ਅਣਖ ਹੀਣ ਔਲਾਦ ਤੇ ਤਾਣ ਕੋਈ ਨਹੀਂ, ਧੱਕੇ ਠੋਕਰਾਂ ਦਰ ਦਰ ਖਾਂਵਦੀ ਏ।
ਆਖੇ ਆਸ ਨਿਰਲੱਜ ਔਲਾਦ ਤੋਂ ਨਹੀਂ, ਨੈਣੋਂ ਛਮ ਛਮ ਨੀਰ ਬਹਾਂਵਦੀ ਏ।
ਘਰ ਦੀ ਕੰਗ ਨੇ ਕੌਮ ਲਿਤਾੜ ਸੁੱਟੀ, ਭਾਈ ਭਾਈ ਦੇ ਨਾਲ ਟਕਰਾਂਵਦੀ ਏ।

ਰੁਲਦੇ ਵਿਚ ਪ੍ਰਦੇਸ਼ ਨਾ ਹੋਸ਼ ਆਵੇ, ਦੁਨੀਆਂ ਵੇਖਕੇ ਸ਼ਰਮ ਨਾ ਆਂਵਦੀ ਏ।
ਸਦਾ ਰਕੀਏ ਛੱਟ ਖਿਗਾਨਿਆਂ ਦੀ, ਸਾਰੀ ਉਮਰ ਗੁਲਾਮੀ 'ਚ ਜਾਂਵਦੀ ਏ।
ਪੂੰਜੀਦਾਰੀ ਦੀ ਅਲਖ ਮੁਕਾ ਦੇਈਏ, ਜਿਹੜੀ ਜੱਗ ਵਿਚ ਪਿਟਣੇ ਪਾਂਵਦੀ ਏ।
ਜਿਹਲੀਂ ਡਕ ਕੇ ਤੇ ਫਾਂਸੀ ਚਾੜ ਕਿਰਤੀ, ਵਾਂਗ ਘਾਣੀਆਂ ਪਈ ਪੜਾਂਵਦੀ ਏ।
ਲਹੂ ਪੀ ਨਿਤਾਣਿਆਂ ਕਿਰਤੀਆਂ ਦਾ, ਖ਼ੂਨੀ ਅੱਖੀਆਂ ਕੱਢ ਦਿਖਾਂਵਦੀ ਏ।
ਜ਼ੁਲਮੀ ਰਾਜ ਦਾ ਖਾਤਮਾ ਕਰਨ ਖਾਤਰ, ਜੁਗ ਗਰਦੀ, 'ਇਕਬਾਲ' ਨੂੰ ਭਾਂਵਦੀ ਏ।

1912 ਵਿਚ "ਹਿਦੁਸਤਾਨ ਐਸੋਸੀਏਸ਼ਨ ਆਫ਼ ਪੈਸੀਫ਼ਿਕ ਕੋਸਟ" ਨਾਂ ਦੀ ਸੰਸਥਾ ਕਾਇਮ ਕੀਤੀ ਗਈ। ਜਿਸ ਦਾ ਦਫ਼ਤਰ ਪੋਰਟਲੈਂਡ ਵਿਚ ਸੀ। ਪਾਰਟੀ ਦਾ ਅਖ਼ਬਾਰ ਜਿਸਦਾ ਨਾਂ 'ਹਿਦੁਸਤਾਨ' ਸੀ ਕੱਢਣ ਦਾ ਫੈਸਲਾ ਕੀਤਾ ਗਿਆ। ਇਸ ਅਖ਼ਬਾਰ ਦਾ ਉਦੇਸ਼ ਹਿਦੁਸਤਾਨ ਨੂੰ ਆਜ਼ਾਦੀ ਦੇ ਹੱਕ ਵਿਚ ਅਤੇ ਗੁਲਾਮੀ ਦੇ ਵਿਰੁੱਧ ਇਨਕਲਾਬ ਲਈ ਤਿਆਰ ਕਰਨਾ ਮਿਥਿਆ ਗਿਆ।

## ਭਾਰਤ ਮਾਤਾ ਦੀ ਦੁਖ ਭਰੀ ਪੁਕਾਰ

ਮੇਰੀ ਅਰਜ਼ ਨੂੰ ਨਾਲ ਖਿਆਲ ਸੁਣਨਾ, ਮੇਰੇ ਸਿਖ ਹਿਦੂ ਮੁਸਲਮਾਨ ਵੀਰੋ।
ਪਾਜ਼ੀ ਗੋਰਿਆਂ ਨੇ ਮੈਨੂੰ ਤੰਗ ਕੀਤਾ, ਆਈ ਨੱਕ ਤੇ ਮੈਂਡੜੀ ਜਾਨ ਵੀਰੋ।
ਬੱਚੇ ਬੱਚੀਆਂ ਹਿੰਦ ਦੇ ਫਿਰਨ ਰੁਲਦੇ, ਢੋਈ ਮਿਲੇ ਨਾ ਵਿਚ ਜਹਾਨ ਵੀਰੋ।
ਭਾਰਤ ਬੱਚੀਆਂ ਜੇਹਲਾਂ ਦੇ ਵਿਚ ਤੜਫਣ, ਕੰਬ ਗਿਆ ਜ਼ਿਮੀਂ ਅਸਮਾਨ ਵੀਰੋ।
ਭਾਰਤ ਵਿਚ ਨਾ ਢੂੰਡਿਆਂ ਮਿਲੇ ਕੌਡੀ, ਮਾਲਾ ਮਾਲ ਹੋਇਆ ਇੰਗਲਸਤਾਨ ਵੀਰੋ।
ਕੁਤੇ ਖਾਣ ਫ਼ਰੰਗੀ ਦੇ ਪੇਟ ਭਰਕੇ, ਭੁਖੇ ਹਿੰਦ ਦੇ ਮਰਨ ਇਨਸਾਨ ਵੀਰੋ।
ਜ਼ਿਮੀਂ ਬਾਰ ਦੀ ਮਿਲੋ ਈਸਾਈਆਂ ਨੂੰ, ਦੇਸੀ ਉਜੜੇ ਪਿਛਾਂਹ ਨੂੰ ਜਾਣ ਵੀਰੋ।
ਵਾਰਸ ਹਿੰਦ ਦੇ ਬਣੇ ਅੰਗਰੇਜ਼ ਜ਼ਾਲਮ, ਕੀਤੇ ਪਕੜ ਬੇਦਖਲ ਕਿਰਸਾਨ ਵੀਰੋ।
ਨਹਿਰਾਂ ਖ਼ੂਹਾਂ ਜ਼ਮੀਨਾਂ ਦੇ ਤੁਸੀਂ ਮਾਲਕ, ਕਾਹਦੇ ਵਾਸਤੇ ਭਰੋ ਲਗਾਨ ਵੀਰੋ।
ਕੁਲ ਤੋਪਖਾਨੇ ਜੰਗੀ ਪਲਟਣਾ ਜੋ, ਭਾੜੇ ਭੰਗ ਦੇ ਦੇਵੰਦੇ ਜਾਨ ਵੀਰੋ।
ਪੈਣ ਕਾਲ ਤੇ ਮੌਤ ਪਲੇਗ ਆਵੇ, ਹੈਜਾ ਤਾਪ ਤੇ ਰੋਗ ਵੀ ਖਾਣ ਵੀਰੋ।
ਮੌਜ ਕੁਲ ਜਹਾਨ ਦੀ ਲੈਣ ਗੋਰੇ, ਹਿੰਦੀ ਫੋਕੇ ਹੀ ਸੰਖ ਵਜਾਣ ਵੀਰੋ।
ਨਾਲ ਤਰਲਿਆਂ ਮੂਲ ਨਹੀਂ ਕੁਝ ਬਣਨਾ, ਮੇਰਾ ਆਖਰੀ ਸੁਣੋਂ ਫ਼ੁਰਮਾਨ ਵੀਰੋ।
ਹਿੰਦੂ ਵੇਦ ਤੇ ਸਿੰਘਾਂ ਗਰੰਥ ਵਾਲੀ, ਮੁਸਲਮਾਨਾਂ ਨੂੰ ਕਸਮ ਕੁਰਾਨ ਵੀਰੋ।

ਘਰੋਂ ਚੋਰ ਨੂੰ ਪਕੜ ਕੇ ਬਾਹਰ ਕਢੋ, ਕਾਇਮ ਆਪਣਾ ਕਰੋ ਨਿਸ਼ਾਨ ਵੀਰੋ।
ਬਸਤੀ ਤੀਹ ਕਰੋੜ ਦਾ ਨਾਮ ਸੁਣ ਕੇ, ਸਾਰੀ ਖ਼ਲਕ ਖ਼ੁਦਾ ਹੈਰਾਨ ਵੀਰੋ।
ਉਤੋਂ ਕਰਨ ਸਫ਼ਾਈਆਂ ਦਿਲੋਂ ਖੋਟੇ, ਖੋਟੇ ਖੋਟ ਹੀ ਨਿਤ ਕਮਾਣ ਵੀਰੋ।
ਤੁਸੀਂ ਕਰੋ ਤਿਆਰੀਆਂ ਗ਼ਦਰ ਦੀਆਂ, ਤੁਸਾਂ ਵੱਲ ਹੈ ਗ਼ਦਰ ਦਾ ਧਿਆਨ ਵੀਰੋ।
ਦੁਨੀਆਂ ਵੇਖ ਕੇ ਤੁਸਾਂ ਸ਼ਾਬਾਸ਼ ਦੇਸੀ, ਮੂੰਹੋਂ ਕਹੇਗੀ ਹਿੰਦੀ ਬਲਵਾਨ ਵੀਰੋ।
ਖਾਤਰ ਮੁਲਕ ਦੀ ਜਿਨ੍ਹਾਂ ਨੇ ਜਾਨ ਵਾਰੀ, ਸਿਰ ਤੇ ਝੂਲਦੇ ਵਿਰਨ ਨਿਸ਼ਾਨ ਵੀਰੋ।
ਹਿੰਦ ਬਾਗ ਬਣਿਆਂ ਖਾਤਰ ਹਿੰਦੀਆਂ ਦੀ, ਕਿਉਂ ਨਾ ਬਣਨ ਹਿੰਦੀ ਬਾਗਬਾਨ ਵੀਰੋ।
ਤੁਸੀਂ ਆਪਣੀ ਫੌਜ ਤਿਆਰ ਕਰ ਲੋ, ਹਿੰਦੁਸਤਾਨੀਉਂ ਬਣੋ ਬਲਵਾਨ ਵੀਰੋ।
ਗੋਲੀ ਤੋਪ ਬੰਦੂਕ ਵੀ ਤਿਆਰ ਕਰ ਲੋ, ਹੋਰ ਜੰਗ ਦਾ ਕੁਲ ਸਾਮਾਨ ਵੀਰੋ।
ਜੰਗ ਕਰਨ ਦੇ ਲਈ ਤਿਆਰ ਹੋ ਜੋ, ਸਿਘੋ ਹਿੰਦੂਓ ਤੇ ਮੁਸਲਮਾਨ ਵੀਰੋ।
ਖੰਡਾ ਸਾਰ ਦਾ ਪਕੜ ਮੈਦਾਨ ਗੱਜੋ, ਵੇਲਾ ਜੰਗ ਦਾ ਪਹੁੰਚਿਆ ਆਣ ਵੀਰੋ।
ਪਾੜ ਪਾੜ ਕੇ ਪਾਜ਼ੀਆਂ ਬਾਂਦਰਾਂ ਨੂੰ, ਕਰੋ ਜ਼ੁਲਮ ਨੂੰ ਵਿਚੋਂ ਰਵਾਨ ਵੀਰੋ।
ਜਿਹੜੇ ਸੂਰਮੇ ਮਾਵਾਂ ਦੇ ਪੁਤ ਸੁਹਣੇ, ਕਿਉਂ ਨਾ ਪੀੜਦੇ ਵੈਰੀ ਦੀ ਘਾਣ ਵੀਰੋ।
ਵਖੋ ਵਖ ਰਲ ਕੇ ਜਥੇ ਬਹੁਤ ਸਾਰੇ, ਚਲੋ ਖੁਸ਼ੀ ਦਾ ਯੁੱਧ ਮਚਾਣ ਵੀਰੋ।
ਜੇਕਰ ਹਿੰਦ ਵਾਸੀ ਹੱਲਾ ਕਰਨ ਰਲਕੇ, ਗੋਰੇ ਛੱਡ ਜਾਵਣ ਹਿੰਦੁਸਤਾਨ ਵੀਰੋ।
ਦੇਵੋ ਸਬਕ ਪਾਜ਼ੀਆਂ ਫਰੰਗੀਆਂ ਨੂੰ, ਇਹਨਾਂ ਗਰਕ ਕੀਤਾ ਹਿਦੁਤਸਾਨ ਵੀਰੋ।
ਕਰੋ ਭੰਨ ਕੇ ਇਹਨਾਂ ਦੀ ਦੂਰ ਆਕੜ, ਸਿੱਧਾ ਤੀਰ ਹੋਵੇ ਇੰਗਲਸਤਾਨ ਵੀਰੋ।
ਟੁੱਟੇ ਜ਼ੋਰ ਫਰੰਗੀ ਦਾ ਜੱਗ ਉਤੋਂ, ਬਾਦਸ਼ਾਹੀ ਦਾ ਮਿਟੇ ਨਿਸ਼ਾਨ ਵੀਰੋ।
ਬੱਧੇ ਹੱਥ ਗੁਲਾਮ ਹਮੇਸ਼ ਰਹਿਸੀ, ਕਹਿਣਾ ਤੁਸਾਂ ਦਾ ਕਰੂ ਪ੍ਰਵਾਨ ਵੀਰੋ।
ਦੇਸੋਂ ਕੱਢ ਫਰੰਗੀਆਂ ਬਾਂਦਰਾਂ ਨੂੰ, ਆਪ ਮੁਲਕ ਦੇ ਬਣੋ ਸੁਲਤਾਨ ਵੀਰੋ।
ਜੀਉਂਦੇ ਰਹੇ ਤਾਂ ਕਰਾਂਗੇ ਬਾਦਸ਼ਾਹੀ, ਮਰ ਗਏ ਤਾਂ ਜੱਸ ਜਹਾਨ ਵੀਰੋ।

## ਜਾਗ ਸ਼ਤਾਬੀ ਸ਼ੇਰ ਭਾਰਤਾ !

ਕੀ ਹੋਇਆ ਕੀ ਹੋਇਆ ਲੋਕੋ ਭਾਰਤ ਕਿਉਂ ਵਿਸਰਾਇਆ ਹੈ ?
ਜਾਗ ਸ਼ਤਾਬੀ ਸ਼ੇਰ ਭਾਰਤਾ ਕਿਥੇ ਧਿਆਨ ਲਗਾਇਆ ਹੈ।
ਸੋਇਨੇ ਲੰਕਾ ਮੁਲਕ ਸੁਨਹਿਰੀ ਜ਼ਾਲਮ ਦੇ ਵਸ ਕੀਤਾ ਹੈ।
ਹੱਡ ਮਾਸ ਹੁਣ ਖਾਵੇ ਸਾਰਾ ਲਹੂ ਅਸਾਡਾ ਪੀਤਾ ਹੈ।
ਜ਼ਾਲਮ ਜ਼ੁਲਮ ਕਮਾਵੇ ਹਰ ਦਮ ਗੁੱਝੇ ਤੀਰ ਚਲਾਵੇ ਜੀ।

ਮਾਰੇ ਝਿੜਕੇ ਰੋਣ ਨਾ ਦੇਵੇ ਨਾਲੇ ਲੁਟ ਲੁਟ ਖਾਵੇ ਜੀ।
ਜ਼ਾਲਮ ਬੇਈਮਾਨ ਫਰੰਗੀ ਦਿਨੇ ਅੰਧੇਰ ਮਚਾਇਆ ਹੈ।
ਕੀ ਹੋਇਆ ਕੀ ਹੋਇਆ....

ਦੋਹੀਂ ਹੱਥੀਂ ਲੁਟ ਮਚਾਈ ਰੋਕੇ ਮੂਲ ਨਾ ਕੋਈ ਜੀ।
ਧੱਕੇ ਪੈਣ ਚੁਫੇਰੇ ਸਾਨੂੰ ਕਿਧਰੇ ਮਿਲੇ ਨਾ ਢੋਈ ਜੀ।
ਇੰਗਲਸ਼ ਕੁਲੀ ਪੁਕਾਰ ਸਾਨੂੰ ਕਰਦੇ ਨੇ ਬਦਖੋਈ ਜੀ।
ਇਜ਼ਤ ਆਦਰ ਮੂਲ ਨਾ ਸਾਡਾ ਲਾਹੀ ਜ਼ਾਲਮ ਦੀ ਲੋਈ ਜੀ।
ਜੀਉਂਦੀ ਜਾਣ ਨਾ ਸ਼ਰਮ ਜਵਾਨੋ ਜ਼ਾਲਮ ਸਿਰੇ ਚੜਾਇਆ ਹੈ।
ਕੀ ਹੋਇਆ ਕੀ ਹੋਇਆ....

ਹੋਰ ਮੁਲਕ ਅੱਜ ਮੌਜਾਂ ਕਰਦੇ ਤੂੰ ਕਦ ਰੰਗ ਵਟਾਵੇਂਗਾ।
ਕਾਇਰਾਂ ਵਾਂਗ ਨਾ ਰਹੀਂ ਹਮੇਸ਼ਾਂ ਕਦ ਤਲਵਾਰ ਚਲਾਵੇਂਗਾ।
ਫਿਟ ਗੁਲਾਮੀ ਮਰਨਾ ਚੰਗਾ ਕੀ ਫਿਰ ਮਰਦ ਕਹਾਵੇਂਗਾ।
ਧੂਹ ਤਲਵਾਰ ਗ਼ਦਰ ਵਿਚ ਆ ਜਾ ਜੱਗ ਵਿਚ ਸੋਭਾ ਪਾਵੇਂਗਾ।
ਖਾਤਰ ਅਣਖ ਜੇ ਲੜਨਾ ਨਾਂਹੀ ਕਾਹੇ ਪੇਟ ਵਧਾਇਆ ਹੈ।
ਕੀ ਹੋਇਆ ਕੀ ਹੋਇਆ....

ਸਭ ਜਗ ਖੁਸ਼ੀਆਂ ਮਾਣੇ ਬੈਠਾ ਭਾਰਤ ਤੈਂ ਦੁਖ ਪਾਇਆ ਕਿਉਂ?
ਬਾਗ ਬਗੀਚੇ ਲਾਵੇ ਦੁਨੀਆਂ ਤੇਰਾ ਫੁਲ ਕੁਮਲਾਇਆ ਕਿਉਂ?
ਦੁਨੀਆਂ ਟਹਿਕੇ ਫੁਲਾਂ ਵਾਂਗੂ ਰੰਗ ਤੇਰਾ ਜ਼ਰਦਾਇਆ ਕਿਉਂ?
ਲੋਕਾਂ ਦਾ ਅਜ ਆਦਰ ਹੋਵੇ ਪਰ ਤੈਂ ਕਲੰਕ ਲਗਾਇਆ ਕਿਉਂ?
ਤੂੰ ਨਾ ਲੈਂਦਾ ਸਾਰ ਭਾਰਤਾ ਜ਼ਾਲਮ ਜ਼ੁਲਮ ਕਮਾਇਆ ਹੈ।
ਕੀ ਹੋਇਆ ਕੀ ਹੋਇਆ....

ਵਿਦਵਾਨ ਸਭ ਰੁਲਦੇ ਫਿਰਦੇ ਇਹ ਵੀ ਇਵਜ਼ੀ ਲਹਿਣਾ ਹੈ।
ਡਰਦੇ ਨੂੰ ਨਾ ਛੱਡੇ ਜ਼ਾਲਮ ਕਿਉਂ ਫਿਰ ਦੁਖੜੇ ਸਹਿਣਾ ਹੈ।
ਮਰੋ ਜਵਾਨੋ ਮਰਦਾਂ ਮੌਤੇ ਸਦਾ ਬੈਠ ਨਾ ਰਹਿਣਾ ਹੈ।
ਮਾਰੋ ਮਾਰੋ ਦੁਸ਼ਮਣ ਸ਼ੇਰੋ ਇਹ ਆਖਰ ਦਾ ਕਹਿਣਾ ਹੈ।
ਖੰਡਾ ਪਕੜ ਆਜ਼ਾਦੀ ਕਰੀਏ ਕਿਉਂ ਹੁਣ ਸੀਸ ਲੁਕਾਇਆ ਹੈ।
ਕੀ ਹੋਇਆ ਕੀ ਹੋਇਆ....

ਸਭ ਜੱਗ ਭੋਗੇ ਰਾਜ ਦੁਆਰਾ ਅਸੀਂ ਕਿਉਂ ਡੁੱਬੇ ਨਰਕਾਂ ਮੇਂ।
ਗਲੀਏ ਚਿਕੜ, ਢੱਠੇ ਕੋਠੇ, ਲੋਕੀਂ ਤੁਰਦੇ ਸੜਕਾਂ ਮੇਂ।
ਸਾਡੇ ਘਰ ਵਿਚ ਤੇਲ ਨਾ ਬੱਤੀ ਲੋਕਾਂ ਬਿਜਲੀ ਘਰ ਘਰ ਮੇਂ।
ਲੋਕਾਂ ਆਦਰ ਅਸੀਂ ਨਿਕਾਰੇ ਧਕੇ ਖਾਈਏ ਦਰ ਦਰ ਮੇਂ।
ਉਠੋ! ਬਣੋ ਬਹਾਦਰ ਬੁਜ਼ਦਿਲ ਖੰਡਾ ਕਾਹੇ ਛੁਪਾਇਆ ਹੈ।
ਕੀ ਹੋਇਆ ਕੀ ਹੋਇਆ....

ਕਾਰ ਕਮਾਵੇ ਹੋਏ ਨਾ ਹੌਲਾ ਬੀਜੇਂ ਕਣਕ ਕਮਾਵੇਂ ਤੂੰ।
ਖਾਣੇ ਨੂੰ ਨਾ ਮਿਲਦੀ ਮਾਸਾ ਮੱਕੀ ਜੌਂ ਨਿਤ ਖਾਵੇਂ ਤੂੰ।
ਛੱਤੀ ਖਾਣੇ ਭਾਰਤ ਅੰਦਰ ਭੁਖਾ ਛਿੱਤਰ ਖਾਵੇਂ ਤੂੰ।
ਸਾਡੀ ਖੱਟੀ ਬੰਦਰ ਖਾਂਦੇ ਖ਼ੱਟ ਖੱਟ ਆਪ ਖਿਲਾਵੇਂ ਤੂੰ।
ਅਤਲਸ ਮਲ ਮਲ ਮਿਲੇ ਨਾ ਖਾਸਾ ਨੰਗਾ ਭੂਤ ਡਰਾਇਆ ਹੈ।
ਕੀ ਹੋਇਆ ਕੀ ਹੋਇਆ....

ਜਦੋਂ ਰਾਤ ਨੂੰ ਸਖਤ ਮਿਹਨਤ ਕਰਨ ਤੋਂ ਬਾਅਦ ਭਾਰਤੀ ਮਜ਼ਦੂਰਾਂ ਨੇ ਆਪਣਾ ਦਿਲ ਬਹਿਲਾਉਣ ਲਈ ਅਮਰੀਕਨ ਬੱਚਿਆਂ ਨਾਲ ਗੱਲ ਬਾਤ ਕਰਨੀ ਤਾਂ ਅਮਰੀਕਨ ਬੱਚਿਆਂ ਨੇ ਪੁਛਣਾ ਤੁਹਾਡੇ ਦੇਸ ਦਾ ਝੰਡਾ ਕਿਹੜਾ ਹੈ? ਤੁਹਾਡਾ ਰਾਸ਼ਟਰੀ ਗੀਤ ਕੀ ਹੈ? ਤਾਂ ਉਸ ਵਕਤ ਹਿੰਦੀਆਂ ਨੇ ਬੜੀ ਸੋਚ ਤੋਂ ਬਾਅਦ 'ਯੂਨੀਅਨ ਜੈਕ' (ਅੰਗਰੇਜ਼ਾਂ ਦਾ ਝੰਡਾ) ਦਾ ਨਾਂ ਲੈਣਾ। ਇਹ ਸੁਣ ਕੇ ਬੱਚਿਆਂ ਹੱਸ ਪੈਣਾ ਅਤੇ ਗਲੀਆਂ ਬਜ਼ਾਰਾਂ ਵਿਚ ਜਿਥੋਂ ਵੀ ਹਿੰਦੀ ਲੰਘਦੇ ਉਹਨਾਂ 'ਹਿੰਦੂ ਸਲੇਵ' 'ਹਿੰਦੂ ਸਲੇਵ' (ਹਿੰਦੂ ਗੁਲਾਮ) ਦੇ ਨਾਅਰੇ ਲਾਉਂਦਿਆਂ ਪਿਛੇ ਤੁਰ ਪੈਣਾ। ਅਜਿਹੀਆਂ ਘਟਨਾਵਾਂ ਨੇ ਹਿੰਦੀਆਂ ਨੂੰ ਬਹੁਤ ਟੁੰਬਿਆ:—

## ਹਿੰਦੀਓ ਨੀਂਦ ਕੋ ਤਿਆਗੋ

ਹਿੰਦੋਸਤਾਨੀਓ ਕਿਉਂ ਨੀਵੀ ਧੌਣ ਸੁਟੀ,
ਮਾਰੋ ਨਜ਼ਰ ਘਰ ਦੇ ਕਿਹੜੇ ਹਾਲ ਹੋ ਗਏ।
ਗਫਲਤ ਨੀਂਦ ਅੰਦਰ ਤੁਸੀਂ ਘੁਕ ਸੁਤੇ,
ਲੱਗੀ ਅੱਗ ਘਰ ਨੂੰ ਭਾਂਬੜ ਲਾਲ ਹੋ ਗਏ।
ਉਠੋ ਸ਼ੇਰ ਮਰਦੋ ਗਫਲਤ ਨੀਂਦ ਛਡੋ,
ਤੁਸਾਂ ਸੁਤਿਆਂ ਸੈਂਕੜੇ ਸਾਲ ਹੋ ਗਏ।
ਪੈਸਾ ਲੁਟ ਲੈ ਗਏ ਅੰਗਰੇਜ਼ ਸਾਰਾ,

ਵਿਹੰਦੇ ਵਿਹਦਿਆਂ ਤੁਸੀਂ ਕੰਗਾਲ ਹੋ ਗਏ।
ਲੰਡਨ ਵਿਚ ਲੈ ਗਏ ਗੋਰੇ ਖਿੱਚ ਸਭ ਕੁਝ,
ਤੁਸੀਂ ਵੀਰਨੋ ਠਨ-ਠਨ ਗੁਪਾਲ ਹੋ ਗਏ।
ਸਾਡੀ ਕਿਵੇਂ ਗੁਲਾਮੀ ਨੇ ਧੌਣ ਭੰਨੀ,
ਕਾਦਿਰ ਹੱਦੋਂ ਵਧ ਖਿਆਲ ਹੋ ਗਏ।
ਉਠੋ ਤੋੜ ਗੁਲਾਮੀ ਦਾ ਜਾਲ ਦੇਈਏ,
ਛਿੱਤਰ ਪੈਂਦਿਆਂ ਨੂੰ ਕਈ ਸਾਲ ਹੋ ਗਏ।
ਵੇਖੋ ਕਈ ਕਰੋੜਾਂ ਦੀ ਵਿਚ ਗਿਣਤੀ,
ਵੀਰ ਭੇਂਟ ਪਲੇਗ ਤੇ ਕਾਲ ਹੋ ਗਏ।
ਦੋ ਕਰੋੜ ਬੰਦੇ ਸੋਲਾਂ ਸਾਲ ਅੰਦਰ,
ਦੁਖ ਭੁਖ ਦੇ ਨਾਲ ਹਲਾਲ ਹੋ ਗਏ।
ਆਲੂ ਪੁਟਿਆਂ ਤੋਂ ਪੈਸਾ ਜੁੜੇ ਨਾਹੀਂ,
ਗੋਡੀ ਕਰਦਿਆਂ ਦੇ ਗੋਡੇ ਲਾਲ ਹੋ ਗਏ।
ਫੌਜੀ ਨੌਕਰੀ ਖਾਣ ਨਾ ਪੀਣ ਤੁਰਦਾ,
ਵੀਰੋ ਕਾਲਿਆਂ ਤੋਂ ਧੌਲੇ ਵਾਲ ਹੋ ਗਏ।
ਪੈਸਾ ਜੁੜੇ ਨਾ ਨਾਲ ਮਜ਼ਦੂਰੀਆਂ ਦੇ,
ਝਿੜਕਾਂ ਸਹਿੰਦਿਆਂ ਨੂੰ ਕਈ ਸਾਲ ਹੋ ਗਏ।
ਪਏ ਚੀਨ ਅਫਰੀਕਾ ਦੇ ਵਿਚ ਭੌਂਦੇ,
ਵੱਜਣ ਠੋਕਰਾਂ ਤੇ ਭੈੜੇ ਹਾਲ ਹੋ ਗਏ।
ਕੀ ਕੁਝ ਖੱਟਿਆ ਜੇ ਅਮਰੀਕਾ ਵਿਚ ਆ ਕੇ,
ਦੇਸ਼ ਛਡਿਆਂ ਨੂੰ ਕਈ ਸਾਲ ਹੋ ਗਏ।
ਕੁਲੀ-ਕੁਲੀ ਕਹਿਕੇ ਦੁਨੀਆਂ ਨੱਕ ਚਾੜ੍ਹੇ,
ਵੀਰੋ ਅਸੀਂ ਬੇਸ਼ਰਮ ਕੁਮਾਲ ਹੋ ਗਏ।
ਭਲਾ ਜੀਵਣੇ ਦਾ ਕਾਹਦਾ ਹੱਜ ਸਾਡਾ,
ਸਾਡੇ ਕੁੱਤਿਆਂ ਤੋਂ ਭੈੜੇ ਹਾਲ ਹੋ ਗਏ।
ਨਾਲ ਰੋਂਦਿਆਂ ਕਦੀ ਨਾ ਕਾਲ ਰੁਕਦੇ,
ਸਾਨੂੰ ਵਿਹੰਦਿਆਂ ਨੂੰ ਕਈ ਸਾਲ ਹੋ ਗਏ।
ਤੁਸੀਂ ਪਾਂਵਦੇ ਹੋ ਪਾਣੀ ਪੱਤਿਆਂ ਨੂੰ,
ਜੜ੍ਹਾਂ ਵੱਲ ਨਾਲ ਦੋਸ ਖਿਆਲ ਹੋ ਗਏ।
ਖੇਲ ਰਾਜਨੀਤੀ ਵਾਲੀ ਭੁਲ ਬੈਠੇ,
ਤਾਂਹੀ ਦੇਸ ਤੇਂ ਹਾਲ ਬੇਹਾਲ ਹੋ ਗਏ;
ਆਪਸ ਵਿਚ ਲੜਕੇ ਮੂਰਖੋ ਖੱਟਿਆ ਕੀ,
ਛੁਰੀ ਫੁਟ ਦੀ ਨਾਲ ਹਲਾਲ ਹੋ ਗਏ।

ਜਿਮੀ ਸਾਡੀ ਤੇ ਲੈਣ ਲਗਾਨ ਗੋਰੇ,
ਵੇਖੋ ਕੇਹੇ ਜ਼ਮਾਨੇ ਦੇ ਚਾਲ ਹੋ ਗਏ।
ਪੈਂਹਠ ਫੀਸਦੀ ਨਾਲ ਤਲਵਾਰ ਲੈਂਦੇ,
ਭੈੜੇ ਗੀਦੀਆਂ ਦੇ ਸਾਡੇ ਖਿਆਲ ਹੋ ਗਏ।
ਹੋ ਕੇ ਮਰਦ ਪਿਆਰਾ ਦੇਸ਼ ਸਾਂਭ ਲਈਏ,
ਕਿਹੜੀ ਗੱਲ ਤੋਂ ਭਲਾ ਨਿਢਾਲ ਹੋ ਗਏ।
ਗ਼ਦਰ ਕੂਕ ਪੁਕਾਰਦਾ ਦਿਨੇ ਰਾਤੀਂ,
ਉਠੋ ਸੁਤਿਉ ਮੰਦੜੇ ਹਾਲ ਹੋ ਗਏ।
ਹਿੰਦੁਸਤਾਨੀਉਂ ਰਹੂ ਨਾ ਨਾਮ ਬਾਕੀ,
ਏਸੇ ਤਰ੍ਹਾਂ ਜੇਕਰ ਪੰਜੀ ਸਾਲ ਹੋ ਗਏ।
ਛੇਤੀ ਕਰੋ ਤਿਆਰੀਆਂ ਗ਼ਦਰ ਦੀਆਂ,
ਹੁਣ ਤਾਂ ਬਹੁਤ ਹੀ ਮੰਦੜੇ ਹਾਲ ਹੋ ਗਏ।
ਉਠੋ ਹਿੰਦੀਉ! ਦੇਸ਼ ਨੂੰ ਸਾਂਭ ਲਈਏ,
ਸਾਡੇ ਮਾਰਦੇ ਖੂਨ ਉਛਾਲ ਕਿਉਂ ਨਹੀਂ।
ਫਿਰੋ ਵਿਚ ਪ੍ਰਦੇਸ ਬਦਨਾਮ ਹੁੰਦੇ,
ਲੈਂਦੇ ਆਪਣਾ ਦੇਸ਼ ਸੰਭਾਲ ਕਿਉਂ ਨਹੀਂ।
ਪੈਣ ਲਾਣਤਾਂ ਨਸ਼ੇ ਵਿਚ ਮਸਤ ਫਿਰਦੇ,
ਮੱਥਾ ਲਾਵਦੇ ਗੋਰਿਆਂ ਨਾਲ ਕਿਉਂ ਨਹੀਂ।
ਛੇ ਛੇ ਫੁੱਟ ਵਧ ਗਏ ਸਰੀਰ ਕਾਹਨੂੰ,
ਆਹ! ਦੁਖੀ ਹਾਂ ਇਜ਼ਤ ਰਵਾਲ ਕਿਉਂ ਨਹੀਂ।
ਨਜ਼ਰ ਮਾਰੋ ਖਾਂ ਚੀਨ ਜਪਾਨ ਵਲੇ,
ਦੁਨੀਆਂ 'ਚ ਉਹ ਫਿਰਨ ਖੁਸ਼ਹਾਲ ਕਿਉਂ ਨਹੀਂ।
ਵਰਤੇ ਕੋਈ ਕਾਨੂੰਨ ਨਾ ਨਾਲ ਸਾਡੇ,
ਸਾਡਾ ਪੁਛਦਾ ਕੋਈ ਹਵਾਲ ਕਿਉਂ ਨਹੀਂ।
ਜੇਹਲਾਂ ਕਟਦੇ ਝੂਟਦੇ ਫਾਂਸੀਆਂ ਤੇ,
ਅਸੀਂ ਪੁਛਦੇ ਉਹਨਾਂ ਦਾ ਹਾਲ ਕਿਉਂ ਨਹੀਂ।
ਭਾਰਤ ਮਾਤਾ ਦੀ ਗੋਦ 'ਚ ਰਹਿਣ ਵਾਲੋ,
ਤੁਸੀਂ ਡੁਬ ਮਰਦੇ ਸ਼ਰਮ ਨਾਲ ਕਿਉਂ ਨਹੀਂ।
ਗੱਲਾਂ ਫੋਕੀਆਂ ਤੇ ਐਵੇਂ ਜ਼ੋਰ ਪਾਇਆ।
ਅਮਲੀ ਕੰਮ ਕਰਦੇ ਵੈਰੀ ਨਾਲ ਕਿਉਂ ਨਹੀਂ।
ਮਿਰਕਣ ਅਤੇ ਕੈਨੇਡਾ ਵਿਚ ਰਹਿਣ ਵਾਲੋ,
ਤੁਹਾਡਾ ਮਾਰਦਾ ਖੂਨ ਉਛਾਲ ਖਿਉਂ ਨਹੀਂ।

ਜਦੋਂ ਪ੍ਰਚਾਰ ਬਹੁਤ ਹੋ ਗਿਆ ਤਾਂ 'ਗ਼ਦਰ ਪਾਰਟੀ' ਨੇ ਫੈਸਲਾ ਕੀਤਾ ਕਿ ਹੁਣ ਸੰਸਾਰ ਜੰਗ ਸ਼ੁਰੂ ਹੋਣ ਵਾਲੀ ਹੈ। ਜਦੋਂ ਅੰਗਰੇਜ਼ ਜੰਗ ਵਿਚ ਫਸੇ ਹੋਏ ਹੋਣ ਤਾਂ ਉਸ ਵਕਤ ਭਾਰਤ ਦੀ ਆਜ਼ਾਦੀ ਦੀ ਜੰਗ ਛੇੜ ਦਿੱਤੀ ਜਾਵੇ। ਤਿਆਰੀਆਂ ਸ਼ੁਰੂ ਹੋ ਗਈਆਂ। ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ਾਂ ਦੀ ਸਿਖਲਾਈ ਦਿਵਾਈ ਗਈ। ਭਾਈ ਹਰਨਾਮ ਸਿੰਘ ਟੁੰਡੀ ਲਾਟ ਹੋਰਾਂ ਨੇ ਬੰਬ ਬਣਾਉਣ ਦਾ ਕੰਮ ਸਿਖਣਾ ਸ਼ੁਰੂ ਕੀਤਾ। ਗ਼ਦਰ ਪਾਰਟੀ ਨੇ ਇਸ ਤਰ੍ਹਾਂ ਨਕਸ਼ਾ ਬਣਾਇਆ:—

## ਗ਼ਦਰ ਪਾਰਟੀ ਬੀੜਾ ਚੁੱਕਿਆ

ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ।
ਆਉ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।
ਫੌਜ ਬਥੇਰੀ ਪਾਸ ਅਸਾਡੇ ਭਾਈ ਸਾਡੇ ਬੇੜਿਆਂ ਮੇਂ।
ਨਾਮ ਕਟੇ ਤੇ ਕਈ ਰੀਜ਼ਰਵੀਏ ਵਸਦੇ ਨਗਰ ਖੇੜਿਆਂ ਮੇਂ।
ਲੋਕ ਹਿੰਦ ਦੇ ਬੜੇ ਸ਼ੁਦਾਈ ਫਸ ਗਏ ਮਜ਼ਬੀ ਝੇੜਿਆਂ ਮੇਂ।
ਰਾਜਨੀਤੀ ਦਾ ਪਤਾ ਨਾ ਕੋਈ ਝਗੜਨ ਪਏ ਬਖੇੜਿਆਂ ਮੇਂ।
ਟੁਕੜੇ ਤੋਂ ਸਭ ਭੁਖੇ ਮਰਦੇ, ਫਿਕਰ ਸਵਰਗ ਨੂੰ ਜਾਵਣ ਦਾ
ਆਉ! ਸ਼ੇਰੋ....

ਹਿੰਦੂ, ਸਿੱਖ, ਮੁਸਲਮਾਨ ਸਾਰੇ ਇਕ ਕੌਮ ਅਸਾਡੀ ਹੈ।
ਇਹ ਬਦਸ਼ਾਹ ਚਾਲਾਕ ਫਰੰਗੀ ਸਭ ਨੂੰ ਕੀਤਾ ਫਾੜੀ ਹੈ।
ਆਪੋ ਵਿਚ ਇਤਫਾਕ ਨਾ ਕੀਤਾ ਵੱਡੀ ਭੁਲ ਅਸਾਡੀ ਹੈ।
ਟਰਕੀ, ਚੀਨ, ਮਿਸਰ ਤੇ ਕਾਬਲ, ਜਰਮਨ ਵੀ ਵੱਲ ਸਾਡੀ ਹੈ।
ਆਉ! ਕੱਠੇ ਹੋ ਕੇ ਲੜੀਏ ਵੇਲਾ ਹੈ ਮਿਲ ਜਾਵਣ ਦਾ।
ਆਉ ਸ਼ੇਰੋ....

ਕੌਮੀ ਸੇਵਾ ਕਦੇ ਨਾ ਕਰਦੇ ਜੋ ਇਜ਼ਤ ਦੇ ਭੁਖੇ ਜੀ।
ਗੱਲਾਂ ਥੀਂ ਘਰ ਪੂਰਾ ਕਰਦੇ ਵਿਚੋਂ ਰਹਿੰਦੇ ਰੁਖੇ ਜੀ।
ਕੰਮ ਕਾਰ ਨੂੰ ਜੀ ਨਾ ਕਰਦਾ ਤੀਰ ਚਲਾਵਣ ਸੁੱਕੇ ਜੀ।
ਇਹਨਾਂ ਕੋਲੋਂ ਬਚਣਾ ਯਾਰੋ ਇਹ ਸਰਕਾਰੀ ਕੁੱਤੇ ਜੀ।
ਉਨ੍ਹਾਂ ਕੌਮੀ ਕੰਮ ਕੀ ਕਰਨੇ ਫਿਕਰ ਜਿਨ੍ਹਾਂ ਫੜੇ ਜਾਵਣ ਦਾ।
ਆਉ! ਸ਼ੇਰੋ....

ਸ਼ਾਹੂਕਾਰ ਗੁਲਾਮੀ ਅੰਦਰ ਜੈਸੇ ਕੀੜਾ ਮੋਰੀ ਦਾ।
ਸੇਵਾ ਖਾਤਰ ਕੁਝ ਨਾ ਦੇਂਦਾ ਘੁਟ ਲਿਆ ਮੂੰਹ ਥੋਰੀ ਦਾ।
ਗ਼ਦਰ ਪਾਰਟੀ ਲੇਖਾ ਲੈਣਾ ਕੰਮ ਨਹੀਂ ਕੋਈ ਚੋਰੀ ਦਾ।

ਰਲ ਮਿਲ ਸਾਰੇ ਕਰੋ ਖਾਤਮਾ ਕੌਮ ਫਰੰਗੀ ਗੋਰੀ ਦਾ।
ਬਾਹੂਕਾਰੋ ਰਲ ਮਿਲ ਕੇ ਇਹ ਸਾਂਝਾ ਕੰਮ ਚਲਾਵਣ ਦਾ।
ਆਓ। ਸ਼ੇਰੋ....

ਦੁਸ਼ਮਣ ਸਾਡਾ ਯੂਰਪ ਦੇ ਵਿਚ ਫਸਿਆ ਫਾਹੀ ਡਾਢੀ ਹੈ।
ਜਰਮਨ ਸ਼ੇਰ ਬੜਾ ਹੈ ਘੋਰੀ ਹੁਣ ਤਾਂ ਢਿੱਲ ਅਸਾਡੀ ਹੈ।
ਅੱਗੇ ਜਿੱਤ ਹਮੇਸ਼ਾਂ ਕਰਦਾ ਹੁਣ ਤਾਂ ਜ਼ਾਲਮ ਫਾਡੀ ਹੈ।
ਛੇਤੀ ਹਿੰਮਤ ਕਰੋ ਹਿੰਦੀਓ ਹੁਣ ਤਾ ਕਦਰ ਤੁਸਾਡੀ ਹੈ।
ਹੱਥੋਂ ਹੱਥੀ ਫੜ ਲੋ ਸ਼ੇਰੋ ਵੇਲਾ ਢਿਲ ਨਾ ਲਾਵਣ ਦਾ।
ਆਓ। ਸ਼ੇਰੋ....

ਪਹਿਲਾਂ ਗ਼ਦਰ ਪਾਰਟੀ ਸਾਰੇ ਦੇਸ਼ ਵਿਚ ਪ੍ਰਚਾਰ ਕਰੇ।
ਖੁਲਮ ਖੁਲਾ ਪ੍ਰਜਾ ਤਾਈਂ ਚੋਰਾਂ ਥੀਂ ਹੁਸ਼ਿਆਰ ਕਰੇ।
ਡਾਕੇ ਮਾਰੇ ਡਾਕੂਆਂ ਉੱਤੇ ਕੱਠੇ ਵੀ ਹਥਿਆਰ ਕਰੇ।
ਜੈਸਾ ਜੈਸਾ ਮੌਕਾ ਵੇਖੇ ਸਾਰਾ ਕਾਰ ਵਿਹਾਰ ਕਰੇ।
ਸੁੱਤੀ ਪ੍ਰਜਾ ਜਾਗ ਪਈ ਜਦ, ਅੱਗੇ ਕੰਮ ਚਲਾਵਣ ਦਾ।
ਆਓ! ਸ਼ੇਰੋ....

ਦਾਣਾ ਫੱਕਾ ਬੰਦ ਕਰੋ ਹੁਣ ਇੰਗਲੈਂਡ ਨੂੰ ਜਾਵਣ ਤੇ।
ਕਣਕ ਟੇਸ਼ਣਾ ਉੱਤੇ ਜਿਹੜੀ ਹੋ ਜਾਉ ਅੱਗ ਲਗਾਵਨ ਤੇ।
ਰੇਲਾਂ ਤਾਰਾਂ ਕੱਟ ਦਿਓ ਹੁਣ ਹੋ ਜਾਓ ਪੁਲਾਂ ਨੂੰ ਢਾਵਨ ਤੇ।
ਰਾਤ ਬਰਾਤੇ ਅੱਗੇ ਪਿੱਛੇ ਹੋ ਜਾਓ ਦਾਓ ਲਗਾਵਨ ਤੇ।
ਪੁਲਸ ਫੌਜ ਜੋ ਅੱਗੇ ਆਵਣ ਕੰਮ ਕਰੋ ਸਮਝਾਵਣ ਦਾ।
ਆਓ! ਸ਼ੇਰੋ.....

ਐਸਾ ਮੌਕਾ ਹੱਥ ਨਾ ਆਉਣਾ ਵੇਲਾ ਹੈ ਹੁਸ਼ਿਆਰੀ ਦਾ।
ਦੁਸ਼ਮਣ ਫਸਿਆ ਵਿਚ ਕੁੜਿੱਕੀ ਮੌਕਾ ਗ਼ਦਰ ਤਿਆਰੀ ਦਾ।
ਪਤਲਾ ਕਰੋ ਸ਼ਤਾਬੀ ਸ਼ੇਰੋ ਮੰਤਰ ਏਸ ਮਦਾਰੀ ਦਾ।
ਅੱਖੀਂ ਘੱਟਾ ਪਾ ਨਾ ਜਾਵੇ ਬਚਣਾ ਦਾਅ ਜਵਾਰੀ ਦਾ।
ਏਸ ਕੌਮ ਨੂੰ ਸ਼ਰਮ ਨਾ ਕੋਈ ਕਰਦੇ ਢੰਗ ਫਸਾਵਨ ਦਾ।
ਆਓ! ਸ਼ੇਰੋ....

ਛੇਤੀ ਹੀ ਸਭ ਦੁਨੀਆਂ ਅੰਦਰ ਜੰਗ ਬੜਾ ਮੱਚ ਜਾਵੇਗਾ।
ਜਿਹੜਾ ਕਰੂ ਤਿਆਰੀ ਨਾ ਉਹ ਆਪਣਾ ਨਾਸ਼ ਕਰਾਵੇਗਾ।
ਸਾਰੀ ਉਮਰ ਗੁਲਾਮੀ ਅੰਦਰ ਝੁਰ ਝੁਰ ਜਾਨ ਗਵਾਵੇਗਾ।

ਸਭੇ ਹੀ ਦੁਰਕਾਰਨ ਉਸਨੂੰ, ਬੁਜ਼ਦਿਲ ਨਾਮ ਧਰਾਵੇਂਗਾ।
ਏਸ ਗੁਲਾਮੀ ਨਾਲੋਂ ਯਾਰੋ ਕੰਮ ਚੰਗਾ ਮਰ ਜਾਵਣ ਦਾ।
ਆਓ। ਸ਼ੇਰੋ....

ਵਿਚ ਗੁਲਾਮੀ ਜੀਉਂਦੇ ਰਹਿਣਾ ਇਹ ਮਰਦਾਂ ਦੀ ਕਾਰ ਨਹੀਂ।
ਐਸਾ ਫੇਰ ਤੁਸਾਂ ਨੂੰ ਮੁੜਕੇ ਆਉਣਾ ਹੱਥ ਸ਼ਿਕਾਰ ਨਹੀਂ।
ਮਰਦ ਗੱਜਦੇ ਵਿਚ ਮੈਦਾਨੀ ਛੱਡੂ ਲੰਘਣ ਪਾਰ ਨਹੀਂ।
ਜਾਨ ਪਿਆਰੀ ਕਰੋ ਨਾ ਸ਼ੇਰੋ ਇਸਦਾ ਕੁਝ ਇਤਬਾਰ ਨਹੀਂ।
ਆਓ ਵਿਚ ਮੈਦਾਨੀ ਗੱਜੀਏ ਵੇਲਾ ਪਿਛਾਂਹ ਨਾ ਜਾਵਣ ਦਾ।
ਆਓ! ਸ਼ੇਰੋ....

ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਕੇ ਭਾਰਤ ਵਿਚ ਕੀ ਹੋਵੇਗਾ ? ਇਥੋਂ ਦੇ ਲੋਕਾਂ ਦਾ ਜੀਵਨ ਅਤੇ ਰਾਜ ਪ੍ਰਬੰਧ ਕਿਸ ਤਰ੍ਹਾਂ ਦਾ ਹੋਵੇਗਾ ? ਉਸ ਬਾਰੇ ਵੀ ਗ਼ਦਰ ਪਾਰਟੀ ਨੇ ਪੂਰੀ ਤਰ੍ਹਾਂ ਸੋਚਿਆ ਹੋਇਆ ਸੀ। ਗ਼ਦਰ ਦੀ ਗੂੰਜ ਵਿਚੋਂ ਹੀ ਪੜ੍ਹੋ ਉਹਨਾਂ ਦਾ ਨਿਸ਼ਾਨਾ:—

"ਗੁਲਾਮੀ ਜ਼ਹਿਰ ਨੂੰ ਕੱਢ ਕੇ ਹਿੰਦ ਵਿਚੋਂ ਸਾਰੇ ਏਕਤਾ ਦਾ ਪ੍ਰਚਾਰ ਹੋਵੇ"।
ਬਾਗ ਹਿੰਦ ਦਾ ਟਹਿਕਦਾ ਲੱਗੇ ਸੁਹਣਾ, ਆਵੇ ਮਹਿਕ ਤੇ ਖਿੜੀ ਗੁਲਜ਼ਾਰ ਹੋਵੇ।
ਫਿਰਨ ਮਾਣਦੇ ਬਾਗ ਵਿਚ ਰੰਗ ਰਲੀਆਂ, ਸਿਰੋਂ ਲੱਥਾ ਗੁਲਾਮੀ ਦਾ ਭਾਰ ਹੋਵੇ।
ਊਚ ਨੀਚ ਦੀ ਗੱਲ ਨਾ ਛਿੜੇ ਕਿਧਰੇ, ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ।
ਹੱਕ ਹੋਵੇ ਇਕੋ ਜਿਹਾ ਸਾਰਿਆਂ ਦਾ, ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ।
ਕਿਸੇ ਗੈਰ ਦੇ ਪੈਰ ਨਾ ਪੈਣ, ਮਾਲੀ ਬਾਗ ਦਾ ਸਦਾ ਹੁਸ਼ਿਆਰ ਹੋਵੇ।
ਸੁਤੰਤਰ ਲਾਜ਼ਮੀ ਵਿੱਦਿਆ ਹੋਵੇ ਸਾਰੇ, ਪੂਰਨ ਹੁਨਰ ਦੇ ਵਿਚ ਨਰ ਨਾਰ ਹੋਵੇ।
ਰਾਜਨੀਤੀ ਦੀ ਰੀਤ ਵਿਚ ਹੋਣ ਪੂਰੇ, ਗਿਣਤੀ ਪੜ੍ਹਿਆਂ ਵਿਚ ਸ਼ੁਮਾਰ ਹੋਵੇ।
ਗਿੱਦੜ ਵਰਗਿਆਂ ਦੇ ਦਿਲ ਸ਼ੇਰ ਕਰੀਏ, ਚਾਰੋ ਪਾਸਿਓਂ ਪਈ ਭਬਕਾਰ ਹੋਵੇ।
ਗੁਲਾਮੀ ਜ਼ਹਿਰ ਨੂੰ ਕੱਢ ਕੇ ਹਿੰਦ ਵਿਚੋਂ, ਸਾਰੇ ਏਕਤਾ ਦਾ ਪ੍ਰਚਾਰ ਹੋਵੇ।
ਸਿੱਖੇ ਹੁਨਰ ਜਾਕੇ ਮੁਲਕਾਂ ਦੂਜਿਆਂ ਤੋਂ, ਐਸਾ ਕੋਈ ਨਿਜ਼ਾਮ ਲੁਹਾਰ ਹੋਵੇ।
ਫਿਰੇ ਬਾਗ ਵਿਚ ਭਾਲਦਾ ਲਾਲ ਹੀਰੇ, ਜੌਹਰੀ ਪਾਰਖੂ ਚਤਰ ਸੁਨਿਆਰ ਹੋਵੇ।
ਢੰਗ ਦੱਸੇ ਐਸੇ ਕਾਰਖਾਨਿਆਂ ਦੇ, ਜਿਸ ਨੂੰ ਕੰਮ ਕਰੌਣ ਦੀ ਸਾਰ ਹੋਵੇ।
ਗੂਹੜਾ ਤਜ਼ਰਬਾ ਦੁਨੀਆਂ ਦੀ ਪਾਲਸੀ ਦਾ ਸ੍ਰੇਸ਼ਟ ਬੁਧ ਤੇ ਨਿਰਮਲ ਵੀਚਾਰ ਹੋਵੇ।
ਬਾਹਰ ਨਿਕਲੇ ਨਾ ਪੈਸਾ ਹਿੰਦ ਵਿਚੋਂ, ਸਮਝੋ ਦੁਗਣੀ ਹੀ ਪੈਦਾਵਾਰ ਹੋਵੇ।
ਵਿਚ ਪਾ ਗੁਰਾਲੀ ਦੇ ਰਹੇ ਸਿੱਧਾ, ਕੌਮ ਧ੍ਰੋਹੀ ਜੋ ਭਾਰਾ ਗੱਦਾਰ ਹੋਵੇ।
ਰੱਖੋ ਨਿਗਾਹ ਅੰਦਰ ਸਦਾ ਉਸ ਤਾਈਂ, ਮੁੱਢੋਂ ਰਿਹਾ ਅੰਗਰੇਜ਼ ਦਾ ਯਾਰ ਹੋਵੇ।

ਖਾਤਰ ਦੇਸ਼ ਦੀ ਕਰੀਏ ਕੰਮ ਭਾਰਾ, ਜਿਹੜਾ ਫਿਰ ਨਾ ਮੁੜ ਲਾਚਾਰ ਹੋਵੇ।
ਵੱਡੇ ਵੱਡੇ ਧਨਾਢ ਜੋ ਦੇਸ਼ ਜਿਹੜਾ, ਪੈਸਾ ਦੱਬਿਆ ਜ਼ਿਮੀਂ ਵਿਚਕਾਰ ਹੋਵੇ।
ਲਾਈਏ ਹਵਾ ਜ਼ਮੀਨ ਚੋਂ ਕੱਢ ਪੈਸਾ, ਜਿਸ ਦੇ ਨਾਲ ਵੱਡਾ ਉਪਕਾਰ ਹੋਵੇ।
ਏਸੇ ਪੈਸੇ ਦੇ ਖੋਲੀਏ ਕਾਰਖਾਨੇ, ਬਣਦੀ ਮੋਟਰਾਂ ਦੀ ਜਿੱਥੇ ਡਾਰ ਹੋਵੇ।
ਐਰੋਪਲੇਨਾਂ ਦੇ ਨਾਲ ਅਸਮਾਨ ਗੂੰਜੇ, ਡਾਢੀ ਇਨ੍ਹਾਂ ਦੀ ਤੇਜ਼ ਰਫ਼ਤਾਰ ਹੋਵੇ।
ਫਿਰਨ ਗੱਭਰੂ ਬਾਗ ਵਿਚ ਸੈਰ ਕਰਦੇ, ਹੱਥੀਂ ਜਿਨ੍ਹਾਂ ਦੇ ਗ਼ਦਰ ਅਖ਼ਬਾਰ ਹੋਵੇ।
ਡਾਢੀ ਖਿੱਚ ਕਦ ਆਵਸੀ ਉਹ ਮੌਕਾ, ਘਰੀਂ ਹਿੰਦੀਆਂ ਦੇ ਮੰਗਲਚਾਰ ਹੋਵੇ।
'ਜਾਚਕ ਝੂਲੇ ਨਿਸ਼ਾਨ ਹਿਮਾਲਿਆ ਤੇ, ਕਿਰਤੀ ਹਿੰਦੀਆਂ ਦੀ ਸਰਕਾਰ ਹੋਵੇ।

ਅਮਰੀਕਾ ਵਿਚ ਤਿਆਰੀ ਪੂਰੀ ਹੋ ਜਾਣ ਪਿੱਛੋਂ ਫੈਸਲਾ ਹੋਇਆ ਕਿ ਹੁਣ ਹੋਰ ਢਿਲ ਨਾ ਕੀਤੀ ਜਾਵੇ ਅਤੇ ਜਲਦੀ ਭਾਰਤ ਜਾ ਕੇ ਦੇਸ਼ ਵਾਸੀਆਂ ਨੂੰ ਅਤੇ ਫੌਜੀਆਂ ਨੂੰ ਨਾਲ ਲੈ ਕੇ ਜੰਗੇ-ਆਜ਼ਾਦੀ ਦਾ ਐਲਾਨ ਕਰ ਦਿੱਤਾ ਜਾਵੇ। ਇਹ ਅਜੇ ਜਹਾਜ਼ਾਂ ਵਿਚ ਹੀ ਸਨ ਕਿ ਪਹਿਲਾ ਸੰਸਾਰ ਜੰਗ ਸ਼ੁਰੂ ਵੀ ਹੋ ਗਿਆ। ਉਧਰੋਂ ਅੰਗਰੇਜ਼ਾਂ ਨੂੰ ਵੀ ਪਤਾ ਲੱਗ ਗਿਆ ਕਿ ਅਮਰੀਕਾ ਤੋਂ ਦੇਸ਼ ਭਗਤ ਭਾਰਤ ਆਜ਼ਾਦ ਕਰਵਾਉਣ ਲਈ ਆ ਰਹੇ ਹਨ। ਉਹਨਾਂ ਨੇ ਇਹਨਾਂ ਨੂੰ ਭਾਰਤ ਦੀ ਧਰਤੀ ਤੇ ਪੈਰ ਵੀ ਨਾ ਰੱਖਣ ਦਿਤੇ ਤੇ ਜਹਾਜ਼ਾਂ ਵਿਚੋਂ ਹੀ ਫੜ ਲਿਆ ਅਤੇ ਜੇਹਲਾਂ ਵਿਚ ਡੱਕ ਦਿੱਤਾ। ਜਿਹੜੇ ਕੁਝ ਬਚਣ ਵਿਚ ਕਾਮਯਾਬ ਹੋ ਗਏ ਉਹਨਾਂ ਦਿਨ ਰਾਤ ਇਕ ਕਰਕੇ ਬਹੁਤ ਸਾਰੀਆਂ ਫੌਜਾਂ ਛਾਉਣੀਆਂ ਨੂੰ ਇਨਕਲਾਬ ਲਈ ਤਿਆਰ ਕਰ ਲਿਆ। ਜੰਗ ਚਲ ਰਿਹਾ ਸੀ। ਅੰਗਰੇਜ਼ ਕੁੜਿੱਕੀ ਵਿਚ ਫਸੇ ਹੋਏ ਸਨ। ਹੋਰ ਦੇਰੀ ਕਰਨੀ ਮੁਨਾਸਬ ਨਹੀਂ ਸਮਝੀ। 21 ਫਰਵਰੀ 1915 ਭਾਰਤ ਵਿਚ ਵਿਦਰੋਹ ਕਰਨ ਦੀ ਤਰੀਕ ਮਿਥ ਦਿੱਤੀ ਗਈ। ਪਰ ਉਹਨਾਂ ਦੇਸ਼ ਭਗਤਾਂ ਵਿਚ ਹੀ ਇਕ ਗੱਦਾਰ, ਸੀ. ਆਈ. ਡੀ. ਦਾ ਬੰਦਾ ਕਿਰਪਾਲ ਸਿੰਘ ਵੀ ਲੁਕਿਆ ਹੋਇਆ ਸੀ। ਉਸਨੇ ਇਸ ਤਰੀਕ ਦੀ ਖ਼ਬਰ ਅੰਗਰੇਜ਼ ਹਾਕਮਾਂ ਨੂੰ ਦੇ ਦਿੱਤੀ। ਦੇਸ਼ ਭਗਤਾਂ ਨੂੰ ਵੀ ਇਸ ਗੱਦਾਰੀ ਦਾ ਪਤਾ ਲੱਗ ਗਿਆ। ਤਰੀਕ 21 ਫਰਵਰੀ ਤੋਂ ਘਟਾ ਕੇ 19 ਫਰਵਰੀ ਕਰ ਦਿੱਤੀ ਗਈ। ਪਰ ਇਹ ਖ਼ਬਰ ਵੀ ਉਸੇ ਕਿਰਪਾਲ ਸਿੰਘ ਰਾਹੀਂ ਅੰਗਰੇਜ਼ਾਂ ਨੂੰ ਪਹੁੰਚ ਗਈ। ਉਹਨਾਂ ਨੇ ਪਹਿਲਾਂ ਹੀ ਮਿਲੀ ਸੂਚਨਾ ਅਨੁਸਾਰ ਥਾਂ-ਥਾਂ ਛਾਪੇ ਮਾਰ ਕੇ ਸਾਰੇ ਦੇਸ਼-ਭਗਤ ਫੜ ਲਏ। ਛਾਉਣੀਆਂ ਕੋਲੋਂ ਹਥਿਆਰ ਰਖਵਾ ਲਏ ਗਏ। ਪਲਟਣਾਂ ਬਦਲ ਦਿੱਤੀਆਂ ਗਈਆਂ। ਕੇਵਲ ਇਕ ਗੱਦਾਰ ਦੀ ਹੋਂਦ ਨੇ ਸਾਰੀ ਕੀਤੀ ਕਰਾਈ ਖੂਹ ਵਿਚ ਸੁਟ ਦਿੱਤੀ। ਹੁਣ ਦਮਨ ਚੱਕਰ ਚਲਣ ਲੱਗਾ। ਝੂਠੇ ਸੱਚੇ-ਕੇਸ ਘੜੇ ਜਾਣ ਲੱਗੇ। ਲੋਕਾਂ ਵਿਚ ਪੂਰੀ ਜਾਗਰਿਤੀ ਨਾ ਹੋਣ ਕਰਕੇ ਗ਼ਦਰ ਪਾਰਟੀ ਭਾਰਤ ਨੂੰ ਆਜ਼ਾਦ ਕਰਵਾਉਣ ਵਿਚ ਸਫ਼ਲ ਨਾ ਹੋਈ, ਪਰ ਆਦਰਸ਼ ਲਈ ਖਾਧਾ ਜ਼ਖ਼ਮ, ਸੱਚ ਲਈ ਡੋਲ੍ਹਿਆ ਖ਼ੂਨ ਤੇ ਨਿਆਂ ਲਈ ਉਠੀ ਆਵਾਜ਼ ਕਦੇ ਖਤਮ ਨਹੀਂ ਹੁੰਦੀ। ਗ਼ਦਰ ਪਾਰਟੀ ਦੀਆਂ ਕੁਰਬਾਨੀਆਂ ਨੇ ਆਉਣ ਵਾਲੇ ਭਾਰਤੀ ਨੌਜਵਾਨਾਂ ਨੂੰ ਰਾਹ ਦਰਸਾਇਆ।

ਊਧਮ ਸਿੰਘ ਤੇ ਭਗਤ ਸਿੰਘ ਵਰਗੇ ਭਾਰਤੀ ਗ਼ਦਰ ਪਾਰਟੀ ਤੋਂ ਪ੍ਰੇਰਨਾ ਲੈ ਕੇ ਬਰਾਬਰੀ ਤੇ ਆਜ਼ਾਦੀ ਦੇ ਆਦਰਸ਼ਾਂ ਲਈ ਕੁਰਬਾਨ ਹੋਏ।

ਗ਼ਦਰ ਪਾਰਟੀ ਦੇ ਸੈਂਕੜੇ ਸੂਰਮੇ ਫਾਂਸੀਆਂ ਤੇ ਝੂਲ ਗਏ। ਅੰਡੇਮਾਨ ਵਰਗੇ ਕੁੰਭੀ ਨਰਕਾਂ ਵਿਚ ਉਮਰਾਂ ਗਾਲੀਆਂ ਅਤੇ ਜਾਇਦਾਦਾਂ ਜ਼ਬਤ ਕਰਵਾਈਆਂ। ਗ਼ਦਰ ਪਾਰਟੀ ਦੀਆਂ ਕੁਰਬਾਨੀਆਂ ਦਾ ਪੂਰਨ ਵੇਰਵਾ ਤਾਂ ਨਹੀਂ ਮਿਲਦਾ ਪਰ ਜਿੰਨਾਂ ਕੁ ਮਿਲਿਆ ਹੈ ਉਹ ਇਸ ਪ੍ਰਕਾਰ ਹੈ:— .

| ਮੁਕੱਦਮਾ | | ਫ਼ਾਂਸੀ | ਉਮਰ ਕੈਦ | ਘੱਟ ਕੈਦ |
|---|---|---|---|---|
| 1. | ਲਾਹੌਰ ਸਾਜ਼ਸ਼ ਕੇਸ ਮੁਕੱਦਮਾ ਪਹਿਲਾ | 7 | 38 | 12 |
| 2. | ” ” ” ਦੂਸਰਾ | 5 | 46 | 8 |
| 3. | ” ” ” ਤੀਸਰਾ | 5 | 6 | 1 |
| 4. | ” ” ” ਚੌਥਾ | 1 | – | 1 |
| 5. | ” ” ” ਪੰਜਵਾਂ | 1 | – | – |
| 6. | ਮਾਂਡਲੇ ਦਾ ਮੁਕੱਦਮਾਂ | 1 | – | – |
| 7. | ਮਾਂਡਲੇ ਸਾਜ਼ਸ਼ ਦਾ ਪਹਿਲਾ ਮੁਕੱਦਮਾ | 6 | 6 | 1 |
| 8. | ” ” ਦੂਜਾ ” | – | 4 | – |
| 9. | ਮੰਡੀ ਸਾਜਸ਼ ਦੇ ਦੋ ਮੁਕੱਦਮੇ | – | 2 | – |
| 10. | ਫ਼ੇਰੂ ਸ਼ਹਿਰ ਦਾ ਪਹਿਲਾ ਮੁਕੱਦਮਾ” | ਦੋ ਪੁਲੀਸ ਨਾਲ ਲੜਾਈ ਵਿਚ ਸ਼ਹੀਦ ਹੋਏ। | | |
| 11. | ” ” ਦੂਜਾ ” | – | – | – |
| 12. | ਵੱਲ ਪੁਲ ਦਾ ਮੁਕੱਦਮਾ | 6 | – | – |
| 13. | ਅਨਾਰਕਲੀ ਦਾ ਸਾਕਾ | 1 | – | – |
| 14. | ਪੱਧਰੀ ਕਤਲ ਦਾ ਮੁਕੱਦਮਾ | 2 | 4 | 1 |
| 15. | ਨੰਗਲ ਕਲਾਂ ਦਾ ਕਤਲ | 1 | – | – |
| 16. | 23 ਵਾਂ ਰਸਾਲਾ | 12 | 6 | – |
| 17. | 128 ਵੀ ਪਉਲੀਆਰ | 1 | – | – |
| 18. | 12 ਵਾਂ ਰਸਾਲਾ | 4 | – | – |
| 19. | ਪੰਜਵੀਂ ਹੋਲੀ ਪਲਟਣ ਸਿੰਘਾਪੁਰ 41 | 125 | – | |
| 20. | 130 ਵੀਂ ਬਲੋਚ | 4 | 59 | – |

| | | | |
|---|---|---|---|
| 21. ਕਾਮਾਗਾਟਾ ਮਾਰੂ | 19 (ਗੋਲੀਆਂ ਨਾਲ ਮਾਰੇ)– | | |
| 22. ਚੱਬੇ ਦਾ ਡਾਕਾ | 2 (ਫੱਟੜ ਹੋ ਕੇ ਸ਼ਹੀਦੀ)– | | |
| 23. ਬਨਾਰਸ ਸਾਜ਼ਿਸ਼ | – | 1 | – |
| 24. ਮਲਾਵਲ ਪੁਰ ਤੇ ਕਰਨਾਣੇ ਦੇ ਮੁਕੱਦਮੇ (ਚੌਦਾਂ ਸਾਲ ਤਕ ਚਾਰ)4 | | | |
| 25. ਚੌਕੀ ਮਾਨ | – | – | 1 |
| 26. ਫੈਜ਼ਾ ਬਾਦ | – | – | 1 |
| 27. ਸ੍ਰੀ ਹਰ ਗੋਬਿੰਦਪੁਰ ਦੇ ਮੁਕੱਦਮੇ | (ਚੌਦਾਂ ਸਾਲ ਤਕ) | 8 | 9 |
| 28. ਸਾਨਫਰਾਂਸਿਸਕੋ ਤੇ ਸ਼ਿਕਾਗੋ | 1 ਪੁਲੀਸ ਨੇ ਗੋਲੀ ਨਾਲ ਮਾਰਿਆ | | 19 |
| 29. ਵੈਨਕੂਵਰ ਗੁਰਦਵਾਰਾ | 2 (ਗੋਲੀ ਨਾਲ ਸ਼ਹੀਦ ਹੋਏ)– | | |
| 30. ਇਰਾਨ ਦੇ ਮੋਰਚੇ ਤੇ | 4 ਸ਼ਹੀਦ ਹੋਏ | | – |
| 31. ਖਾਲਸਾ ਕਾਲਜ ਅੰਮ੍ਰਿਤਸਰ | – | 1 | – |
| 32. ਅੰਡੇਮਾਨ ਜਿਹਲ ਅੰਦਰ | 8 (ਭੁੱਖ ਹੜਤਾਲਾਂ ਨਾਲ ਸ਼ਹੀਦ ਹੋਏ) | | |
| ਕੁਲ ਜੋੜ | 145 | 306 | 77 |

ਕਈ ਪਲਟਣਾਂ ਦੇ ਮੁਕੱਦਮਿਆਂ ਅਤੇ ਜਿਹਲਾਂ ਵਿਚਲੀਆਂ ਸ਼ਹੀਦੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਮਿਲੀ। ਸੈਂਕੜੇ ਹੀ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਨੂੰ ਬਿਨਾਂ ਮੁਕੱਦਮਾ ਚਲਾਏ ਪਿੰਡਾਂ ਵਿਚ ਨਜ਼ਰਬੰਦ ਕੀਤਾ।

# ਸ਼੍ਰੀ ਕਰਤਾਰ ਸਿੰਘ ਜੀ ਸ਼ਹੀਦ

ਕਿਹਾ ਅੱਜ ਸ਼ੋਰ ਘਨਘੋਰ ਕੇਹੀ ਬਦਲਾਂ ਦੀ
ਦੇਖੋ ਖਾਂ ਚੁਫੇਰੇ ਕੀ ਅੰਧੇਰ ਜਿਹਾ ਹੋ ਗਿਆ।
ਬੁੱਢੇ, ਨੌਜਵਾਨ, ਬੱਚੇ, ਸਾਰੇ ਪਰੇਸ਼ਾਨ ਖੜੇ,
ਹੋਏ ਕਿਉਂ ਹੈਰਾਨ ਕੀ ਅਮੋਲ ਲਾਲ ਖੋ ਗਿਆ।
ਰੋਂਦੀਆਂ ਕਿਉਂ ਮਾਵਾਂ, ਭੈਣਾਂ ਵੈਣ ਕਿਹੇ ਪੌਂਦੀਆਂ ਨੇ,
ਸੋਗ ਦਾ ਮੁਕਾਮ ਕਿਉਂ ਪੰਜਾਬ ਸਾਰਾ ਹੋ ਗਿਆ।
ਹਿੰਦ ਦਾ ਦੁਲਾਰਾ, ਹਾਂ ਜੀ। ਪਿਆਰਾ ਕਰਤਾਰ ਸਿੰਘ,
ਕੌਮ ਦਾ ਸਤਾਰਾ ਕਰਤਾਰ ਰੂਪ ਹੋ ਗਿਆ।
ਏਸੇ ਲਈ ਅੱਜ ਸੱਜ ਧੱਜ ਨਾ ਕਿਸੇ ਦੀ ਦਿਸੈ,
ਸੂਰਜ ਭੀ ਦੇਖੋ। ਸੀਸ ਬਦਲੀ ਲੁਕੋ ਗਿਆ।
ਭਾਰਤ ਦਾ ਬੱਚਾ-ਬੱਚਾ ਰੋਵੇ ਸੂਰਬੀਰ ਤਾਈਂ
ਪੱਥਰ ਦਿਲਾਂ ਦੇ ਨੇਤਰੋਂ ਭੀ ਨੀਰ ਚੋ ਗਿਆ।
ਦੇਖਿਆ ਨਾ ਰੱਜ ਮੁੱਖ, ਲੱਥੀ ਨਾ ਪਿਆਸ ਭੁੱਖ,
ਪ੍ਰੇਮ ਦੀ ਕਟਾਰ ਦਿਲੀਂ ਵੀਰ ਜੀ ਘੁਸੋ ਗਿਆ।
ਹਿੰਦ ਦਾ ਦੁਲਾਰਾ, ਹਾਂ ਜੀ। ਪਿਆਰਾ ਕਰਤਾਰ ਸਿੰਘ,
ਕੌਮ ਦਾ ਸਤਾਰਾ ਕਰਤਾਰ ਰੂਪ ਹੋ ਗਿਆ।
ਉੱਠਦੀ ਜੁਆਨੀ ਸ਼ੇਰ ਗੱਜਿਆ ਲਾਸਾਨੀ,
ਘੱਤੀ ਵੈਰੀਆਂ ਹੈਰਾਨੀ ਭੂਤ ਮਾਰਕੇ ਖਲੋ ਗਿਆ।
ਮਾਰਿਆ ਜਾਂ ਪੰਜਾ ਖੇਲ ਭੁਲ ਗਈ ਮਦਾਰੀਆਂ ਨੂੰ,
ਜ਼ਾਲਮਾਂ ਦੇ ਭੇਤ ਦੀ ਅਖੀਰੀ ਜੜ੍ਹ ਖੋ ਗਿਆ।
ਕਰ ਗਿਆ ਸਫ਼ਾਈ ਨਾ ਲੁਕਾਈ ਰਹੀ ਗਲ ਕਾਈ,
ਦੇਗੇ ਬੇਈਮਾਨ ਦੇ ਕਨਾਤ ਪਾੜ ਸੋ ਗਿਆ
ਹਿੰਦ ਦਾ ਦੁਲਾਰਾ, ਹਾਂ ਜੀ ਪਿਆਰਾ ਕਰਤਾਰ ਸਿੰਘ,
ਕੌਮ ਦਾ ਸਤਾਰਾ ਕਰਤਾਰ ਰੂਪ ਹੋ ਗਿਆ।

ਮਾਨਸ ਜਨਮ ਨੂੰ ਸਫਲ ਕੀਤਾ ਸੂਰਮੇ ਨੇ,
ਹੋ ਗਿਆ ਅਮਰ ਕਈ ਕੁਲਾਂ ਦੇ ਪਾਪ ਧੋ ਗਿਆ।
ਹੋ ਗਿਆ ਸ਼ਹੀਦ ਚੰਦ ਈਦ ਵਾਂਗ ਵੇਖੇ ਜੱਗ,
ਹਿੰਦ ਮਾਂ ਦੀ ਗੋਦ' ਚਿ ਹਮੇਸ਼ਾਂ ਲਈ ਸੋ ਗਿਆ।
ਦੇ ਗਿਆ ਦਿਲਾਸਾ ਧਰਵਾਸ ਟੁੱਟੇ ਦਿਲਾਂ ਤਾਈਂ,
ਮਾਰ ਕੇ ਝਪਟ ਖੰਭ ਬਗਲਿਆਂ ਦੇ ਖੋ ਗਿਆ।
ਹਿੰਦ ਦਾ ਦੁਲਾਰਾ, ਹਾਂ ਜੀ। ਪਿਆਰਾ ਕਰਤਾਰ ਸਿੰਘ,
ਕੌਮ ਦਾ ਸਤਾਰਾ ਕਰਤਾਰ ਰੂਪ ਹੋ ਗਿਆ।

(ਵੱਲੋਂ ਸ਼੍ਰੀ ਮਾਨ "ਦੁਖੀ" ਜੀ ਕਵੀ ਦੁਨੀਆ, ਕਲਕੱਤਾ

## ਸਰਾਭਾ ਪਿੰਡ ਬਾਰੇ

ਸਰਾਭਾ ਪਿੰਡ ਪੱਖੋਵਾਲ ਰੋਡ ਉਤੇ ਲੁਧਿਆਣਾ ਸ਼ਹਿਰ ਤੋਂ 14 ਮੀਲ ਦੂਰ ਮੋਰੇ ਪਿੰਡ ਚਮਿੰਡਾ ਤੋਂ ਛਿਪਦੀ ਵੱਲ ਨੂੰ ਰੇਤਲੀ ਧਰਤੀ ਉਤੇ ਆਬਾਦ ਹੈ।ਆਮ ਤੌਰ ਤੇ ਇਹ ਗਰੇਵਾਲ ਜੱਟਾਂ ਦਾ ਪਿੰਡ ਹੈ, ਜਿਥੇ ਦੇਸ਼ ਦੀ ਵੰਡ ਤੋਂ ਪਹਿਲਾਂ ਕੁਝ ਮੁਸਲਮਾਨ ਭੀ ਰਹਿੰਦੇ ਸਨ, ਜੋ 1947 ਵਿਚ ਪਿੰਡ ਛੱਡਕੇ ਪਾਕਿਸਤਾਨ ਚਲੇ ਗਏ।

ਸ਼ਹੀਦੀ ਜੂਹ ਦਾ ਨਾਮ ਪਿੰਡ ਸਰਾਭੇ ਵਾਸਤੇ ਏਸ ਲਈ ਵਰਤਿਆ ਹੈ ਕਿ ਏਥੋਂ ਦੇ ਦੋ ਸ਼ਹੀਦ ਰੁਲੀਆ ਸਿੰਘ ਤੇ ਕਰਤਾਰ ਸਿੰਘ ਕੌਮੀ ਸ਼ਹੀਦ ਹੋਏ ਹਨ। ਭਾਵੇਂ ਕਰਤਾਰ ਸਿੰਘ ਦਾ ਨਾਮ ਲੋਕਾਂ ਦੇ ਮੂੰਹ ਬਹੁਤਾ ਚੜ੍ਹਿਆ ਹੋਇਆ ਹੈ ਪਰ ਰੁਲੀਆ ਸਿੰਘ ਜੀਹਦੇ ਘਰ ਰਹਿ ਕੇ ਕਰਤਾਰ ਸਿੰਘ ਦੇਸ਼ ਭਗਤ ਬਣਿਆ ਉਹ ਭੀ ਹੋਰ ਵਹੀਰ ਦੇ ਨਾਲ ਦੇਸ਼ ਨੂੰ ਆਇਆ ਤੇ ਫਾਂਸੀ ਤੋਂ ਉਮਰ ਕੈਦ ਹੋ ਕੇ ਕਾਲੇ ਪਾਣੀਆਂ ਵਿਚ ਸ਼ਹੀਦ ਹੋਇਆ ਜੋ ਭੁਲਾਇਆ ਨਹੀਂ ਜਾ ਸਕਦਾ। ਇਹ ਪਿੰਡ ਸ਼ਹੀਦੀ ਜੂਹ ਬਣਨ ਤੋਂ ਪਹਿਲਾਂ ਭੀ ਏਸ ਲਈ ਮਸ਼ਹੂਰ ਸੀ ਕਿ ਇਥੇ ਇਕ ਖੂਹ ਹੈ ਜੋ ਵੀਹ ਹੱਥ ਚੌੜਾ ਹੈ ਏਡਾ ਚੌੜਾ ਖੂਹ ਮਾਲਵੇ ਵਿਚ ਹੋਰ ਕੋਈ ਨਹੀਂ ਏਸ ਲਈ ਇਹ ਪਿੰਡ ਲੋਕਾਂ ਦੇ ਮੂੰਹ ਚੜ੍ਹਿਆ ਹੋਇਆ ਸੀ ਤੇ ਕੋਈ ਸੌਦਾ ਕਰਨ ਸਮੇਂ ਲੋਕ ਕਹਾਉਤ ਵਜੋਂ ਇਹ ਔਖਰ ਵਰਤਿਆ ਕਰਦੇ ਸਨ ਕਿ ਭਾਈ ਸਰਾਭੇ ਦੇ ਖੂਹ ਜਿੱਡਾ ਰੁਪਿਆ ਦਿਤਾ ਹੈ, ਕੋਈ ਮੁਫਤ ਥੋੜੇ ਲੈ ਲਿਆ ਹੈ। ਇਹਨਾਂ ਸਭ ਗੱਲਾਂ ਦੀ ਮਹੱਤਤਾ ਨੂੰ ਦਰਸਾਂਦੇ ਹੋਏ ਪਾਠਕਾਂ ਦੀ ਦਿਲਚਸਪੀ ਲਈ ਕਵਿਤਾ ਦੇ ਟੱਪਿਆਂ ਵਿਚ ਇਉਂ ਵਰਨਣ ਕੀਤਾ ਹੈ:-

### ਸ਼ਹੀਦੀ ਜੂਹ

ਸੁਣੋ ਪੰਜਾਬੀ ਗੱਭਰੂ ਰਲ ਮਿਲ ਸੁਣੋ ਸਮੂਹ।
ਸਾਮਰਤੱਖ ਦਿਖਾਵਾਂ ਤੁਹਾਨੂੰ ਉਹ ਸ਼ਹੀਦੀ ਜੂਹ।
ਜਿੱਥੇ ਰੇਤਾਂ ਤੱਤੀਆਂ ਦੇਣ ਜਿਸਮ ਨੂੰ ਲੂਹ।
ਜਿੱਥੇ ਤੌਬਾ ਕਰ ਗਈ ਉੱਮਤ ਹਜ਼ਰਤ ਨੂਹ।
ਜਿੱਥੇ ਛਲ੍ਹਕਾਂ ਮਾਰਦਾ ਵੀਹ ਹੱਥ ਚੌੜਾ ਖੂਹ।
ਜਿੱਥੇ ਜੰਮ ਸ਼ਹੀਦ ਦੀ ਪਲੀ ਪਵਿਤਰ ਰੂਹ।
ਥੱਤੀ ਧਾਰਾਂ ਸਾਹਿਬ ਕੌਰ ਨੇ ਚੋਈਆਂ ਜੀਹਦੇ ਮੂੰਹ।
ਨਾੜ ਨਾੜ ਝਰਨਾਟਾਂ ਛਿੜੀਆਂ ਛਿੜੀਆਂ ਦੂਹੇ ਦੂਹ।
ਜੀਹਦੇ ਦਿਲ ਦਲੇਰ ਦੀ ਸਾਖੀ ਭਰਨ ਅਦੂ।
ਜੀਹਦੇ ਵਤਨ ਪਿਆਰ ਦੀ ਇਕ ਭਗਤ ਸਿੰਘ ਨੂੰ ਸੂਹ।
ਜੀਹਦਾ ਅੰਨ ਜਲ ਜੀਵਕੇ ਜਿਸਦੀ ਸ਼ਕਤ ਥਰੂ।
ਫਾਂਸੀ ਘਰ ਤੇ ਲਿਖਤਾਂ ਲਿਖਕੇ ਨਾਲ ਲਹੂ।
ਪੁੱਟੀ ਜੜ੍ਹ ਕਰਤਾਰ ਨੇ ਸਾਮਰਾਜ ਦੀ ਧੂਹ।
ਜਿਥੇ ਕਾਲੇ ਪਾਣੀਓਂ ਜਾਣ ਪਵਿਤ ਰਿਤੂਹ।
ਰੁਲੀਆ ਸਿੰਘ ਦੀ ਰੂਹ ਨੂੰ ਪੌਣ ਲਿਆਈ ਛੂਹ।
ਇਉਂ ਇਹ ਧਰਤੀ ਧਰਮ ਦੀ ਬਣੀ ਸ਼ਹੀਦੀ ਜੂਹ।
ਧੰਨ ਧੰਨ ਪਿੰਡ ਸਰਾਭਾ ਜਾਣੋ ਧੰਨ ਧਰਤੀ ਧਰਮੂਹ।
ਵਤਨ ਥਿਭੂਤੀ ਬਣ ਗਈ ਜਿਸ ਮਿਟੀ ਦੀ ਕਿਣਕੂਹ।
ਧੰਨ ਧੰਨ ਮਾਪੇ ਜਿਨੀ ਜਾਏ, ਜਾਏ ਅਫਲਾਤੂਹ।
ਰੁਲੀਆ ਸਿੰਘ ਕਰਤਾਰ ਦੀ ਇਹ ਸ਼ਹੀਦੀ ਜੂਹ।
ਵਾਰਸ ਜੀਹਦੇ ਗੱਭਰੂ ਸਫਰੀ ਪ੍ਰੇਮ, ਹਮੂੰਹ।

### ਜਨਮ ਤੇ ਮੁਢਲੀ ਵਿੱਦਿਆ

ਸ: ਕਰਤਾਰ ਸਿੰਘ ਸਰਾਭਾ ਦਾ ਜਨਮ ਸੰਨ 1896 ਈਸਵੀ ਵਿਚ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਚ ਸ: ਮੰਗਲ ਸਿੰਘ ਜੀ ਦੇ ਘਰ ਮਾਤਾ ਸਾਹਿਬ ਕੌਰ ਜੀ ਦੀ ਕੁੱਖੋਂ ਹੋਇਆ। ਮੁਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਪੜ੍ਹੀ ਤੇ ਫੇਰ ਕੁਝ ਚਿਰ ਗੁਜਰਵਾਲ ਦੇ ਵਰਨੈਕੂਲਰ ਮਿਡਲ ਸਕੂਲ ਵਿਚ ਪੜ੍ਹਕੇ, ਲੁਧਿਆਣੇ ਮਾਲਵਾ ਖਾਲਸਾ

ਹਾਈ ਸਕੂਲ ਵਿਚ ਜਾ ਲਗਾ। ਕਰਤਾਰ ਸਿੰਘ ਮੁਢ ਤੋਂ ਹੀ ਬੜਾ ਚੁਸਤ ਚਾਲਾਕ ਤੇ ਹੁਸ਼ਿਆਰ ਸੀ। ਇਸ ਹੁਸ਼ਿਆਰੀ ਤੇ ਚੁਸਤੀ ਕਾਰਨ ਇਸਦਾ ਇਹ ਖਿਆਲ ਬਣ ਗਿਆ ਕਿ ਕਿਸੇ ਤਰ੍ਹਾਂ ਦੋ ਦੋ ਜਮਾਤਾਂ ਕਰਕੇ ਬਹੁਤ ਛੇਤੀ ਅਗੇ ਵਧਿਆ ਜਾਵੇ। ਏਸੇ ਖਿਆਲ ਦੇ ਅਧੀਨ ਮਾਲਵਾ ਸਕੂਲ ਵਿਚੋਂ ਸੱਤਵੀਂ ਦਾ ਸਰਟੀਫੀਕੇਟ ਲੈ ਕੇ ਉਪਰ ਨੌਵੀਂ ਬਣਾ ਕੇ ਆਰੀਆ ਸਕੂਲ ਵਿਚ ਜਾ ਦਾਖਲ ਹੋਇਆ। ਕੁਝ ਚਿਰ ਤਾਂ ਸਕੂਲ ਵਾਲਿਆਂ ਨੂੰ ਪਤਾ ਨਾ ਲਗਾ ਪਰ ਬਾਅਦ ਵਿਚ ਪਤਾ ਲਗ ਗਿਆ ਕਿ ਇਹ ਤਾਂ ਸੱਤਵੀਂ ਦਾ ਵਿਦਿਆਰਥੀ ਹੈ ਏਸ ਲਈ ਐਕਸ਼ਨ ਲੈਣਾ ਚਾਹਿਆ, ਤਾਂ ਇਹ ਸਕੂਲ ਛਡਕੇ ਆਪਣੇ ਚਾਚੇ ਸ: ਬਖਸ਼ੀਸ਼ ਸਿੰਘ ਪਾਸ ਉੜੀਸਾ ਚਲਾ ਗਿਆ ਤੇ ਫੇਰ ਓਥੋਂ ਹੀ ਦਸਵੀਂ ਪਾਸ ਕਰਕੇ ਆਪਣੇ ਬਾਬਾ ਬਦਨ ਸਿੰਘ ਦੀ ਮਦਦ ਨਾਲ ਉਚ ਵਿੱਦਿਆ ਪ੍ਰਾਪਤ ਕਰਨ ਲਈ ਅਮਰੀਕਾ ਚਲਾ ਗਿਆ। ਕਰਤਾਰ ਸਿੰਘ ਆਪਣੀ ਚੁਸਤੀ ਤੇ ਚਾਲਾਕੀ ਕਾਰਨ ਹਰ ਸਮੇਂ ਟਪੂੰ-ਟਪੂੰ ਕਰਦਾ ਰਹਿੰਦਾ ਸੀ।ਅਮਰੀਕਾ ਜਾ ਕੇ ਰਸਾਇਣਿਕ ਵਿੱਦਿਆ ਪ੍ਰਾਪਤ ਕਰਨ ਵਾਸਤੇ ਬਰਕਲੇ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ ਤੇ ਪੜ੍ਹਾਈ ਆਰੰਭ ਕਰ ਦਿਤੀ ਪਰ ਉਥੋਂ ਦੇ ਲੋਕਾਂ ਦੇ ਤਾਹਨੇ ਮਿਹਣੇ ਸਹਿਕੇ ਤੇ ਗੁਲਾਮ ਦੇਸ਼ਾਂ ਨੂੰ ਆਜ਼ਾਦ ਕਰਾਉਣ ਵਾਲੇ ਦੇਸ਼ ਭਗਤਾਂ ਦੀਆਂ ਜੀਵਨੀਆਂ ਪੜ੍ਹਕੇ ਅਜੇਹੀ ਲਗਨ ਲਗੀ ਕਿ ਸਭ ਕੁਝ ਦੇਸ਼ ਉਤੋਂ ਕੁਰਬਾਨ ਕਰਨ ਲਈ ਤਿਆਰ ਹੋ ਗਿਆ ਤੇ ਏਸ ਬਾਰੇ ਇਕ ਹੋਰ ਕਹਾਣੀ ਸੁਣਨ ਵਿਚ ਆਈ ਹੈ ਕਿ ਕਰਤਾਰ ਸਿੰਘ ਅਮ੍ਰੀਕਾ ਵਿਚ ਇਕ ਬਿਰਧ ਇਸਤਰੀ ਦੇ ਘਰ ਰਹਿੰਦਾ ਸੀ ਤਾਂ ਇਕ ਦਿਨ ਜਿਹੜਾ ਕਿ ਅਮਰੀਕਾ ਦੀ ਆਜ਼ਾਦੀ ਦਾ ਦਿਨ ਸੀ ਓਸ ਇਸਤਰੀ ਨੇ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਦੇਸ਼ ਭਗਤਾਂ ਦੀਆਂ ਤਸਵੀਰਾਂ ਨੂੰ ਫੁੱਲਾਂ ਨਾਲ ਸਜਾਇਆ ਤੇ ਬਹੁਤ ਸਤਿਕਾਰ ਕੀਤਾ।ਕਰਤਾਰ ਸਿੰਘ ਨੇ ਪੁਛਿਆ ਮੈਡਮ ਅੱਜ ਤੁਸੀਂ ਕਿਸ ਗੱਲ ਦੀ ਖੁਸ਼ੀ ਮਨਾ ਰਹੇ ਹੋ, ਤਾਂ ਇਸਤਰੀ ਨੇ ਕਿਹਾ ਕਿ ਅੱਜ ਦੇ ਦਿਨ ਸਾਡਾ ਦੇਸ਼ ਆਜ਼ਾਦ ਹੋਇਆ ਸੀ। ਸਾਡਾ ਸਭ ਤੋਂ ਵੱਡਾ ਤੇ ਸਤਿਕਾਰ ਯੋਗ ਦਿਨ ਆਜ਼ਾਦੀ ਦਾ ਦਿਨ ਹੀ ਹੈ। ਏਸ ਨਜ਼ਾਰੇ ਨੂੰ ਦੇਖਕੇ ਕਰਤਾਰ ਸਿੰਘ ਨੇ ਅਨੁਭਵ ਕੀਤਾ ਕਿ ਹਿੰਦ ਵਾਸੀ ਤਾਂ ਆਜ਼ਾਦੀ ਦੀ ਸੱਚੀ ਖੁਸ਼ੀ ਤੋਂ ਵਾਂਝੇ ਹਨ।ਉਹ ਆਜ਼ਾਦੀ ਦੀਆਂ ਬਰਕਤਾਂ ਨਹੀਂ ਸਮਝਦੇ।ਉਸ ਦਿਨ ਤੋਂ ਕਰਤਾਰ ਸਿੰਘ ਦੀ ਰੁਚੀ ਦੇਸ਼ ਦੀ ਆਜ਼ਾਦੀ ਵੱਲ ਪ੍ਰਬਲ ਹੁੰਦੀ ਗਈ ਤੇ ਉਹ ਦੇਸ਼ ਭਗਤਾਂ ਨਾਲ ਮਿਲਕੇ ਮੀਟਿੰਗਾਂ ਆਦਿ ਵਿਚ ਦਿਲਚਸਪੀ ਲੈਣ ਲਗ ਪਿਆ ਆਖਿਰ ਆਰਾ ਮਿੱਲ ਵਾਲੀ ਮੀਟਿੰਗ ਵਿਚ ਗ਼ਦਰੀਆਂ ਦਾ ਭਾਈ ਵਾਲ ਬਣ ਗਿਆ।

## ਦੇਸ਼ ਭਗਤੀ ਦੀ ਲਗਨ ਤੇ ਮੌਤ ਲਾੜੀ ਨਾਲ ਸ਼ਾਦੀ

ਕਿਉਂਕਿ ਭਾਰਤ ਦੀ ਆਜ਼ਾਦੀ ਕਰਤਾਰ ਸਿੰਘ ਦਾ ਇਕ ਆਦਰਸ਼ ਬਣ ਚੁਕੀ ਸੀ, ਇਸ ਤੋਂ ਬਿਨਾਂ ਉਸਦੇ ਦਿਲ ਤੇ ਦਿਮਾਗ ਉਤੇ ਕਿਸੇ ਗੱਲ ਦਾ ਭੀ ਅਸਰ ਨਹੀਂ ਸੀ ਹੁੰਦਾ। ਤਾਂ

ਜਦੋਂ ਅਮਰੀਕਾ ਵਿਚ ਇਕ ਹੁਸਨ ਮਤੀ ਨੌਜਵਾਨ ਕੁੜੀ ਨੇ ਉਸਨੇ ਸਾਹਮਣੇ ਸ਼ਾਦੀ ਕਰਨ ਦਾ ਪ੍ਰਸਤਾਵ ਰਖਿਆ ਤਾਂ ਆਪ ਨੇ ਕਿਹਾ ਸੀ। ਮੈਂ ਦੇਸ਼ ਦੀ ਆਜ਼ਾਦੀ ਲਈ ਜਦੋ ਜਹਿਦ ਕਰਨੀ ਚਾਹੁੰਦਾ ਹਾਂ। ਇਸ ਰਾਹ ਪਰ ਤੁਰਨ ਵਾਲਿਆਂ ਨੂੰ ਮੌਤ ਹੀ ਨਸੀਬ ਹੋਇਆ ਕਰਦੀ ਹੈ। ਇਸ ਕਰਕੇ ਮੈਂ ਮੌਤ ਲਾੜੀ ਨਾਲ ਹੀ ਸ਼ਾਦੀ ਕਰਨ ਦਾ ਫੈਸਲਾ ਕਰ ਚੁਕਾ ਹਾਂ।" ਕਰਤਾਰ ਸਿੰਘ ਨੂੰ ਆਜ਼ਾਦੀ ਨਾਲ ਏਨਾ ਗੂਹੜਾ ਪਿਆਰ ਹੋ ਚੁਕਾ ਸੀ ਕਿ ਸਾਰੀ ਦੁਨੀਆਂ ਦਾ ਰੂਪ ਭੀ ਜੇ ਇਕੱਠਾ ਹੋ ਕੇ ਉਸਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਉਣਾ ਚਾਹੁੰਦਾ ਤਾਂ ਉਹ ਉਸ ਵਿਚ ਸਫ਼ਲ ਨਾ ਹੋ ਸਕਦਾ।

ਇਕ ਵਾਰੀ ਭਾਈ ਪਰਮਾਨੰਦ ਨੇ ਕਰਤਾਰ ਸਿੰਘ ਨੂੰ ਕਿਹਾ "ਕਰਤਾਰ ਸਿੰਘ ਜੇ ਤੂੰ ਗ਼ਦਰ ਪਾਰਟੀ ਦੀ ਤਿਆਰੀ ਨਾ ਕਰਦਾ ਤਾਂ ਮੌਤ ਦੇ ਮੂੰਹ ਕਿਉਂ ਆਉਂਦਾ। ਅਮਰੀਕਾ ਦਾ ਸੁਖੀ ਜੀਵਨ ਛੱਡਕੇ ਤੂੰ ਗੁਲਾਮ ਦੇਸ਼ ਵਿਚ ਕਿਉਂ ਆ ਗਿਆ।" ਇਨ੍ਹਾਂ ਪ੍ਰਸ਼ਨਾਂ ਦੇ ਉਤਰ ਵਿਚ ਕਰਤਾਰ ਸਿੰਘ ਨੇ ਕਿਹਾ "ਮੈਂ ਮਰਨਾ ਚਾਹੁੰਦਾ ਸਾਂ" ਤਾਂ ਭਾਈ ਪਰਮਾ ਨੇ ਕਿਹਾ ਕਿਉਂ ? ਕਰਤਾਰ ਸਿੰਘ ਨੇ ਉਤਰ ਦਿਤਾ ਕਿ ਜਦ ਅਮਰੀਕਨ ਤੇ ਅੰਗਰੇਜ਼ ਲੋਕ ਕਹਿੰਦੇ ਸਨ ਡੈਮ ਹਿੰਦੂ ਤਾਂ ਮੈਨੂੰ ਬਹੁਤ ਗੁੱਸਾ ਆਉਂਦਾ ਸੀ, ਇਹ ਤਾਹਨੇ ਮੇਹਣੇ ਸੁਣਕੇ ਫੈਸਲਾਂ ਕੀਤਾ ਕਿ ਹੁਣ ਜਾਂ ਤਾਂ ਦੇਸ਼ ਆਜ਼ਾਦ ਕਰਾਵਾਂਗਾ ਜਾਂ ਏਸ ਨਰਕ ਭਰੇ ਜੀਵਨ ਨਾਲੋਂ ਮੌਤ ਨੂੰ ਚੰਗਾ ਸਮਝਾਂਗਾ।

ਉਪਰੋਕਤ ਤਾਹਨੇ ਮਿਹਣਿਆਂ ਨੂੰ ਨਾ ਸਹਾਰਦੇ ਹੋਏ ਪਹਿਲਾਂ ਹੀ ਉਥੇ ਰਹਿੰਦੇ ਹੋਏ ਭਰਾਵਾਂ ਨੇ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਯਤਨ ਆਰੰਭੇ ਹੋਏ ਸਨ। ਜਿਸਦੇ ਸਿੱਟੇ ਵਜੋਂ ਬਾਬਾ ਕੇਸਰ ਸਿੰਘ ਠਠ ਗੜ੍ਹ, (ਅੰਮ੍ਰਿਤਸਰ) ਦੇ ਡੇਰੇ ਅਸਟੋਰੀਆ ਦੀ ਇਕ ਆਰਾ ਮਿੱਲ ਵਿਚ ਹਿੰਦ ਪੈਸੇਫਿਕ ਐਸੋਸੀਏਸ਼ਨ ਦੇ ਨਾਮ ਦੀ ਇਕ ਸਭਾ 29 ਅਪਰੈਲ 1913 ਨੂੰ ਸਾਜੀ ਗਈ ਜਦੋਂ ਕਿ ਕਰਤਾਰ ਸਿੰਘ ਸਰਾਭਾ ਆਪਣੇ ਪਿੰਡ ਦੇ ਸ: ਰੁਲੀਆ ਸਿੰਘ ਪਾਸ ਛੁੱਟੀ ਦੇ ਦਿਨਾਂ ਵਿਚ ਓਥੇ ਮਜ਼ਦੂਰੀ ਕਰਨ ਲਈ ਗਿਆ ਹੋਇਆ ਸੀ। ਓਸ ਸਭਾ ਵਿਚ ਉਪ੍ਰੋਕਤ ਨਾਮ ਦੀ ਸੁਸਾਇਟੀ ਬਣਾ ਕੇ ਉਸਦੇ ਨਿਯਮ ਤੇ ਮਨੋਰਥ ਆਦਿ ਦਾ ਢਾਂਚਾ ਘੜਨ ਲਈ ਮਤੇ ਪਾਸ ਕੀਤੇ ਗਏ ਤੇ ਹੇਠ ਲਿਖੇ ਅਹੁਦੇਦਾਰ ਚੁਣੇ ਗਏ:-

ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ, ਲਾਲਾ ਠਾਕਰ ਦਾਸ ਧੂਰੀ ਜਾਇੰਟ ਸਕੱਤਰ ਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ ਚੁਣੇ ਗਏ।

ਏਥੇ ਸ਼ਹੀਦ ਰੁਲੀਆ ਸਿੰਘ ਦਾ ਜਿਕਰ ਜ਼ਰੂਰੀ ਭਾਸਦਾ ਹੈ,

## ਸ਼ਹੀਦ ਰੁਲੀਆ ਸਿੰਘ ਜੀ

ਇਹ ਵੀਰ ਤੋਸਾ ਮਾਰੂ ਜਹਾਜ਼ ਵਿਚ ਹਿੰਦੁਸਤਾਨ ਆਇਆ ਤੇ ਪਿੰਡ ਨਜ਼ਰ ਬੰਦ ਕੀਤਾ ਗਿਆ ਤੇ ਫੇਰ ਪਾਰਟੀ ਵਿਚ ਰਲ ਕੇ ਕੰਮ ਕਰਦਾ ਰਿਹਾ ਤੇ ਉਮਰ ਕੈਦ ਦੀ ਸਜ਼ਾ ਹੋ

ਕੇ ਅੰਡੇਮਾਨ ਕਾਲੇ ਪਾਣੀ ਭੇਜਿਆ ਗਿਆ ਜਿਥੇ ਜੇਲ੍ਹ ਦੇ ਕਸ਼ਟਾਂ ਤੇ ਸਖਤੀਆਂ ਕਾਰਨ ਓਥੇ ਹੀ ਸ਼ਹੀਦ ਹੋ ਗਿਆ।

ਰੁਲੀਆ ਸਿੰਘ ਜਹੇ ਗਏ ਰੁਲ ਹੀਰੇ।
ਘਰੀਂ ਅਪੜੇ ਨ ਇੰਡੇਮਾਨ ਰਹਿ ਗਏ।
ਰਹਿ ਗਏ ਕਾਗਜ਼ਾਂ ਵਿਚ ਪਰਮਾਣ ਸਾਥੀ।
ਯਾ ਫਿਰ ਅਸਾਂ ਦੀ ਵਿਚ ਜ਼ਬਾਨ ਰਹਿ ਗਏ।
ਨ ਕੋਈ ਮਾਰਕੀਟ ਕੈਂਪ ਬਾਜ਼ਾਰ ਕਿਧਰੇ।
ਨ ਕੋਈ ਵੀਰਾਂ ਦੇ ਹੋਰ ਨਿਸ਼ਾਨ ਰਹਿ ਗਏ।
ਲਈਆਂ ਕੁਰਸੀਆਂ ਮਲ ਮਹਾਜਨਾਂ ਨੇ।
ਜੇਹਲੀਂ ਮਰਦੇ ਜੱਟ ਜੁਆਨ ਰਹਿ ਗਏ।

## ਅਖਬਾਰ ਦੀ ਸਕੀਮ

ਏਸ ਸਭਾ ਦੇ ਬਣਨ ਦੀ ਖਬਰ ਸਾਰੇ ਅਮਰੀਕਾ ਵਿਚ ਫੈਲ ਗਈ ਤੇ ਲੋਕਾਂ ਵਿਚ ਦੇਸ਼ ਦੀ ਆਜ਼ਾਦੀ ਲਈ ਉਤਸ਼ਾਹ ਪੈਦਾ ਹੋ ਗਿਆ ਤੇ ਅਖ਼ਬਾਰ ਕੱਢਣ ਦਾ ਫੈਸਲਾ ਹੋਇਆ ਜਿਸਦਾ ਨਾਮ ਲਾਲਾ ਹਰਦਿਆਲ ਦੀ ਤਜਵੀਜ ਤੇ ਗ਼ਦਰ ਰਖਿਆ ਗਿਆ।

## ਇੰਤਜ਼ਾਮੀਆ ਕਮੇਟੀ ਦਾ ਮੈਂਬਰ ਬਣਨਾ

ਫੇਰ ਇਕ ਮੀਟਿੰਗ ਕੈਲੇਫੋਰਨੀਆ ਦੇ ਖੇਤ ਮਜ਼ਦੂਰਾਂ ਦੀ ਸੈਕਰਾਮੈਂਟ ਵਿਚ ਹੋਈ ਜਿਸ ਵਿਚ ਚੋਣ ਪਹਿਲੀ ਹੀ ਬਰਕਾਰਾਰ ਰਖੀ ਗਈ। ਕੇਵਲ ਬਾਬਾ ਜਵਾਲਾ ਸਿੰਘ ਜੀ ਨੂੰ ਕੈਲੇਫੋਰਨੀਆਂ ਵਲੋਂ ਮੀਤ ਪ੍ਰਧਾਨ ਦੇ ਤੌਰ ਤੇ ਲਿਆ ਗਿਆ ਤੇ ਕਰਤਾਰ ਸਿੰਘ ਇੰਤਜ਼ਾਮੀਆ ਕਮੇਟੀ ਦਾ ਮੈਂਬਰ ਬਣਿਆ ਤਾਂ ਲਾਲਾ ਹਰਦਿਆਲ ਤੇ ਹੋਰ ਦੇਸ਼ ਭਗਤਾਂ ਦੇ ਨੇੜੇ ਹੋ ਗਿਆ। ਇਸ ਤੋਂ ਬਿਨਾਂ ਕਾਲਜ ਦੇ ਹੋਰ ਵਿਦਿਆਰਥੀ ਭੀ ਜਿਹੜੇ ਆਜ਼ਾਦੀ ਦੇ ਖਿਆਲ ਰਖਦੇ ਸਨ, ਉਹ ਕਾਲਜ ਤੋਂ ਬਾਹਰ ਇਕ ਹੋਸਟਲ ਵਿਚ ਲਾਲਾ ਹਰਦਿਆਲ ਨੂੰ ਮਿਲਦੇ ਰਹਿੰਦੇ ਸਨ, ਜਿਥੇ ਕਿ ਲਾਲਾ ਜੀ ਆਮ ਤੌਰ ਤੇ ਜਾਇਆ ਕਰਦੇ ਸਨ। ਇਸ ਗ਼ਦਰ ਪਾਰਟੀ ਵਲ ਖਿਚਿਆ ਗਿਆ ਤੇ ਅਜਿਹੀ ਚੇਟਕ ਲਗੀ ਕਿ ਪੜ੍ਹਾਈ ਛਡਕੇ ਆਪਣੇ ਆਪ ਨੂੰ ਗ਼ਦਰ ਪਾਰਟੀ ਦੇ ਹਵਾਲੇ ਕਰ ਦਿਤਾ ਤੇ ਜੋ ਨਕਦ ਨਾਵਾਂ ਕੋਲ ਸੀ ਉਹ ਭੀ ਪਾਰਟੀ ਨੂੰ ਦੇ ਦਿੱਤਾ ਅਤੇ ਗ਼ਦਰ ਅਖਬਾਰ ਵਿਚ ਪੂਰੀ ਤਨ ਦੇਹੀ ਨਾਲ ਕੰਮ ਕਰਨ ਲਗ ਪਿਆ। ਪੰਜਾਬੀ ਦੇ ਮਜ਼ਮੂਨ ਲਿਖਣ ਤੇ ਛਾਪਣ ਲਈ ਦਿਨ ਰਾਤ ਜੁਟਿਆ ਰਹਿੰਦਾ। ਗ਼ਦਰ ਅਖ਼ਬਾਰ ਦਾ ਪਹਿਲਾ ਪਰਚਾ ਨਵੰਬਰ 1913 ਈਸਵੀ ਵਿਚ ਛਪਿਆ ਸੀ। ਇਸ ਅਖ਼ਬਾਰ ਦੀਆਂ ਦੇਸ਼ ਭਗਤੀ ਵੱਲ ਰੁਚੀਆਂ ਤੇ ਗੁਲਾਮੀ ਵਿਰੁਧ ਤਾਹਨੇ ਤੇ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ

ਵਾਲੀਆਂ ਕਵਿਤਾਵਾਂ ਨੇ ਸਾਰੇ ਟਾਪੂਆਂ ਵਿਚ ਹਲ ਚਲ ਮਚਾ ਦਿਤੀ। ਜਿਨ੍ਹਾਂ ਦਾ ਪ੍ਰਚਾਰ ਫਰੰਗੀ ਨਾਲ ਸਿੱਧੀ ਹਥਿਆਰਬੰਦ ਲੜਾਈ ਕਰਕੇ ਦੇਸ਼ ਆਜ਼ਾਦ ਕਰਾਉਣ ਦਾ ਸੀ। ਜਿਨ੍ਹਾਂ ਨੂੰ ਪੜ੍ਹ ਕੇ ਹਰ ਹਿੰਦੁਸਤਾਨੀ ਦੇ ਦਿਲ ਵਿਚ ਗੁਲਾਮੀ ਵਿਰੁਧ ਨਫ਼ਰਤ ਤੇ ਦੇਸ਼ ਭਗਤੀ ਲਈ ਉਤਸ਼ਾਹ ਪੈਦਾ ਹੋ ਜਾਂਦਾ ਸੀ। ਅਖ਼ਬਾਰ ਤੋਂ ਬਿਨਾਂ ਬਾਬਾ ਜਵਾਲਾ ਸਿੰਘ ਦੀ ਮਦਦ ਨਾਲ ਕਰਤਾਰ ਸਿੰਘ ਨੇ ਨਿਊਯਾਰਕ ਦੀ ਇਕ ਕੰਪਨੀ ਤੋਂ ਹਵਾਈ ਜਹਾਜ਼ ਚਲਾਉਣਾ ਤੇ ਮੁਰੰਮਤ ਕਰਨਾ ਭੀ ਸਿੱਖ ਲਿਆ ਸੀ। ਇਸੇ ਸਮੇਂ ਵਿਚ ਜਦੋਂ ਜਰਮਨ ਤੇ ਅੰਗਰੇਜ਼ ਦੇ ਜੰਗ ਦੀਆਂ ਅਫਵਾਹਾਂ ਫੈਲ ਰਹੀਆਂ ਸਨ ਤੇ 25 ਜੁਲਾਈ 1914 ਨੂੰ ਔਕਸਨ ਨਾਰਡ ਵਿਚ ਹੋ ਰਹੇ ਹਿੰਦੀ ਜਲਸੇ ਵਿਚ ਐਲਾਨ ਕਰ ਦਿਤਾ ਕਿ :-

"ਯੂਰਪ ਵਿਚ ਜੰਗ ਛਿੜ ਪਈ ਹੈ, ਬਰਤਾਨੀਆਂ ਨੂੰ ਹਿੰਦ ਵਿਚੋਂ ਕੱਢ ਦੇਈਏ। ਦੇਸ਼ ਜਾ ਕੇ ਫੌਜਾਂ ਨੂੰ ਵਿਗਾੜਨ ਤੇ ਨਾਲ ਲੈ ਕੇ ਗ਼ਦਰ ਮਚਾਉਣ ਦਾ ਬੜਾ ਚੰਗਾ ਸਮਾਂ ਹੱਥ ਆ ਗਿਆ ਹੈ।"

ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦਾ ਤੇ ਗ਼ਦਰ ਮਚਾਉਣ ਦਾ ਇਹ ਬੜਾ ਢੁੱਕਵਾਂ ਵੇਲਾ ਹੈ। ਉਧਰ 4 ਅਗਸਤ, 1914 ਨੂੰ ਰੂਸ ਤੇ ਅੰਗਰੇਜ਼ ਜੰਗ ਵਿਚ ਕੁਦ ਪਏ, ਤਾਂ ਗ਼ਦਰ ਪਾਰਟੀ ਦੇ ਭੀ ਸਭ ਮੈਂਬਰਾਂ ਨੇ ਇਕੱਠੇ ਹੋ ਕੇ ਐਲਾਨੇ ਜੰਗ ਕਰ ਦਿਤਾ ਜਿਹੜਾ ਕਿ ੫ ਅਗਸਤ 1914 ਦੇ ਪਰਚੇ ਵਿਚ ਛਾਪ ਦਿਤਾ ਗਿਆ। ਇਸ ਤੋਂ ਪਹਿਲਾਂ ਗ਼ਦਰ ਦੀ ਗੂੰਜ ਦੀਆਂ ਹੇਠ ਲਿਖੀਆਂ ਕਵਿਤਾਵਾਂ ਨੇ ਪਹਿਲਾਂ ਹੀ ਹਿੰਦੀਆਂ ਨੂੰ ਟੁੰਬ ਛਡਿਆ ਸੀ, ਉਹ ਇਉਂ ਸਨ:-

ਕੁਲੀ ਕੁਲੀ ਪੁਕਾਰਦਾ ਜਗ ਸਾਰਾ,
ਸਾਡਾ ਝੁਲਦਾ ਨਹੀਂ ਨਿਸ਼ਾਨ ਵੀਰੋ।
ਕਾਲਾ ਦਾਗ਼ ਗੁਲਾਮੀ ਦਾ ਦੇਖ ਮੱਥੇ,
ਧੱਕੇ ਮਾਰਦਾ ਕੁਲ ਜਹਾਨ ਵੀਰੋ।
ਚੀਨੇ ਉਠ ਬੈਠੇ ਫੀਮ ਖਾਣ ਵਾਲੇ,
ਦਿੱਤਾ ਗ਼ਦਰ ਮਚਾ ਬਲਵਾਨ ਵੀਰੋ।
ਸਾਰੇ ਦੇਸ਼ਾਂ ਦੇ ਵਿਚ ਮਸ਼ਹੂਰ ਹੋਇਆ,
ਨਿੱਕਾ ਦੇਸ਼ ਆਜ਼ਾਦ ਜਾਪਾਨ ਵੀਰੋ।
ਉਠੋ ਮੁਰਦਿਓ ਖੀਰ ਤਿਆਰ ਹੋਈ,
ਡੰਕਾ ਵਜਿਆ ਗ਼ਦਰ ਦਾ ਆਣ ਵੀਰੋ।
ਸਭੇ ਗਲਤੀਆਂ ਤੇ ਪਾਪ ਸਾਡੇ ਜਾਣ ਧੋਤੇ,
ਖਾਤਰ ਲੜਾਂਗੇ ਜਾ ਹਿੰਦੁਸਤਾਨ ਵੀਰੋ।
ਕਸਮ ਹਿੰਦੂਆਂ ਵੇਦ ਪੁਰਾਨ ਵਾਲੀ,
ਮੁਸਲਮਾਨਾਂ ਨੂੰ ਕਸਮ ਕੁਰਾਨ ਵੀਰੋ।

ਜਿਹੜਾ ਲੜੇ ਨ ਨਾਲ ਫਰੰਗੀਆਂ ਦੇ,
ਸੋਈ ਤੁਖਮ ਹਰਾਮ ਸ਼ੈਤਾਨ ਵੀਰੋ।

•••

ਡੇਰਾ ਆਣ ਅਮਰੀਕਾ ਦੇ ਵਿਚ ਲਾਇਆ,
ਹਰਦਿਆਲ ਹੋਰੀਂ ਮੇਹਰਬਾਨ ਹੋਏ।
ਪਾਜ ਖੋਹਲਿਆ ਆਣ ਫਰੰਗੀਆਂ ਦਾ,
ਦਰਸ਼ਨ ਗ਼ਦਰ ਅਖਬਾਰ ਦੇ ਆਣ ਹੋਏ।
ਦਿੱਤੀ ਸੁੱਟ ਗੁਲਾਮੀ ਦੀ ਛੱਟ ਪਿੱਛਾਂ,
ਜਦੋਂ ਸ਼ੇਰ ਨੂੰ ਆਣ ਗਿਆਨ ਹੋਏ।
ਅਸੀਂ ਦੇਸ਼ ਦਾ ਛੱਡ ਖਿਆਲ ਦਿਤਾ,
ਤਾਹੀਂ ਦੋਸਤੋ ਕੰਮ ਵੀਰਾਨ ਹੋਏ।
ਗੋਰੇ ਗੱਲ ਕੀ ਅਸਾਂ ਦੇ ਹੈਨ ਅਗੇ,
ਲੜਨ ਮਰਨ ਦੇ ਜਦੋਂ ਧਿਆਨ ਹੋਏ।
ਚਲੋ ਦੇਸ਼ ਨੂੰ ਚਲੀਏ ਜੁੱਧ ਕਰਨੇ,
ਏਹੋ ਆਖਰੀ ਬਚਨ ਫਰਮਾਨ ਹੋਏ।
ਗਿੱਦੜ ਪਿਛਾਂ ਤੇ ਜਾਣਗੇ ਸ਼ੇਰ ਅਗੇ,
ਜਦੋਂ ਬਿਗਲ ਲੜਾਈ ਦੇ ਆਣ ਹੋਏ।
ਵਿਚੇ ਮਾਰੀਦੇ ਮਰਨਗੇ ਦੇਸ਼ ਘਾਤੀ,
ਮਾਤਾ ਆਪਣੀ ਤੋਂ ਬੇਈਮਾਨ ਹੋਏ।
ਝੰਡਾ ਗ਼ਦਰ ਦਾ ਆਣ ਬਲੰਦ ਕੀਤਾ,
ਕੱਠੇ ਸਿੱਖ ਹਿਦੂ ਮੁਸਲਮਾਨ ਹੋਏ।

(ਗ਼ਦਰ ਦੀ ਗੂੰਜ ਸਫ਼ਾ 20)

## ਗ਼ਦਰ ਸੰਦੇਸ਼ਾ

ਹਿਦੂ ਸਿੱਖ ਪਠਾਣ ਤੇ ਮੁਸਲਮਾਨੋ, ਫੌਜਾਂ ਵਾਲਿਓ ਜ਼ਰਾ ਖਿਆਲ ਕਰਨਾ
ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ, ਅਸੀਂ ਜੰਗ ਹੁਣ ਇਨ੍ਹਾਂ ਦੇ ਨਾਲ ਕਰਨਾ
ਕਰਕੇ ਦੂਰ ਫਰੰਗੀਆਂ ਪਾਮਰਾਂ ਨੂੰ, ਰੌਸ਼ਨ ਹਿਦ ਨੂੰ ਵਾਂਗ ਮਸ਼ਾਲ ਕਰਨਾ
ਵੱਡਾ ਕੰਮ ਕਰਨਾ ਮਰਨੋਂ ਨਹੀਂ ਡਰਨਾ, ਦੇਸੋਂ ਦੂਰ ਪਲੇਗ ਤੇ ਕਾਲ ਕਰਨਾ
ਵੇਲਾ ਯੁੱਧ ਦਾ ਆਣ ਨਜੀਕ ਢੁੱਕਾ, ਸੁਣਕੇ ਜੰਗ ਨੂੰ ਰੰਗ ਨੂੰ ਲਾਲ ਕਰਨਾ
ਹੋਊ ਜਿੱਤ ਅਸਾਡੜੀ ਠੀਕ ਵੀਰੋ, ਯੁੱਧ ਬੜੇ ਪ੍ਰੇਮ ਦੇ ਨਾਲ ਕਰਨਾ

ਮਾਰ ਮਾਰਕੇ ਗੋਰਿਆਂ ਜ਼ਾਲਮਾਂ ਨੂੰ, ਵੀਰੋ ਦੂਰ ਗੁਲਾਮੀ ਦਾ ਜਾਲ ਕਰਨਾ
ਸੁਣ ਕੇ ਗ਼ਦਰ ਦੀ ਖਬਰ ਨੂੰ ਖੁਸ਼ੀ ਹੋਣਾ, ਗਮੀ ਦੂਰ ਤੇ ਚਿੱਤ ਨਿਹਾਲ ਕਰਨਾ

•••

ਹਿੰਦ ਲੁਟ ਫਰੰਗੀਆਂ ਚੌੜ ਕੀਤਾ, ਦੁਨੀਆਂ ਦੇਖਕੇ ਹੋਈ ਹੈਰਾਨ ਲੋਕੋ

.... .... .... .... ....

ਕਦੋਂ ਗ਼ਦਰ ਵਾਲਾ ਵਕਤ ਆਵੇ ਛੇਤੀ ਸੁਣੇ ਬੇਨਤੀ ਰੱਬ ਰਹਿਮਾਨ ਲੋਕੋ
ਕਿਉਂ ਨਾ ਖਿਚ ਤਲਵਾਰ ਰਾਜਪੂਤ ਲੜਦੇ,
ਮੁਢੋਂ ਜੇਹੜੀ ਸੀ ਏਨ੍ਹਾਂ ਦੀ ਬਾਨ ਲੋਕੋ
ਅਲੀ ਅਲੀ ਕਰਕੇ ਕਦੋਂ ਪੈਣ ਗਾਜ਼ੀ,
ਕਰਨ ਵੈਰੀਆਂ ਦੀ ਤੰਗ ਜਾਨ ਲੋਕੋ
ਕਦੋਂ ਖਾਲਸਾ ਧੂਹ ਕੇ ਤੇਗ ਨੰਗੀ, ਨਿਕਲ ਆਏਗਾ ਵਿਚ ਮੈਦਾਨ ਲੋਕੋ
ਔਣ ਸੂਰਮੇ ਹੌਸਲੇ ਨਾਲ ਚੜ੍ਹ ਕੇ ਲੇਖਾ ਗੋਰਿਆਂ ਨਾਲ ਮੁਕਾਣ ਲੋਕੋ
ਦਗੇਬਾਜ਼ ਅੰਗਰੇਜ਼ ਦੀ ਕੌਮ ਤਾਈਂ, ਵਾਂਗ ਬੱਕਰੇ ਆਣ ਝਟਕਾਣ ਲੋਕੋ
(ਗ਼ਦਰ ਦੀ ਗੂੰਜ ਸਫਾ, 5 ਬੈਂਤ 7 ਵਿਚੋਂ)

ਤੀਹ ਤੇ ਕਰੋੜ ਹਿੰਦ ਵਾਸੀ ਵਸਦੇ, ਚਾਰ ਹੀ ਕਰੋੜ ਨੇ ਫਰੰਗੀ ਦਸਦੇ
ਔਠ ਔਠ ਇਕ ਦੀਆਂ ਪਾ ਲੋ ਵੰਡੀਆਂ, ਖਾ ਲਿਆ ਹੈ....

.... .... .... ....

ਹਿੰਦੀਓ ਜੇ ਸੁੱਖਾਂ ਵਾਲੀ ਸੇਜ ਮਾਨਣੀ,
ਗੋਰਿਆਂ ਦੀ ਹਿੱਕ ਕਰ ਦਿਓ ਛਾਨਣੀ।
ਇਹਨਾਂ ਨੂੰ ਉਡਾਓ ਨਾਲ ਤੋਪ ਭੰਗੀਆਂ,
ਖਾ ਲਿਆ ਹੈ ਦੇਸ਼ ਲੁਟ ਕੇ ਫਰੰਗੀਆਂ।
(ਗ਼ਦਰ ਦੀ ਗੂੰਜ ਵਿਚੋਂ)

## ਦੇਸ਼ ਵੱਲ ਵਹੀਰਾਂ

ਇਹਨਾਂ ਕਵਿਤਾਵਾਂ ਦੇ ਅਸਰ ਤੇ ਐਲਾਨੇ ਜੰਗ ਨੇ ਲੋਕਾਂ ਤੇ ਐਸਾ ਅਸਰ ਕੀਤਾ ਕਿ ਛੇ ਸੱਤ ਹਜ਼ਾਰ ਹਿੰਦੀਆਂ ਨੇ ਦੇਸ਼ ਭਗਤੀ ਦਾ ਜਜ਼ਬਾ ਲੈ ਕੇ ਦੇਸ਼ ਵੱਲ ਚਾਲੇ ਪਾ ਦਿੱਤੇ। ਕਰਤਾਰ ਸਿੰਘ ਤਾਂ ਏਨਾ ਉਤਾਵਲਾ ਹੋ ਗਿਆ ਕਿ ਬਿਨਾਂ ਕਿਸੇ ਨੂੰ ਕੁਝ ਦੱਸੇ, ਕੁਝ ਸਾਥੀਆਂ ਸਮੇਤ ਸਭ ਤੋਂ ਪਹਿਲਾਂ ਦੇਸ਼ ਨੂੰ ਤੁਰ ਪਿਆ ਕਿ ਕਿਤੇ ਪਾਰਟੀ ਮੇਰੀ ਇਥੇ ਹੀ ਅਖ਼ਬਾਰ

ਸਾਂਭਣ ਈ ਡਿਊਟੀ ਨਾ ਲਾ ਦੇਵੇ। ਕਿਉਂਕਿ ਇਹ ਸਭ ਰਸਤੇ ਵਿਚ ਗ਼ਦਰ ਦਾ ਪ੍ਰਚਾਰ ਕਰਦੇ ਆਏ, ਇਸ ਲਈ ਅੰਗਰੇਜ਼ ਨੇ ਬਹੁਤਿਆਂ ਨੂੰ ਜਹਾਜ਼ ਤੋਂ ਉਤਰਦਿਆਂ ਹੀ ਗ੍ਰਿਫ਼ਤਾਰ ਕਰ ਲਿਆ। ਇਹ ਸਭ ਸੱਜਣ ਲੁਧਿਆਣੇ ਜੇਲ੍ਹ ਘਰ ਵਿਚ ਰਖੇ ਜਾਂਦੇ ਸੀ ਤੇ ਫੇਰ ਉਥੋਂ ਕਿਸੇ ਨੂੰ ਪਿੰਡ ਨਜ਼ਰਬੰਦ ਕਰ ਦਿਤਾ ਜਾਂਦਾ ਸੀ ਤੇ ਕਿਸੇ ਨੂੰ ਜੇਲ੍ਹ ਭੇਜ ਦਿਤਾ ਜਾਂਦਾ। ਜੋ ਜੰਗ ਮੁਕਣ ਤੱਕ ਜੇਲ੍ਹਾਂ ਵਿਚ ਹੀ ਡੱਕੀ ਰਖੇ। ਪੰਜ ਸੌ ਦੇ ਕਰੀਬ ਸਰਗਰਮ ਵਰਕਰਾਂ ਨੂੰ ਜੇਲ੍ਹਾਂ ਵਿਚ ਡੱਕ ਦਿਤਾ ਗਿਆ ਤੇ ਹਜ਼ਾਰਾਂ ਨੂੰ ਪਿੰਡਾਂ ਵਿਚ ਨਜ਼ਰਬੰਦ ਕਰ ਦਿਤਾ ਗਿਆ। ਕੇਵਲ ਪੰਜਾਹ ਸੱਠ ਵਰਕਰ ਹੀ ਅੰਗਰੇਜ਼ ਦੀ ਨਿਗਾਹ ਤੋਂ ਬਚਕੇ ਪੰਜਾਬ ਪੁੱਜੇ ਜਿਨ੍ਹਾਂ ਨੇ ਆਪਣਾ ਕੰਮ ਸ਼ੁਰੂ ਕਰ ਦਿਤਾ।

## ਦੇਸ਼ ਭਗਤੀ ਦੀਆਂ ਹੁੱਬਾਂ

ਆ ਵੜਿਆ ਕੋਲੰਬੂ ਥਾਣੀ ਵੀਰ ਕਰਤਾਰ ਸਿੰਘ ਜੀ
ਆ ਮੱਲੀਆਂ ਜੰਗਲ ਦੀਆਂ ਜੂਹਾਂ ਸ਼ੇਰ ਨਿਧਾਨ ਸਿੰਘ ਨੇ
ਭਾਈ ਵਤਨ ਸਿੰਘ ਜੀ ਆਏ ਦਰਦੀ ਵਤਨਾ ਦੇ
ਹੀਰਾ ਸਿੰਘ ਜੀ ਵਤਨ ਦੇ ਹੀਰੇ ਛੱਡਕੇ ਸ਼ੰਘਾਈ ਨੂੰ
ਗਾਂਧਾ ਸਿੰਘ ਤੇ ਲਤਾਲੇ ਵਰਗੇ ਦੇਸ਼ ਵਿਚ ਆ ਧਮਕੇ
ਰਾਘੋ ਸਿੰਘ ਜੀ ਵਤਨ ਆ ਚਮਕੇ ਹੌਸਲੇ ਹਾਸਾਂ ਦੇ
ਵੀਰ ਸੱਜਣ ਸਿੰਘ ਖਖਰਾਣਾਂ ਗੱਭਰੂ ਲਟੈਣ ਵਰਗਾ
ਜੀਹਨੇ ਆਣ ਸੁਣਾਈਆਂ ਸਾਨੂੰ ਗੂੰਜਾਂ ਗ਼ਦਰ ਦੀਆਂ
ਅਸੀਂ ਬਹਿ ਕੇ ਪਿੜਾਂ ਵਿਚ ਪੜ੍ਹੀਆਂ, ਪੜ੍ਹੀਆਂ ਭੱਠੀਆਂ ਤੇ।

ਚੂੰਕਿ ਬਾਬਾ ਸੋਹਣ ਸਿੰਘ ਜੀ ਭਕਨਾ, ਪ੍ਰਧਾਨ ਗ਼ਦਰ ਪਾਰਟੀ ਤੇ ਹੋਰ ਬਹੁਤ ਸਾਰੇ ਉਘੇ ਵਰਕਰ ਫੜੇ ਗਏ ਸਨ, ਇਸ ਹਾਲਤ ਵਿਚ ਕਰਤਾਰ ਸਿੰਘ ਸਰਾਭਾ ਨੇ ਇਕ ਆਗੂ ਦੀ ਹੈਸੀਅਤ ਵਿਚ ਕੰਮ ਆਰੰਭ ਦਿਤਾ। 14 ਸਤੰਬਰ, 1914 ਨੂੰ ਖੰਨੇ ਤੇ 16-17 ਨੂੰ ਅੰਮ੍ਰਿਤਸਰ ਵਿਚ ਮੀਟਿੰਗਾਂ ਕਰਕੇ ਗ਼ਦਰ ਦੇ ਪ੍ਰਚਾਰ ਵਿਚ ਜੁਟ ਗਏ ਤੇ ਕਰਤਾਰ ਸਿੰਘ ਨੇ ਆਪਣੇ ਨਿਡਰ ਸੁਭਾਅ ਅਨੁਸਾਰ ਲੁਧਿਆਣੇ ਵਿਚ ਪੁਲੀਸ ਦੀ ਨਿਗਰਾਨੀ ਹੇਠ ਹੀ ਬਾਬਾ ਸੋਹਣ ਸਿੰਘ ਜੀ ਭਕਨਾ ਨਾਲ ਮਿਲਕੇ ਸਲਾਹ ਮਸ਼ਵਰਾ ਕੀਤਾ। ਫੇਰ ਬਾਬਾ ਜੀ ਦੇ ਮੁਲਤਾਨ ਚਾਲਾਨ ਸਮੇਂ ਰਸਤੇ ਵਿਚ ਹੀ ਬਾਬਾ ਜੀ ਨਾਲ ਮੁਲਾਕਾਤ ਜਾ ਕੀਤੀ ਤੇ ਉਨ੍ਹਾਂ ਦੀਆਂ ਹਦਾਇਤਾਂ ਪ੍ਰਾਪਤ ਕਰਕੇ ਸਾਥੀਆਂ ਸਮੇਤ ਕੰਮ ਸ਼ੁਰੂ ਕਰ ਦਿਤਾ। ਪਿੰਡਾਂ, ਸਕੂਲਾਂ, ਫੌਜਾਂ, ਗੁਰਦੁਆਰਿਆਂ ਤੇ ਮਸਜਿਦਾਂ ਮੰਦਰਾਂ ਵਿਚ ਵੜਕੇ ਪ੍ਰਚਾਰ ਕਰਦਾ ਰਿਹਾ ਤੇ ਬਹੁਤ ਸਾਰੇ ਸੱਜਣਾਂ ਨੂੰ ਆਪਣੇ ਹਮਖਿਆਲ ਬਣਾ ਲਿਆ ਸੀ। ਚੂੰਕਿ ਹਥਿਆਰ ਆਦਿ ਬਣਾਉਣ ਲਈ ਤੇ ਖਰੀਦਣ ਲਈ ਪੈਸਿਆਂ ਦੀ ਅਤੀ ਲੋੜ ਸੀ, ਜਿਸ ਕਰਕੇ ਮਜਬੂਰਨ ਕਈ ਥਾਈਂ

ਇਨ੍ਹਾਂ ਨੂੰ ਡਾਕੇ ਭੀ ਮਾਰਨੇ ਪਏ। ਤਕਰੀਬਨ ਹਰ ਥਾਂ ਕਰਤਾਰ ਸਿੰਘ ਮੂਹਰੇ ਰਿਹਾ। ਸਾਰੇ ਡਾਕਿਆਂ ਵਿਚ ਕੋਈ ਖਾਸ ਰਕਮ ਨਹੀਂ ਲਭੀ। ਕਿਉਂਕਿ ਰਪੋਟ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਮਸਾਂ ਵੀਹ ਹਜ਼ਾਰ ਰੁਪਈਆ ਹੀ ਹਾਸਲ ਹੋਇਆ ਹੋਵੇਗਾ। ਦਸਦੇ ਹਨ ਕਿ ਡਾਕੇ ਸਮੇਂ ਘਰ ਵਾਲਿਆਂ ਨੂੰ ਕਹਿ ਦੇਂਦੇ ਸਨ ਕਿ ਅਸੀਂ ਦੇਸ਼ ਭਗਤ ਹਾਂ, ਹਥਿਆਰਾਂ ਲਈ ਪੈਸੇ ਦੀ ਲੋੜ ਹੈ। ਇਹ ਤੁਹਾਨੂੰ ਗ਼ਦਰ ਤੋਂ ਬਾਅਦ ਵਾਪਸ ਕਰ ਦਿੱਤੇ ਜਾਣਗੇ। ਹੁਣ ਭੀ ਜ਼ਰੂਰੀ ਖਰਚ ਆਦਿ ਲਈ ਕੁਝ ਰਖ ਸਕਦੇ ਹੋ। ਕਈਆਂ ਨੇ ਇਹ ਗੱਲ ਮੰਨ ਲਈ ਪਰ ਕਈ ਡਾਕੂ ਸਮਝਕੇ ਅੜ ਜਾਂਦੇ। ਅੰਮ੍ਰਿਤਸਰ ਦੇ ਡਾਕੇ ਵਿਚ ਗ਼ਦਰੀਆਂ ਨੂੰ ਕਾਫੀ ਨੁਕਸਾਨ ਉਠਾਣਾ ਪਿਆ ਕਿਉਂਕਿ ਗਰਵਨਮੈਂਟ ਨੇ ਇਨ੍ਹਾਂ ਨੂੰ ਆਮ ਲੋਕਾਂ ਵਿਚ ਡਾਕੂ ਮਸ਼ਹੂਰ ਕੀਤਾ ਹੋਇਆ ਸੀ। ਜਿਵੇਂ ਕਿ ਬਾਬਾ ਸੱਜਣ ਸਿੰਘ ਨੇ ਆਪਣੀ ਜੀਵਨੀ ਵਿਚ ਲਿਖਿਆ ਹੈ:-

ਗਰਵਮੈਂਟ ਸੀ ਕਹਿੰਦੀ ਭਾਈ ਗ਼ਦਰੀ ਮਾਰਨ ਡਾਕੇ,<br>
ਸਭ ਬਕਵਾਸ ਫਰੰਗੀ ਕੀਤਾ ਉਹਨਾਂ ਕੱਟੇ ਫਾਕੇ।<br>
ਵੱਡੇ ਡਾਕੂ ਆਪ ਫਰੰਗੀ ਕਹੇ ਸਾਹਮਣੇ ਕੌਣ,<br>
ਬੋਲਣ ਵਾਲਾ ਰਾਜ ਵਿਰੋਧੀ ਕਟਦੇ ਉਹਦੀ ਧੌਣ।

(ਜੀਵਨ ਬਾਬਾ ਸੱਜਨ ਸਿੰਘ ਨਾਰੰਗਵਾਨ ਸਫਾ 5)

ਇਸ ਕਰਕੇ ਲੋਕ ਰਾਏ ਤੇ ਇਸ ਐਕਸ਼ਨ ਦਾ ਚੰਗਾ ਅਸਰ ਨਾ ਪਿਆ ਤੇ ਇਹ ਗੱਲ ਗ਼ਦਰ ਦੇ ਅੰਦਲੋਨ ਲਈ ਹਾਨੀਕਾਰਕ ਸਮਝ ਕੇ ਅਗੇ ਤੋਂ ਡਾਕੇ ਮਾਰਨੇ ਬੰਦ ਕੀਤੇ ਗਏ।

ਹਾਂ ਇਕ ਗੱਲ ਦੇਸ਼ ਭਗਤਾਂ ਦੇ ਹੱਕ ਵਿਚ ਜਾਂਦੀ ਸੀ, ਕਿ ਇਹ ਕਿਸੇ ਦੀ ਧੀ ਭੈਣ ਵੱਲ ਮੰਦੀ ਨਜ਼ਰ ਨਹੀਂ ਝਾਕਦੇ ਸੀ। ਬਲਕਿ ਇਕ ਥਾਂ ਜਦੋਂ ਇਕ ਵਰਕਰ ਦੀ ਕਿਸੇ ਲੜਕੀ ਤੇ ਬੁਰੀ ਨਜ਼ਰ ਹੋ ਗਈ ਤਾਂ ਕਰਤਾਰ ਸਿੰਘ ਨੇ ਪਸਤੌਲ ਉਸਦੀ ਛਾਤੀ ਤੇ ਰਖ ਕੇ ਕਿਹਾ ਕਿ ਖਬਰਦਾਰ ਠੀਕ ਹੋ ਜਾ ਨਹੀਂ ਤਾਂ ਹੁਣੇ ਯਮ ਕੇ ਲੋਕ ਪੁਚਾ ਦਿਆਂਗਾ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਉਹ ਸੱਚੇ ਤੇ ਸੁੱਚੇ ਦੇਸ਼ ਭਗਤ ਸਨ ਤੇ ਉਨ੍ਹਾਂ ਦਾ ਇਖਲਾਕ ਬਹੁਤ ਉੱਚਾ ਸੀ।

## ਅਗਵਾਈ ਕਰਨ ਦੀ ਸ਼ਕਤੀ ਤੇ ਲੀਡਰਸ਼ਿਪ

ਇਕ ਵੇਰ ਜਦੋਂ ਸ਼ਚਿੰਦਰ ਨਾਥ ਸਾਨਿਆਲ ਨਾਲ ਰਾਸ ਬਿਹਾਰੀ ਦੇ ਪੰਜਾਬ ਵਿਚ ਲਿਆਉਣ ਤੇ ਵਿਚਾਰ ਹੋ ਰਹੀ ਸੀ ਤਾਂ ਸਾਨਿਆਲ ਸਾਹਿਬ ਨੇ ਕਿਹਾ ਕਿ ਮੈਨੂੰ ਉਨ੍ਹਾਂ ਨੇ ਪੰਜਾਬ ਦੇ ਹਾਲਾਤ ਦੇਖਣ ਲਈ ਭੇਜਿਆ ਹੈ। ਲੋੜ ਪਈ ਤਾਂ ਉਹ ਭੀ ਆ ਜਾਣਗੇ। ਤਦ ਅਮਰ ਸਿੰਘ ਨੇ ਕਿਹਾ ਕਿ ਸਾਡੇ ਪਾਸ ਹੋਰ ਤਾਂ ਸਭ ਕੁਝ ਹੈ, ਪਰ ਕੋਈ ਯੋਗ ਲੀਡਰ ਨਹੀਂ। ਇਹ ਸੁਣ ਕੇ ਕਰਤਾਰ ਸਿੰਘ ਦਾ ਚਿਹਰਾ ਲਾਲ ਹੋ ਗਿਆ। ਉਸਨੇ ਕਿਹਾ "ਦੇਖੋ ਭਾਈ ਯੂੰ ਹਿੰਮਤ ਕਿਉਂ ਹਾਰਤੇ ਹੋ, ਕਾਮ ਕੇ ਵਕਤ ਦੇਖ ਲੇਨਾ ਤੁਮੀਂ ਲੋਗੋਂ ਮੇਂ ਸੇ ਛੁਪੇ ਰੁਸਤਮ ਨਿਕਲ ਆਏਂਗੇ।"

ਸ਼ਚਿੰਦਰ ਨਾਥ ਸਾਨਿਆਲ ਨੇ ਲਿਖਿਆ ਹੈ ਕਿ ਇਸ ਸਮੇਂ ਪੰਜਾਬ ਵਿਚ ਜਿਤਨੇ ਇਨਕਲਾਬੀ ਨੌਜਵਾਨ ਕੰਮ ਕਰਦੇ ਉਨ੍ਹਾਂ ਵਿਚੋਂ ਕਰਤਾਰ ਸਿੰਘ ਸਭ ਤੋਂ ਵਧੇਰੇ ਸਿਆਣਾ ਅਤੇ ਜੋਸ਼ੀਲਾ ਵਰਕਰ ਸੀ। ਉਸਦੀ ਉਮਰ ਭਾਵੇਂ 18 ਸਾਲ ਦੀ ਸੀ ਪਰ ਉਸ ਵਿਚ ਪਾਰਟੀ ਦੀ ਅਗਵਾਈ ਕਰਨ ਦੀ ਅਦਭੁਤ ਸ਼ਕਤੀ ਸੀ। ਭਾਈ ਪਰਮਾਨੰਦ ਨੇ ਆਪਣੀ ਪੁਸਤਕ 'ਆਪ ਬੀਤੀ' ਵਿਚ ਲਿਖਿਆ ਹੈ ਕਿ ਕਰਤਾਰ ਸਿੰਘ ਹੀ ਅਸਲ ਵਿਚ 1914-15 ਵਿਚ ਗ਼ਦਰ ਪਾਰਟੀ ਦਾ ਲੀਡਰ ਸੀ। ਉਸਨੇ ਫੌਜਾਂ ਵਿਚ ਜਾ ਕੇ ਤੇ ਸਾਰੇ ਹਿੰਦੁਸਤਾਨ ਦੀਆਂ ਇਨਕਲਾਬੀ ਪਾਰਟੀਆਂ ਨਾਲ ਮਿਲਕੇ ਸਾਰੇ ਸੂਬਿਆਂ ਵਿਚ ਇਕੋ ਸਮੇਂ ਗ਼ਦਰ ਕਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ। ਪਰ ਗੱਦਾਰ ਨਵਾਬ ਖਾਂ ਤੇ ਕ੍ਰਿਪਾਲ ਸਿੰਘ ਨੇ ਸਰਕਾਰ ਨੂੰ ਭੇਦ ਦੇ ਕੇ ਸਕੀਮ ਨੂੰ ਫੇਲ੍ਹ ਕਰ ਦਿਤਾ।

(ਮਾਲਵਾ ਇਤਿਹਾਸ ਜਿਲਦ 2 ਵਿਚੋਂ)

ਕਈ ਵੇਰ ਪਾਰਟੀ ਵਲੋਂ ਗ਼ਦਰ ਦੀਆਂ ਤਰੀਕਾਂ ਨੀਯਤ ਕਰਨ ਲਈ ਵਿਚਾਰਾਂ ਹੁੰਦੀਆਂ ਰਹੀਆਂ। ਪਰ ਹਰ ਮੀਟਿੰਗ ਤੇ ਕੋਈ ਨਾ ਕੋਈ ਔਕੜ ਸਾਹਮਣੇ ਆ ਜਾਂਦੀ, ਜਿਸ ਕਰਕੇ ਗ਼ਦਰ ਲੇਟ ਹੁੰਦਾ ਗਿਆ। ਕਿਉਂਕਿ ਕਈ ਥਾਈਂ ਸਰਕਾਰੀ ਅਫ਼ਸਰ ਤੇ ਦੇਸ਼ ਧਰੋਹੀ ਲੋਕ ਸੋਧੇ ਗਏ। ਜਿਸ ਕਰਕੇ ਕੰਮ ਲੰਮਾ ਪੈਂਦਾ ਗਿਆ। ਕਰਤਾਰ ਸਿੰਘ ਹਰ ਸਮੇਂ ਪਾਰਟੀ ਦੇ ਕੰਮ ਵਿਚ ਹੀ ਲੱਗਾ ਰਹਿੰਦਾ ਸੀ। ਉਹ ਕਦੇ ਨਿਕੰਮਾਂ ਹੋ ਕੇ ਚੁਪ ਕਰਕੇ ਨਹੀਂ ਸੀ ਬੈਠਦਾ। ਹਰ ਸਮੇਂ ਜਨਤਾ ਵਿਚ ਹੀ ਵਿਚਰਦਾ ਰਹਿੰਦਾ ਸੀ।

## ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ

ਕਰਤਾਰ ਸਿੰਘ ਜਿਥੇ ਪਿੰਡਾਂ, ਫੌਜਾਂ, ਸਕੂਲਾਂ ਤੇ ਗੁਰਦੁਆਰਿਆਂ, ਮੰਦਰਾਂ, ਮਸੀਤਾਂ ਵਿਚ ਜਾ ਕੇ ਪ੍ਰਚਾਰ ਕਰਦਾ ਸੀ, ਓਸੇ ਤਰ੍ਹਾਂ ਉਸਨੇ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਵਿਦਿਆਰਥੀਆਂ ਨਾਲ ਐਸਾ ਸੰਪਰਕ ਪੈਦਾ ਕਰ ਲਿਆ ਸੀ ਕਿ ਦਰਜਨਾਂ ਵਿਦਿਆਰਥੀ ਇਸਦੇ ਖਿਆਲ ਦੇ ਬਣ ਗਏ ਤੇ ਉਨ੍ਹਾਂ ਪਾਰਟੀ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ। ਗ਼ਦਰ ਪਾਰਟੀ ਦੇ ਇਸ਼ਤਿਹਾਰ ਤੇ ਐਲਾਨ ਆਦਿਕ ਉਹੋ ਹੀ ਛਾਪਦੇ ਸਨ। ਇਧਰ ਉਧਰ ਤੋਂ ਆਉਣ ਜਾਣ ਵਾਲੇ ਵਰਕਰ ਤੇ ਲੀਡਰਾਂ ਦਾ ਇਹ ਸਕੂਲ ਤਕੜਾ ਅੱਡਾ ਬਣ ਗਿਆ ਸੀ। ਜਿਸ ਉਤੇ ਚਾਰ ਇਹ ਲਾਈਨਾਂ ਆਪ ਮੁਹਾਰੇ ਮੂੰਹ ਤੇ ਆ ਜਾਂਦੀਆਂ ਹਨ:-

ਚੰਗੀ ਬਣ ਗਈ ਗ਼ਦਰ ਦੀ ਛਾਉਣੀ ਮਾਲਵਾ ਸਕੂਲ ਖਾਲਸਾ।
ਗਿਆ ਰੰਗਿਆ ਪੜ੍ਹਾਕੂ ਟੋਲਾ ਦੇਸ਼ ਦੀ ਵਿਚ ਭਗਤੀ।
ਪੁੱਠ ਚੜ੍ਹਗੀ ਆਜ਼ਾਦੀ ਵਾਲੀ ਨਿਕੜੀ ਪਨੀਰੀ ਨੂੰ।
ਦਿਤੇ ਛੱਡ ਸੀ ਕਿਤਾਬੀ ਝੇੜੇ ਫੜ ਲਈ ਦੇਸ਼ ਭਗਤੀ।

## ਕੌਣ ਕਿਹੜੇ ਪਿੰਡ ਦਾ ਸੀ

| | |
|---|---|
| 1. ਗਿਆਨੀ ਸੱਜਣ ਸਿੰਘ ਨਾਰੰਗਵਾਲ, | ਉਮਰ ਕੈਦ। |
| 2. ਗਿਆਨੀ ਹਰਿਭਜਨ ਸਿੰਘ ਚਮਿੰਡਾ, | ” |
| 3. ਗਿਆਨੀ ਦਲੀਪ ਸਿੰਘ ਫੁਲਾਂਵਾਲ, | ” |
| 4. ਗਿਆਨੀ ਨਾਹਰ ਸਿੰਘ ਗੁੱਜਰਵਾਲ, | ” |
| 5. ਸ. ਕ੍ਰਿਪਾਲ ਸਿੰਘ, | ” |
| 6. ਸ: ਖੜਕ ਸਿੰਘ ਥੋਪਾ ਰਾਏ ਕਲਾਂ, | ” |
| 7. ਸ: ਪੂਰਨ ਸਿੰਘ ਈਸੇਵਾਲ, | ” |
| 8. ਸ: ਸੁੱਚਾ ਸਿੰਘ ਈਸੇਵਾਲ, | ਫੈਦਾਮਾਫ |
| 9. ਸ: ਅਨੋਖ ਸਿੰਘ ਰਾਮਗੜ੍ਹਮਲੌਦ, | ” |
| 10. ਊਧਮ ਸਿੰਘ ਹਾਂਸਕਲਾਂ, | ” |
| 11. ਭਗਤ ਸਿੰਘ ਥਲੇਵਾਲ, | ” |
| 12. ਬਾਬਾ ਗੁਰਮੁਖ ਸਿੰਘ ਲਲਤੋਂ ਖੁਰਦ, ਕਾਮਾਗਾਟਾ ਮਾਰੂ ਭੀ ਏਸੇ ਸਕੂਲ ਦੇ ਵਿਦਿਆਰਥੀ ਸਨ। | ” |
| 13. ਡਾ: ਕਰਤਾਰ ਸਿੰਘ ਫੱਲੇਵਾਲ (ਸੁਰਗਵਾਸੀ) | ਉਮਰ ਕੈਦ |

ਅੱਜ ਕਲ੍ਹ 56 ਸਾਲ ਤੋਂ ਬਾਦ ਇਹ ਸਕੂਲ ਪ੍ਰਿੰਸੀਪਲ ਸ: ਜਸਵੰਤ ਸਿੰਘ ਜੀ ਧਾਲੀਵਾਲ ਦੀ ਨਿਗਰਾਨੀ ਹੇਠ ਬੜੀ ਸ਼ਾਨ ਨਾਲ ਚਲ ਰਿਹਾ ਹੈ।

## ਕਰਤਾਰ ਸਿੰਘ ਦੀ ਹੁਸ਼ਿਆਰੀ ਤੇ ਫੁਰਤੀ

ਨਿਡਰ ਤੇ ਹੁਸ਼ਿਆਰ ਏਨਾ ਸੀ ਕਿ ਇਕ ਵੇਰਾਂ ਲੌਹਟਬੱਦੀ ਲੜਕੀਆਂ ਦੇ ਆਸ਼ਰਮ ਵਿਚ ਚਲਾ ਗਿਆ ਜਿਹੜਾ ਕਿ ਗ਼ਦਰੀਆਂ ਦਾ ਅੱਡਾ ਸੀ। ਅਗੋਂ ਪੁਲੀਸ ਆਸ਼ਰਮ ਦੀ ਤਲਾਸ਼ੀ ਲੈ ਰਹੀ ਸੀ, ਪਰ ਇਹ ਪੁਲੀਸ ਦੇਖ ਕੇ ਘਬਰਾਇਆ ਨਹੀਂ ਤੇ ਨਾ ਹੀ ਪਿਛੇ ਮੁੜਿਆ। ਸਗੋਂ ਸਿਧਾ ਅੰਦਰ ਚਲਾ ਗਿਆ ਤੇ ਥਾਣੇਦਾਰ ਨੂੰ ਜਾ ਫਤਿਹ ਬੁਲਾਈ। ਉਸ ਹਥ ਮਿਲਾਇਆ ਤੇ ਕੁਰਸੀ ਤੇ ਬਿਠਾ ਦਿਤਾ। ਪੁੱਛਣ ਤੇ ਕਿਹਾ ਕਿ ਮੈਂ ਰੁੜਕੀ ਕਾਲਜ ਦਾ ਸਟੂਡੈਂਟ ਹਾ ਤੇ ਆਸ਼ਰਮ ਦੇਖਣ ਆਇਆ ਸਾਂ। ਇਹ ਸੁਣਕੇ ਥਾਣੇਦਾਰ ਚੁਪ ਹੋ ਗਿਆ ਤੇ ਆਪਣੇ ਕੰਮ ਲਗਾ ਰਿਹਾ। ਕਰਤਾਰ ਸਿੰਘ ਭੀ ਕੁਰਸੀ ਤੇ ਬੈਠਕੇ ਇਹ ਕਹਿਕੇ ਚਲਾ ਗਿਆ, ਕਿ ਅੱਛਾ ਹੁਣ ਤੁਸੀਂ ਆਪਣਾ ਕੰਮ ਕਰੋ, ਮੈਂ ਭੀ ਜਾਂਦਾ ਹਾਂ ਤੇ ਫੇਰ ਕਿਸੇ ਦਿਨ ਆ ਕੇ ਵੇਖ ਲਵਾਂਗਾ।

ਇਹ ਕਹਿ ਕੇ ਫੱਟ ਬਾਹਰ ਨਿਕਲ ਗਿਆ ਤੇ ਸਾਈਕਲ ਤੇ ਪੈਰ ਧਰਕੇ ਮਿੰਟਾਂ ਵਿਚ ਹੀ ਕਿਧਰੇ ਅਲੋਪ ਹੋ ਗਿਆ। ਉਧਰ ਝਟ ਹੀ ਪੁਲੀਸ ਨੂੰ ਪਤਾ ਲਗਾ ਕਿ ਇਹ ਕਰਤਾਰ ਸਿੰਘ ਸੀ। ਆਲੇ ਦੁਆਲੇ ਬਥੇਰੀ ਭੱਜ ਨੱਠ ਕੀਤੀ ਪਰ ਉਹ ਪਰਿੰਦਾ ਸੀ, ਕਿਸੇ ਨੂੰ ਪਤਾ ਨਾ ਲੱਗਾ ਕਿ ਉਹ ਕਿਧਰ ਉਡ ਗਿਆ। ਕਰਤਾਰ ਸਿੰਘ ਦੀ ਦਲੇਰੀ ਦੇਖਕੇ ਚਾਣਚਕ ਹੀ ਇਹ ਸ਼ੇਅਰ ਮੂੰਹ ਤੇ ਆ ਜਾਂਦੇ ਹਨ:-

ਘੇਰੇ ਪੁਲੀਸ ਦੇ ਵਿਚ ਘੁਮਾਂ ਦਾ ਦਿਲ,
ਸੌਦੇ ਪੌਤੀ ਦੇ ਏਸ ਸਰਦਾਰ ਦਾ ਸੀ।
ਹੱਥ ਮੇਲਕੇ ਬਹਿ ਗਿਆ ਮੱਲ ਕੁਰਸੀ,
ਤੌਰ ਫੇਰ ਦਿਤਾ ਥਾਨੇਦਾਰ ਦਾ ਸੀ।
ਗੱਲਾਂ ਨਾਲ ਗਿਆ ਟਾਲ ਉਹ ਫੰਧਕਾਂ ਨੂੰ,
ਜਿਥੇ ਭੈ ਸੱਯਾਦ ਦੇ ਵਾਰ ਦਾ ਸੀ।
ਫਸਕੇ ਜਾਲ ਦੇ ਵਿਚ ਭੀ ਉਡ ਜਾਣਾ,
ਸਾਇੰਟੇਫਿਕ ਤਲਿਸਮ ਕਰਤਾਰ ਦਾ ਸੀ।

ਇਕ ਵਾਰ ਸ: ਕਰਤਾਰ ਸਿੰਘ ਨੇ ਭੇਸ ਬਦਲ ਪਿੰਡ ਜਾ ਕੇ ਆਪਣੇ ਬਾਬੇ ਪਾਸ ਕਰਤਾਰ ਸਿੰਘ ਦੇ ਨਾਂ ਤੇ ਮਾਇਕ ਲੋੜਾਂ ਦੀ ਪੂਰਤੀ ਲਈ ਪੰਜ ਸੌ ਰੁਪਏ ਦੀ ਮੰਗ ਕੀਤੀ ਜਿਹੜਾ ਕਿ ਬਾਬਾ ਜੀ ਨੇ ਕੁਝ ਕੋਲੋਂ ਤੇ ਕੁਝ ਫੜ ਫੜਾਕੇ ਦੇ ਦਿਤਾ ਤੇ ਕਿਹਾ ਕਿ ਉਹਨੂੰ ਕਹਿਣਾ ਮੈਨੂੰ ਮਿਲ ਜਾਵੇ। ਜਵਾਬ ਵਿਚ ਕਰਤਾਰ ਸਿੰਘ ਨੇ ਕਿਹਾ ਕਿ ਬਾਬਾ ਜੀ ਮੈਂ ਹੀ ਕਰਤਾਰ ਸਿੰਘ ਹਾਂ। ਤਾਂ ਬਾਬਾ ਜੀ ਨੇ ਅਸ਼ੀਰਬਾਦ ਦਿਤੀ। ਉਥੋਂ ਸਾਈਕਲ ਤੇ ਆਪਣੇ ਰਸਤੇ ਵੱਲ ਚੱਲ ਪਿਆ।

## ਇਕ ਹੋਰ ਘਟਨਾ

ਇਕ ਦਿਨ ਸ: ਸਰਾਭਾ ਆਪਣੇ ਨਾਨਕੇ ਪਿੰਡ (ਮਹੋਲੀ) ਪਹੁੰਚਿਆ ਤਾਂ ਉਥੇ ਭਾਰੀ ਗਿਣਤੀ ਵਿਚ ਪੁਲੀਸ ਦੇ ਇਕੱਠ ਨੂੰ ਵੇਖ ਝਟ ਹੀ ਭੇਸ ਬਦਲ ਲਿਆ ਤੇ ਬੰਸਰੀ ਬਜਾਉਂਦਾ ਅਗੇ ਵਧਿਆ ਤਾਂ ਪੁਲੀਸ ਨੇ ਉਸ ਨੂੰ ਰੋਕ ਲਿਆ ਤੇ ਵਾਪਸ ਚਲੇ ਜਾਣ ਬਾਰੇ ਕਹਿੰਦਿਆਂ ਉਹਨੂੰ ਦਸਿਆ ਕਿ ਇਥੇ ਕਰਤਾਰ ਸਿੰਘ ਨੂੰ ਫੜਨ ਲਈ ਘੇਰਾ ਪਾਇਆ ਹੋਇਆ ਹੈ। ਇਹ ਸੁਣ ਉਹਨੇ ਪੁਛਿਆ ਕਿਹੜਾ ਕਰਤਾਰ ਸਿੰਘ ਤਾਂ ਉਤਰ ਵਿਚ ਸਿਪਾਹੀ ਨੇ ਕਿਹਾ ਸਰਾਭੇ ਵਾਲਾ, ਇਹ ਸੁਣ ਸਰਦਾਰ ਸਰਾਭਾ ਨੇ ਕਿਹਾ ਉਹ ਬਹੁਤ ਚੁਸਤ ਚਲਾਕ ਹੈ ਉਹਨੇ ਆਉਣਾ ਹੈ ਤੇ ਚਲੇ ਜਾਣਾ ਹੈ, ਤੁਹਾਨੂੰ ਪਤਾ ਹੀ ਨਹੀਂ ਲਗਣਾ ਕਹਿ ਕੇ ਉਥੋਂ ਟੁਰ ਗਿਆ। ਥੋੜੇ ਸਮੇਂ ਪਿਛੋਂ ਕਿਸੇ ਨੇ ਪੁਲਸ ਨੂੰ ਜਾ ਦਸਿਆ ਕਿ ਉਹ ਬੰਸਰੀ ਵਾਲਾ ਹੀ ਕਰਤਾਰ ਸਿੰਘ ਸਰਾਭਾ ਸੀ।

ਕਰਤਾਰ ਸਿੰਘ ਨੂੰ ਫੜਨ ਲਈ ਡੀ. ਸੀ ਨੇ ਲੋਹਟਬੱਦੀ ਬੜਾ ਭਾਰੀ ਇਕੱਠ ਕੀਤਾ। ਹਲਕੇ ਦੇ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਸੱਦੀਆਂ। ਕਿਉਂਕਿ ਇਥੇ ਕਰਤਾਰ ਸਿੰਘ ਦਾ ਇਕ ਮਿਤ੍ਰ ਰਹਿੰਦਾ ਸੀ। ਪੁਲੀਸ ਨੂੰ ਉਹਦੇ ਇਥੇ ਆਉਣ ਦਾ ਸ਼ੱਕ ਸੀ। ਇਸ ਇਕੱਠ ਦਾ ਕਰਤਾਰ ਸਿੰਘ ਨੂੰ ਪਤਾ ਲੱਗਾ ਤਾਂ ਉਹ ਭੇਸ ਬਦਲ ਕੇ ਡੀ. ਸੀ ਦੇ ਜੁਆਈ ਦਾ ਨੌਕਰ ਬਣ ਕੇ ਆ ਧਮਕਿਆ ਤੇ ਸਤਿ ਸ੍ਰੀ ਅਕਾਲ ਜਾ ਬੁਲਾਈ ਅਤੇ ਕਿਹਾ ਕਿ ਬੀਬੀ ਦੇ ਕਾਕੇ ਨੂੰ ਅਗੇ ਨਾਲੋਂ ਆਰਾਮ ਹੈ। (ਡੀ. ਸੀ ਜ਼ਿਲਾ ਅੰਮ੍ਰਿਤਸਰ ਦਾ ਸੀ ਤੇ ਇਹਦੀ ਲੜਕੀ ਭੀ ਇਥੋਂ ਦੇ ਕਿਸੇ ਪਿੰਡ ਵਿਚ ਵਿਆਹੀ ਹੋਈ ਸੀ। ਉਸਦਾ ਲੜਕਾ ਬੀਮਾਰ ਸੀ)। ਜੁਆਈ ਦਾ ਨੌਕਰ ਜਾਣ ਕਰਤਾਰ ਸਿੰਘ ਨੂੰ ਚਾਹ ਆਦਿ ਪਿਲਾਈ ਤੇ ਪੁਛਿਆ ਤੂੰ ਕਿਧਰ ਦੀ ਆਇਆ ਹੈਂ ? ਕਰਤਾਰ ਸਿੰਘ ਨੇ ਜਵਾਬ ਦਿਤਾ, ਜੀ ਮੈਂ ਲੁਧਿਆਣੇ ਆਇਆ ਸੀ ਉਥੋਂ ਪਤਾ ਲਗਾ ਕਿ ਆਪ ਲੋਹਟਬੱਦੀ ਗਏ ਹੋਏ ਹੋ ਤਾਂ ਮੈਂ ਗੱਡੀ ਰਾਹੀਂ ਅਹਿਮਦਗੜ੍ਹ ਉਤਰ ਕੇ ਆਇਆ ਹਾਂ। ਡੀ. ਸੀ ਨੇ ਦੋ ਸਿਪਾਹੀ ਕਰਤਾਰ ਨੂੰ ਛੱਡਣ ਲਈ ਕਲਿਆਣ ਦੇ ਪੁਲ ਤੱਕ ਭੇਜੇ। ਚਾਹ ਪੀਣ ਵੇਲੇ ਡੀ. ਸੀ. ਉਠਕੇ ਅੰਦਰ ਚਲਾ ਗਿਆ ਤਦ ਕਰਤਾਰ ਨੇ ਇਕ ਚਿਟ ਤੇ ਲਿਖਕੇ ਧਰ ਦਿਤਾ ਕਿ ਮੈਂ ਉਹੀ ਹਾਂ ਜਿਸਦੀ ਤੈਨੂੰ ਭਾਲ ਹੈ। ਕਰਤਾਰ ਦੇ ਜਾਣ ਪਿਛੋਂ ਉਹ ਚਿਟ ਡੀ. ਸੀ. ਦੇ ਹੱਥ ਲਗੀ ਤੇ ਉਸੇ ਵੇਲੇ ਚੜ੍ਹਾਈ ਕਰ ਦਿਤੀ।

ਕਲਿਆਣ ਦੇ ਪੁਲ ਤੋਂ ਕਰਤਾਰ ਸਿੰਘ ਜਗੇੜੇ ਦੇ ਪੁਲ ਵੱਲ ਗਿਆ। ਡੀ. ਸੀ. ਨੇ ਕਲਿਆਣ ਦੀ ਕੋਠੀ ਤੋਂ ਜਗੇੜੇ ਦੀ ਕੋਠੀ ਨੂੰ ਤਾਰ ਕਰ ਦਿਤੀ ਕਿ ਰਾਹ ਰੋਕ ਲਿਆ ਜਾਵੇ। ਕਿਉਂਕਿ ਏਸ ਰਾਹ ਕਰਤਾਰ ਸਿੰਘ ਆ ਰਿਹਾ ਹੈ। ਜਦ ਕਰਤਾਰ ਸਿੰਘ ਨੂੰ ਪਤਾ ਲਗਾ ਉਹ ਨਹਿਰ ਨੂੰ ਛੱਡ ਖੇਤਾਂ ਰਾਹੀਂ ਭੌਮਟ ਨੂੰ ਚਲਿਆ ਗਿਆ ਉਥੇ ਇਕ ਰਮਦਾਸੀਆ ਬੁੱਢਾ ਤੇ ਉਹਦੀ ਲੜਕੀ ਕੱਖ ਖੋਤ ਰਹੇ ਸਨ। ਕਰਤਾਰ ਨੇ ਕਿਹਾ ਬਾਬਾ ਤੂੰ ਇੰਨਾ ਬੁੱਢਾ ਹੋ ਗਿਆ ਹਾਲ ਵੀ ਕੱਖ ਖੋਤਦਾ ਹੈਂ ਲਿਆ ਮੈਂ ਖੋਤਦਾ ਹਾਂ ਬੁੱਢੇ ਨੇ ਪੁਛਿਆ ਤੂੰ ਕਿਸਦਾ ਲੜਕਾ ਹੈਂ ਕਰਤਾਰ ਨੇ ਉੱਤਰ ਦਿਤਾ ਕਿ ਮੈਂ ਸਿਆੜ੍ਹ ਤੋਂ ਹਾਂ। ਇੰਨੇ ਨੂੰ ਪੁਲੀਸ ਆ ਪਹੁੰਚੀ ਕਰਤਾਰ ਕੱਖਾਂ ਦੀ ਪੰਡ ਚੁੱਕੀ ਜਾਂਦਾ ਸੀ। ਪੁਲੀਸ ਨੇ ਪੁਛਿਆ ਕਿ ਇਧਰ ਕਰਤਾਰ ਸਿੰਘ ਨਹੀਂ ਆਇਆ ? ਬੁੱਢੇ ਨੇ ਉਤਰ ਦਿੱਤਾ ਕਿ ਭਾਈ ਅਸੀਂ ਨਹੀਂ ਜਾਣਦੇ ਕਰਤਾਰ ਨੂੰ। ਕਰਤਾਰ ਘੇਰੇ ਵਿਚੋਂ ਨਿਕਲਕੇ ਜਾਣ ਸਮੇਂ ਬਾਬੇ ਨੂੰ ਦੱਸ ਗਿਆ ਕਿ ਕਰਤਾਰ ਸਿੰਘ ਮੈਂ ਹੀ ਹਾਂ। ਏਥੋਂ ਫੇਰ ਉਹ ਦੁਰਾਹੇ ਨੂੰ ਚਲਾ ਗਿਆ।

(ਗੁਰਬਚਨ ਸਿੰਘ ਗਰੇਵਾਲ)

ਸ਼ਚਿੰਦਰ ਨਾਥ ਸਾਨਿਆਲ ਗ਼ਦਰ ਪਾਰਟੀ ਬਨਾਰਸ ਜੋ ਇਨ੍ਹੀਂ ਦਿਨੀਂ ਪੰਜਾਬ ਆਏ ਹੋਏ ਸਨ, ਕਰਤਾਰ ਸਿੰਘ ਸਰਾਭਾ ਬਾਰੇ ਅਜੇਹੀ ਹੀ ਇਕ ਹੋਰ ਵਾਰਤਾ ਲਿਖਦੇ ਹਨ:-

ਇਨ੍ਹੀਂ ਦਿਨੀਂ ਕਰਤਾਰ ਸਿੰਘ ਸਰਾਭਾ ਬੜੀ ਮਿਹਨਤ ਨਾਲ ਕੰਮ ਕਰਦੇ ਸਨ। ਉਹ ਹਰਰੋਜ਼ ਸਾਈਕਲ ਤੇ ਚੜ੍ਹ ਕੇ ਪਿੰਡਾਂ ਵਿਚ ਚਾਲੀ ਚਾਲੀ ਪੰਜਾਹ ਪੰਜਾਹ ਮੀਲ ਦੇ ਚੱਕਰ

ਲਗਾਂਦੇ ਸਨ। ਏਨਾਂ ਕੁਝ ਕਰਨ ਦੇ ਬਾਵਜੂਦ ਵੀ ਉਹ ਸੁਖ ਦਾ ਸਾਹ ਨਹੀਂ ਲੈਂਦੇ ਸਨ। ਇਉਂ ਮਾਲੂਮ ਹੁੰਦਾ ਸੀ ਮਾਨੋ ਥਕੇਵਾਂ ਇਹਨਾਂ ਨੂੰ ਪੋਂਹਦਾ ਹੀ ਨਹੀਂ ਸੀ। ਜਿਤਨਾ ਬਹੁਤਾ ਕੰਮ ਕਰਦੇ ਉਤਨੀ ਹੀ ਫੁਰਤੀ ਉਨ੍ਹਾਂ ਵਿਚ ਵਧਦੀ ਸੀ। ਪਿੰਡਾਂ ਦਾ ਚੱਕਰ ਲਾ ਕੇ ਉਹ ਉਹਨਾਂ ਪਲਟਨਾਂ ਵਿਚ ਜਾਂਦੇ ਜਿਨ੍ਹਾਂ ਵਿਚ ਅਜੇ ਕੋਈ ਕੰਮ ਨਹੀਂ ਸੀ ਕੀਤਾ ਗਿਆ।

## ਬੰਗਾਲੀ ਸੱਜਣਾਂ ਨਾਲ ਸੰਪਰਕ ਕਾਇਮ ਕਰਨਾ

ਵਿਸ਼ਨੂੰ ਗਨੇਸ਼ ਪਿੰਗਲੇ (ਮਰਹਟਾ) ਜੋ ਕਰਤਾਰ ਸਿੰਘ ਵਾਂਗ ਹੀ ਨੌਜਵਾਨ ਸੀ। ਉਹ ਵੀ ਪੜ੍ਹਾਈ ਆਦਿ ਵਿਚਕਾਰੇ ਛਡਕੇ ਪ੍ਰਦੇਸੋਂ ਆਇਆ ਸੀ। ਉਹ ਚੂੰਕਿ ਪ੍ਰਦੇਸ ਜਾਣ ਤੋਂ ਪਹਿਲਾਂ ਸਾਧੂ ਦੇ ਭੇਸ ਵਿਚ ਸਾਰੇ ਹਿੰਦੁਸਤਾਨ ਦਾ ਰਟਨ ਕਰ ਚੁਕਾ ਸੀ। ਉਹਨੂੰ ਬੰਗਾਲੀ ਦੇਸ਼ ਭਗਤਾਂ ਦੇ ਅੱਡਿਆਂ ਦਾ ਭੀ ਪਤਾ ਸੀ। ਉਸਨੇ ਪੰਜਾਬ ਆ ਕੇ ਕਰਤਾਰ ਸਿੰਘ ਸਰਾਭਾ, ਬਾਬਾ ਨਿਧਾਨ ਸਿੰਘ ਚੁੱਘਾ ਤੇ ਪੰਡਤ ਰਾਮਸਰਨ ਦਾਸ ਨੂੰ ਮਿਲਕੇ ਇਹਨਾਂ ਦੀ ਬੰਗਾਲੀ ਦੇਸ਼ ਭਗਤਾਂ ਨਾਲ ਗੱਲਬਾਤ ਕਰਾਈ ਤੇ ਸ਼ਚਿੰਦਰ ਸਾਨਿਆਲ (ਗ਼ਦਰ ਪਾਰਟੀ ਬਨਾਰਸ) ਪੰਜਾਬ ਆਏ ਤੇ ਲੁਧਿਆਣੇ ਆ ਕੇ ਉਹ ਸਟੇਸ਼ਨ ਉਤੇ ਕਰਤਾਰ ਸਿੰਘ ਨੂੰ ਮਿਲੇ ਤੇ ਪੰਜਾਬ ਦੇ ਹੋਰ ਦੇਸ਼ ਭਗਤਾਂ ਨੂੰ ਜਲੰਧਰ ਵਿਚ ਭੀ ਏਸੇ ਤਰ੍ਹਾਂ ਸਟੇਸ਼ਨ ਉਤੇ ਹੀ ਮਿਲੇ ਤੇ ਇਉਂ ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਉਨ੍ਹਾਂ ਇਹ ਸਲਾਹ ਦਿਤੀ ਕਿ ਤੁਸੀਂ ਆਪਣਾ ਕੋਈ ਹੈੱਡਕੁਆਟਰ ਬਣਾਓ ਤਾਂ ਜੋ ਹਰ ਸੱਜਣ ਓਥੇ ਆ ਕੇ ਤੁਹਾਨੂੰ ਮਿਲ ਸਕੇ। ਕਰਤਾਰ ਸਿੰਘ ਤੇ ਹੋਰ ਸਾਥੀਆਂ ਦੀ ਬੜੀ ਇੱਛਾ ਸੀ ਕਿ ਰਾਸ ਬਿਹਾਰੀ ਜੀ ਪੰਜਾਬ ਆਉਣ। ਪਰ ਉਹ ਕਿਸੇ ਟਿਕਾਣੇ ਤੋਂ ਬਿਨਾ ਆ ਨਹੀਂ ਸਨ ਸਕਦੇ। ਇਸ ਲਈ ਸਚਿੰਦਰ ਨਾਥ ਦੀ ਤਜਵੀਜ਼ ਤੇ ਪਹਿਲਾਂ ਅੰਮ੍ਰਿਤਸਰ ਦੇ ਮਕਾਨ ਤੇ ਫੇਰ ਲਾਹੌਰ ਵਿਚ ਭੀ ਕਈ ਮਕਾਨ ਕਿਰਾਏ ਤੇ ਲਏ ਗਏ, ਜਿਥੇ ਕਿ ਦੇਸ਼ ਭਗਤ ਰਹਿੰਦੇ ਤੇ ਬਾਹਰ ਪ੍ਰਚਾਰ ਲਈ ਜਾਂਦੇ ਸਨ। ਰਾਸ ਬਿਹਾਰੀ ਜੀ ਭੀ ਬਦਲ ਬਦਲ ਕੇ ਇਨਾਂ ਮਕਾਨਾਂ ਵਿਚ ਰਹਿੰਦੇ ਸਨ। ਏਸ ਤਰ੍ਹਾਂ ਪੰਜਾਬ ਤੇ ਬੰਗਾਲ ਦੇ ਆਪਸੀ ਸੰਬੰਧ ਦਾ ਬਹੁਤਾ ਵੱਡਾ ਲਾਭ ਇਹ ਹੋਇਆ ਕਿ ਬੰਗਾਲੀ ਦੇਸ਼ ਭਗਤ ਜਿਹੜੇ ਕਿ ਪਹਿਲਾਂ ਵਖੋ ਵੱਖ ਪਾਰਟੀਆਂ ਨਾਲ ਸੰਬੰਧਤ ਸਨ ਸਭ ਇਕ ਹੋ ਗਏ ਅਤੇ ਗ਼ਦਰ ਦਾ ਕੰਮ ਕਰਨ ਲਈ ਹੇਠ ਲਿਖੇ ਸੱਜਣਾਂ ਦੀ ਇਕ ਕਮੇਟੀ ਬਣਾਈ ਗਈ:-

ਕਰਤਾਰ ਸਿੰਘ ਸਰਾਭਾ, ਬਾਬਾ ਨਿਧਾਨ ਸਿੰਘ ਚੁੱਘਾ, ਡਾਕਟਰ ਮਥਰਾ ਸਿੰਘ ਢੁਡਿਆਲ, ਗੁੱਜਰ ਸਿੰਘ ਭਕਨਾ, ਭਾਈ ਪਿਆਰਾ ਸਿੰਘ ਲੰਗੇਰੀ, ਵੀਰ ਸਿੰਘ ਘਣੂਵਾਲ, ਵਸਾਖਾ ਸਿੰਘ ਦਦੇਹਰ, ਪੰਡਤ ਜਗਤ ਰਾਮ, ਤੇ ਹੋਰ ਵਰਕਰ ਉੱਤਮ ਸਿੰਘ ਹਾਂਸ, ਭਗਤ ਸਿੰਘ (ਗਾਂਧਾ ਸਿੰਘ) ਕੱਚਰ ਭੰਨ, ਬੰਤਾ ਸਿੰਘ ਸੰਗਵਾਲ, ਪ੍ਰੇਮ ਸਿੰਘ ਅਤੇ ਸ਼ੇਰ ਸਿੰਘ ਆਦਿ।

ਉਪ੍ਰੋਕਤ ਸੱਜਣਾਂ ਦੀਆਂ ਹਦਾਇਤਾਂ ਤੇ ਕੰਮ ਚਲ ਰਿਹਾ ਸੀ। ਉਪਰ ਦੱਸੇ ਵਰਕਰਾਂ ਤੋਂ

ਬਿਨਾਂ ਅੰਮ੍ਰਿਤਸਰ ਵਿਚ ਨੌਰੰਗ ਸਿੰਘ ਤਾਂਘੀ ਦੀ ਦੁਕਾਨ ਤੇ ਡਾਕਟਰ ਹਰਦਿੱਤ ਸਿੰਘ ਦੀ ਦੁਕਾਨ ਤੋਂ ਪਤਾ ਲਗਦਾ ਸੀ ਕਿ ਫਲਾਣਾ ਸੱਜਣ ਕਿੱਥੇ ਹੈ ? ਏਸੇ ਤਰ੍ਹਾਂ ਲਾਹੌਰ ਵਿਚ ਮਦਨ ਸਿੰਘ ਗਾਗਾ ਦੀ ਦੁਕਾਨ ਤੇ ਮੂਲ ਚੰਦ ਦੀ ਸਰਾਂ ਵਿਚ ਮਾਈ ਗੁਲਾਬ ਕੌਰ ਤੋਂ ਪਤਾ ਲੱਗਦਾ ਸੀ ਕਿ ਕੌਣ ਕਿਥੇ ਮਿਲ ਸਕਦਾ ਹੈ।

## ਗ਼ਦਰ ਦੇ ਅੱਡੇ

ਮਾਝੇ ਵਿਚ-ਦਦੇਹਰ, ਝਾੜ ਸਾਹਿਬ ਤੇ ਵਲਟੋਹਾ ਸਨ।
ਮਾਲਵੇ ਵਿਚ-ਨਾਰੰਗਵਾਲ, ਲੋਹਟਬੱਦੀ ਤੇ ਢੁੱਡੀਕੇ।
ਦੁਆਬੇ ਵਿਚ-ਸੰਘਵਾਲ ਪੰਡੋਰੀ, ਬਿੰਜੋ ਸਾਧ ਦਾ ਡੇਰਾ।

## ਕੰਮ ਦੀ ਵਿਉਂਤ

ਦੇਸ਼ ਵਿਚ ਛਾਉਣੀਆਂ ਦੇ ਫੌਜੀ ਭਰਾਵਾਂ ਨੂੰ ਮਿਲਣ ਤੇ ਉਹਨਾਂ ਇਹ ਸੁਝਾਅ ਦਿਤਾ ਸੀ ਕਿ ਪਹਿਲਾਂ ਤੁਸੀਂ ਮੂਹਰੇ ਲੱਗ ਕੇ ਛਾਉਣੀਆਂ ਦੇ ਗੋਲੀ ਬਾਰੂਦ ਤੇ ਕਬਜ਼ਾ ਕਰੋ ਤਾਂ ਫੇਰ ਅਸੀਂ ਵੀ ਤੁਹਾਡੇ ਮਗਰ ਲੱਗ ਜਾਵਾਂਗੇ। ਏਸ ਲਈ ਗ਼ਦਰੀਆਂ ਨੇ ਇਹ ਵਿਉਂਤ ਬਣਾਈ ਕਿ ਪਹਿਲਾਂ ਲਾਹੌਰ ਤੇ ਫਿਰੋਜਪੁਰ ਦੀਆਂ ਵੱਡੀਆਂ ਛਾਉਣੀਆਂ ਉਤੇ ਕਬਜ਼ਾ ਕੀਤਾ ਜਾਵੇ। ਇਸ ਤੋਂ ਬਾਅਦ ਹੋਰ ਛਾਉਣੀਆਂ ਦੇ ਸਿਪਾਹੀ ਸਾਡੇ ਨਾਲ ਹੀ ਆ ਜਾਣਗੇ। ਏਸ ਮਤਲਬ ਲਈ ਦੋ ਮੀਟਿੰਗਾਂ ਹੋਈਆਂ। ਜਿਹਾ ਕਿ ੨੩ ਨਵੰਬਰ ੧੯੧੫ ਨੂੰ ਬੱਦੋਵਾਲ ਫਿਰੋਜ਼ਪੁਰ ਲਈ ਤੇ ੨੩ ਨਵੰਬਰ ੧੯੧੪ ਨੂੰ ਹੀ ਝਾੜ ਸਾਹਿਬ ਵਿਖੇ ਲਾਹੌਰ ਵਾਸਤੇ ਮੀਟਿੰਗਾਂ ਹੋਈਆਂ। ਫੇਰ ੨੩, ੨੭ ਨਵੰਬਰ ਨੂੰ ਮੁੜ ਮੀਟਿੰਗਾਂ ਹੋਈਆਂ। ਪਰ ਕਈ ਰੁਕਾਵਟਾਂ ਸਾਹਮਣੇ ਆ ਗਈਆਂ ਜਿਹਾ ਕਿ ੨੭ ਨਵੰਬਰ ਨੂੰ ਫੇਰੂ ਸ਼ਹਿਰ ਜਿਥੇ ਕਿ ਇਕ ਥਾਣੇਦਾਰ ਤੇ ਇਕ ਜੈਲਦਾਰ ਗ਼ਦਰੀਆਂ ਹਥੋਂ ਮਾਰੇ ਗਏ ਸਨ। ਇਹ ਵਾਕਿਆ ਓਦੋਂ ਹੋਇਆ ਜਦੋਂ ਕਿ ਗ਼ਦਰੀ ਜਲਾਲਾਬਾਦ ਕੋਲ ਇਕ ਮੀਟਿੰਗ ਤੇ ਇਕੱਠੇ ਹੋਏ ਸੀ। ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਭੀ ਸੀ। ਮੀਟਿੰਗ ਤੋਂ ਬਾਅਦ ਸਰਾਭਾ ਆਦਿ ਬਹੁਤ ਸਾਰੇ ਸੱਜਣ ਲੁਧਿਆਣਾ ਆਦਿ ਸ਼ਹਿਰਾਂ ਨੂੰ ਚਲੇ ਗਏ। ਪਰ ੧੪, ੧੫ ਸੱਜਣ ਗੱਡੀ ਨਾ ਮਿਲਣ ਕਰਕੇ ਪਿਛੇ ਰਹਿ ਗਏ ਸਨ, ਜਿਨ੍ਹਾਂ ਨਾਲ ਇਹ ਘਟਨਾ ਵਾਪਰੀ ਸੀ। ਏਸੇ ਤਰ੍ਹਾਂ ਹੋਰ ਕਈ ਥਾਵੀਂ ਪੱਧਰੀ ਸੋਧੇ ਗਏ। ਜਿਸ ਕਰਕੇ ਗ਼ਦਰ ਦੀ ਤਾਰੀਖ ਲਮਕ ਗਈ ਸੀ।

ਆਖਰ ਦੇਸੀ ਫੌਜਾਂ ਦੇ ਜੰਗ ਕਾਰਨ ਬਾਹਰ ਭੇਜੇ ਜਾਣ ਦੇ ਡਰ ਕਰਕੇ ਪਾਰਟੀ ਨੇ ਤੇਜ਼ੀ ਨਾਲ ਕੰਮ ਕਰਨਾ ਸ਼ੁਰੂ ਕਰ ਦਿਤਾ ਤੇ ਹਰ ਪਾਸੇ ਤਿਆਰੀ ਦਾ ਜਾਇਜ਼ਾ ਲੈਣ ਲਈ ਵਰਕਰ ਭੇਜੇ ਗਏ। ਸਰਹੱਦ ਵੱਲ ਡਾਕਟਰ ਮਥਰਾ ਸਿੰਘ, ਲਾਹੌਰ ਵਿਚ ਕਰਤਾਰ ਸਿੰਘ ਤੇ ਸੱਜਣ ਸਿੰਘ ਨਾਰੰਗਵਾਲ ਗਏ ਅਤੇ ਫੇਰ ਫਿਰੋਜ਼ਪੁਰ ਛਾਉਣੀ ਤੇ ਹਮਲੇ ਵਾਸਤੇ ਭੀ ਸੱਜਣ ਸਿੰਘ,

ਕਰਤਾਰ ਸਿੰਘ ਦੇ ਨਾਲ ਗਏ। ਇਸਤੋਂ ਬਿਨਾ ਕਰਤਾਰ ਸਿੰਘ ਵਿਸ਼ਨੂੰ ਗਨੇਸ਼ ਪਿੰਗਲੇ ਨੂੰ ਨਾਲ ਲੈ ਕੇ ਅੰਬਾਲਾ, ਮੇਰਠ, ਲਖਨਊ, ਅਲਾਹਾਬਾਦ, ਬਨਾਰਸ, ਦੀਨਾਪੁਰ, ਫੈਜ਼ਾਬਾਦ ਛਾਉਣੀਆਂ ਵਿਚ ਗਏ ਤੇ ਸਭਨਾਂ ਨੂੰ ਆਪਣੇ ਹੱਕ ਵਿਚ ਮਨਾ ਲਿਆ।

## ਗ਼ਦਰ ਦੀ ਤਰੀਕ ਮਿਥਣੀ

ਇਸ ਤੋਂ ਬਾਅਦ 12 ਫਰਵਰੀ ਨੂੰ ਫੈਸਲਾ ਹੋਇਆ ਕਿ 21 ਫਰਵਰੀ 1915 ਨੂੰ ਰਾਤ ਦੇ ਬਾਰਾਂ ਵਜੇ ਗ਼ਦਰ ਕੀਤਾ ਜਾਵੇ। ਏਸ ਕੰਮ ਲਈ ਲਾਲ, ਪੀਲੇ ਤੇ ਹਰੇ ਝੰਡੇ ਤੇ ਐਲਾਨੇ ਜੰਗ, ਗ਼ਦਰ ਸੰਦੇਸ਼ਾ, ਤਿਲਕ, ਨਾਦਰ ਮੌਕਾ, ਰਕਾਬ ਗੰਜ, ਜਵਾਨੋ ਉਠੋ, ਸੱਚੀ ਪੁਕਾਰ ਆਦਿ ਨਾਮੇ ਪੈਂਫਲਿਟ ਛਾਪਕੇ ਪ੍ਰਚਾਰ ਲਈ ਵਰਕਰਾਂ ਨੂੰ ਦਿਤੇ ਗਏ ਜਿਹੜੇ ਕਿ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਵਿਦਿਆਰਥੀ ਹੀ ਛਾਪਦੇ ਸਨ। ਪਰ ਏਸ ਤਰੀਕ ਦਾ ਕ੍ਰਿਪਾਲ ਸਿੰਘ ਮੁਖਬਰ ਨੂੰ ਕਿਸੇ ਤਰ੍ਹਾਂ ਪਤਾ ਲਗ ਗਿਆ। ਜਿਸ ਤੇ ਉਸ ਨੇ ਗਵਰਨਮੈਂਟ ਨੂੰ ਇਤਲਾਹ ਦੇ ਦਿਤੀ ਜਿਸ ਕਾਰਨ ਕੁਝ ਵਰਕਰ ਵੀ ਫੜੇ ਗਏ ਤੇ ਉਸ ਦਿਨ ਗ਼ਦਰ ਦੀ ਤਰੀਕ ਰੱਦ ਕਰਕੇ ਪਹਿਲੋਂ ਦੀ ਹੀ 19 ਤਰੀਕ ਮੁਕੱਰਰ ਹੋਈ ਤੇ ਉਸਦਾ ਭੀ ਕ੍ਰਿਪਾਲ ਸਿੰਘ ਨੂੰ ਪਤਾ ਲਗ ਗਿਆ ਜਿਸ ਕਰਕੇ ਪਾਰਟੀ ਨੇ ਕ੍ਰਿਪਾਲ ਸਿੰਘ ਨੂੰ ਸੋਧਣ ਦਾ ਮਤਾ ਪਕਾ ਲਿਆ ਤੇ ਸੱਜਣ ਸਿੰਘ ਸਪੁੱਤਰ ਮੀਹਾਂ ਸਿੰਘ ਪਿੰਡ ਨਾਰੰਗਵਾਲ ਦੀ ਡਿਊਟੀ ਲਾਈ ਗਈ ਪਰ ਸਮਾਂ ਥੋੜਾ ਹੋਣ ਕਰਕੇ ਉਹ ਕਾਬੂ ਨਾ ਆਇਆ। ਕਿਉਂਕਿ ਉਹ ਭੀ ਸਮਝ ਗਿਆ ਸੀ ਕਿ ਹੁਣ ਮੇਰੀ ਖੈਰ ਨਹੀਂ ਹੈ। ਏਸ ਲਈ ਉਹ ਬਹੁਤ ਚੌਕੰਨਾ ਰਿਹਾ ਜਿਸ ਕਰਕੇ ਬਚ ਗਿਆ ਤੇ ਸਰਕਾਰੀ ਹਾਕਮਾਂ ਨੇ ਥਾਉਂ ਥਾਈਂ ਗ਼ਦਰ ਪੱਖੀ ਫੌਜੀ ਕਢਕੇ ਘਰਾਂ ਨੂੰ ਤੋਰ ਦਿੱਤੇ ਤੇ ਪਹਿਰਾ ਸਖਤ ਕਰ ਲਿਆ।

## 14 ਤਰੀਕ ਨੂੰ ਕਰਤਾਰ ਸਿੰਘ ਦਾ ਪਿੰਡ ਗਿੱਲਾਂ ਵਿਚ ਭਾਈ ਰਣਧੀਰ ਸਿੰਘ ਨੂੰ ਮਿਲਣਾ

ਕਰਤਾਰ ਸਿੰਘ ਸਰਾਭਾ ਦੀ ਡਿਊਟੀ ਫਿਰੋਜ਼ਪੁਰ ਕਿਲੇ ਤੇ ਧਾਵਾ ਬੋਲਣ ਦੀ ਸੀ ਤੇ ਇਸਦੇ ਨਾਲ ਭਾਈ ਰਣਧੀਰ ਸਿੰਘ ਦਾ ਜੱਥਾ ਭੀ ਸੀ ਜਿਸਨੂੰ ਕਰਤਾਰ ਸਿੰਘ ਨੇ ਢੰਡਾਰੀ ਖੁਰਦ ਨੂੰ ਜਾਂਦਿਆਂ ਪਿੰਡ ਗਿੱਲ ਵਿਚ ਦੀ ਜੋ ਰਸਤਾ ਢੰਡਾਰੀ ਨੂੰ ਜਾਂਦਾ ਹੈ, ਉਥੇ 14 ਫਰਵਰੀ ਨੂੰ ਮਿਲ ਕੇ ਗ਼ਦਰ ਦੀ ਤਰੀਕ 21 ਦੀ ਥਾਂ 19 ਦੱਸੀ ਸੀ। ਓਸ ਵੇਲੇ ਭਾਈ ਸਾਹਿਬ ਦੇ ਪੁੱਛਣ ਤੇ ਕਰਤਾਰ ਸਿੰਘ ਨੇ ਕਿਹਾ ਸੀ ਕਿ ਲਾਹੌਰ, ਅੰਮ੍ਰਿਤਸਰ, ਲੁਧਿਆਣਾ, ਜਲੰਧਰ ਆਦਿ ਸ਼ਹਿਰਾਂ ਵਿਚ ਜਿੰਨੀਆਂ ਭੀ ਮੋਟਰ ਗੱਡੀਆਂ ਹਨ ਉਹ ਸਭ ਗ਼ਦਰ ਸਮੇਂ ਸਾਡੇ ਨਾਲ ਹੋਣਗੀਆਂ ਤੇ ਫੌਜਾਂ ਭੀ ਸਭ ਆਪਣੇ ਨਾਲ ਹੋ ਜਾਣਗੀਆਂ ਆਦਿ। ਇਹ ਦਲੇਰੀ ਭਰੇ ਬਚਨ ਸੁਣਕੇ ਭਾਈ ਸਾਹਿਬ ਨੇ ਕਰਤਾਰ ਸਿੰਘ ਨੂੰ ਥਾਪੀ ਦਿਤੀ ਤੇ ਕਿਹਾ ਕਿ ਗੁਰੂ ਤੁਹਾਨੂੰ

ਕਾਮਿਆਬੀ ਬਖਸ਼ੇ। ਕਰਤਾਰ ਸਿੰਘ ਉਸ ਵੇਲੇ ਇਹ ਕਹਿ ਕੇ ਗਿਆ ਸੀ ਕਿ ਤੁਸੀਂ 19 ਫਰਵਰੀ ਨੂੰ ਸ਼ਾਮ ਦੀ ਗੱਡੀ ਜੋ ਕਿ ਲੁਧਿਆਣੇ ਤੋਂ ਸਾਢੇ ਚਾਰ ਵਜੇ ਚਲਦੀ ਹੈ ਤੇ ਤਕਰੀਬਨ 9 ਵਜੇ ਫਿਰੋਜ਼ਪੁਰ ਅਪੜਦੀ ਹੈ, ਏਸ ਗੱਡੀ ਚੜ੍ਹਕੇ ਛਾਉਣੀ ਦੇ ਸਟੇਸ਼ਨ ਉਤੇ ਆ ਜਾਣਾ, ਮੈਂ ਅਗੇ ਆ ਕੇ ਤੁਹਾਨੂੰ ਲੈ ਜਾਵਾਂਗਾ।

## ਜਥੇ ਦਾ ਢੰਡਾਰੀ ਖੁਰਦ ਵਿਚ ਫਿਰੋਜ਼ਪੁਰ ਕਿਲੇ ਤੇ ਧਾਵੇ ਦਾ ਗੁਰਮਤਾ

ਫੇਰ ਜਥੇ ਨੇ ਢੰਡਾਰੀ ਅਪੜਕੇ ਅਖੰਡ ਪਾਠ ਦੇ ਭੋਗ ਤੋਂ ਬਾਅਦ 17 ਫਰਵਰੀ 1915 ਈ: ਨੂੰ ਬੰਦ ਕਮਰੇ ਵਿਚ ਫੀਰੋਜ਼ਪੁਰ ਦੀ ਛਾਉਣੀ ਜਾ ਕੇ ਗ਼ਦਰੀਆਂ ਨਾਲ ਮਿਲਕੇ ਕਿਲੇ ਤੇ ਕਬਜ਼ਾ ਕਰਨ ਦਾ ਮਤਾ ਪਾਸ ਕੀਤਾ ਜਿਸਦੀ ਵਿਰੋਧਤਾ ਭਾ: ਸੁਰਜਣ ਸਿੰਘ ਗੁਜਰਵਾਲ ਨੇ ਕੀਤੀ ਤੇ ਕਿਹਾ ਕਿ ਖਾਲਸੇ ਨੇ ਰਾਜ ਭਾਗ ਤੋਂ ਕੀ ਲੈਣਾ ਹੈ ਤਾਂ ਭਾਈ ਸਾਹਿਬ ਨੇ ਬੜੇ ਜ਼ੋਰਦਾਰ ਲਫਜ਼ਾਂ ਵਿਚ ਕਿਹਾ ਕਿ ਬੇਸ਼ਕ ਸਾਨੂੰ ਰਾਜ ਭਾਗ ਦੀ ਕੋਈ ਇੱਛਾ ਨਹੀਂ ਪਰ ਗੋਰਿਆਂ ਨੇ ਸਾਡੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੀ ਹੈ ਤੇ ਇਹ ਕੰਮ ਭੀ ਦੇਸ਼ ਦੇ ਭਲੇ ਨਮਿਤ ਹੈ। ਯਾਨੀ ਦੇਸ਼ ਨੂੰ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੈ। ਇਸ ਵਾਸਤੇ ਅਸੀਂ ਜ਼ਰੂਰ ਇਥੇ ਜਾਣਾ ਹੈ। ਫੇਰ ਕੀ ਸੀ ਕਿਸੇ ਨੂੰ ਭੀ ਵਿਰੋਧਤਾ ਵਿਚ ਬੋਲਣ ਦਾ ਹੀਆ ਨਾ ਹੋਇਆ ਤੇ ਗੁਰਮਤਾ ਪਾਸ ਹੋ ਗਿਆ। 19 ਤਰੀਕ ਨੂੰ ਜਥਾ ਕਰਤਾਰ ਸਿੰਘ ਨਾਲ ਹੋਏ ਬਚਨ ਅਨੁਸਾਰ ਨਾਰੰਗਵਾਲ ਭਾਈ ਸਾਹਿਬ ਦੇ ਘਰ ਇਕੱਠਾ ਹੋ ਗਿਆ ਤੇ ਸਿੰਘਾਂ ਨੇ ਕੱਲੇ ਕੱਲੇ ਨੇ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਭੁਲਾਂ ਬਖਸ਼ਾਈਆਂ ਤੇ ਦੇਗਾਂ ਵਰਤਾ ਕੇ ਸ਼ਹੀਦੀਆਂ ਪ੍ਰਾਪਤ ਕਰਨ ਲਈ ਕਮਰ ਕੱਸੇ ਕਰ ਲਏ। ਕਰਤਾਰ ਸਿੰਘ ਨੇ ਭਾਈ ਸਾਹਿਬ ਨੂੰ ਕਿਹਾ ਸੀ ਕਿ ਤੁਸੀਂ ਆਪਣੇ ਸਭ ਸ਼ਸਤਰ ਉਤਾਰ ਕੇ ਆਉਣਾ ਤੇ ਨਾਲ ਹੀ ਕਾਲੀ ਪੱਗ ਭੀ ਉਤਾਰ ਕੇ ਆਉਣਾ ਕਿਉਂਕਿ ਚੰਦ ਚਾਨਣੀ ਰਾਤ ਵਿਚ ਕਾਲੀ ਪੱਗ ਤੇ ਗੋਲੀ ਆਸਾਨੀ ਨਾਲ ਜਾ ਲਗਦੀ ਹੈ ਏਸ ਲਈ ਕਾਲੀਆਂ ਪੱਗਾਂ ਭੀ ਲਾਹ ਕੇ ਆਉਣਾ ਪਰ ਭਾਈ ਸਾਹਿਬ ਨੇ ਸਾਫ਼ ਲਫਜ਼ਾਂ ਵਿਚ ਕਿਹਾ ਕਿ ਸਾਡੇ ਸਭ ਸ਼ਸਤਰ ਬਸਤਰ ਏਵੇਂ ਹੀ ਰਹਿਣਗੇ। ਹੋਰ ਜੋ ਤੁਸੀਂ ਦਿਓਗੇ ਉਹ ਭੀ ਲੈ ਲਵਾਂਗੇ। ਕਾਲੀ ਪੱਗ ਤੇ ਖਤਰੇ ਨੂੰ ਟਾਲਣ ਲਈ ਭਾਈ ਸਾਹਿਬ ਨੇ ਉਨ੍ਹਾਂ ਦੇ ਘਰ ਪਿਆ ਇਕ ਖਾਕੀ ਥਾਨ ਪਾੜਕੇ ਸਭ ਨੂੰ ਦੇ ਦਿਤਾ ਤੇ ਕਿਹਾ ਕਿ ਜਦੋਂ ਮੌਕਾ ਆਵੇ ਤਾਂ ਏਸ ਨੂੰ ਕਾਲੀ ਪੱਗ ਤੇ ਰੁਮਾਲ ਵਜੋਂ ਬੰਨ੍ਹ ਲੈਣਾ।

19 ਤਰੀਕ ਦੀ ਸ਼ਾਮ ਨੂੰ ਮੁੱਲਾਂਪੁਰ ਦੇ ਸਟੇਸ਼ਨ ਤੋਂ ਗੱਡੀ ਚੜ੍ਹਕੇ ਜਿਹੜੀ ਕਿ ਸ਼ਾਮ ਨੂੰ ਛੇ ਦੇ ਕਰੀਬ ਉਥੋਂ ਚਲਦੀ ਸੀ। ਗੱਡੀ ਪਲੇਟ ਫਾਰਮ ਤੇ ਆਉਣ ਤੇ ਕਿਸ਼ਨ ਸਿੰਘ ਜ਼ੈਲਦਾਰ 'ਮੋਹੀ' ਲੁਧਿਆਣੇ ਤੋਂ ਆਉਂਦਾ ਇਥੇ ਉਤਰਿਆ ਉਹ ਭਾਈ ਸਾਹਿਬ ਨੂੰ ਤੇ ਮੈਨੂੰ ਜਾਣਦਾ ਸੀ ਤੇ ਛੇਕੜ ਉਸਦੀ ਗਵਾਹੀ ਨਾਲ ਕੈਦਾਂ ਹੋਈਆਂ ਤੇ ਦਸਿਆ ਜਾਂਦਾ ਹੈ ਕਿ ਉਸਦਾ ਇਨਾਮ ਉਸ ਨੂੰ ਦੋ ਮੁਰੱਬੇ ਮਿਲੇ। ਜਿਸ ਦਿਨ ਦੋ ਮੁਰੱਬਿਆਂ ਦਾ ਆਰਡਰ ਆਇਆ ਉਸੇ

ਦਿਨ ਉਸ ਦੇ ਘਰ ਪੁੱਤਰ ਦਾ ਜਨਮ ਹੋਇਆ ਸੀ ਉਸ ਨੇ ਪੁੱਤਰ ਨੂੰ ਖੁਸ਼ ਕਿਸਮਤ ਸਮਝਕੇ ਉਸਦਾ ਨਾਂ ਖੁਸ਼ ਕਿਸਮਤ ਰਖਿਆ ਜਿਹੜਾ ਕਿ ਆਜ਼ਾਦੀ ਪਿਛੋਂ ਕਾਂਗਰਸੀ ਬਣ ਗਿਆ ਤੇ ਜ਼ਿਲਾ ਕਾਂਗਰਸ ਦਾ ਵਾਈਸ ਪ੍ਰੈਜ਼ੀਡੈਂਟ ਰਹਿ ਚੁੱਕਾ ਹੈ। ਅਸਾਡਾ ਜਥਾ ਉਥੋਂ ਫਿਰੋਜ਼ਪੁਰ ਛਾਉਣੀ ਦੇ ਸਟੇਸ਼ਨ ਤੇ ਜਾ ਉਤਰਿਆ। ਰਾਹ ਵਿਚ ਸਾਰੇ ਰਾਹ ਚੌਪਦੀ ਦਾ ਅਖੰਡ ਕੀਰਤਨ ਹੁੰਦਾ ਗਿਆ। ਸਿੰਘ ਬੜੇ ਜੋਸ਼ ਤੇ ਉਤਸ਼ਾਹ ਵਿਚ ਸਾਰੇ ਰਾਹ ਕੀਰਤਨ ਕਰਦੇ ਗਏ ਤੇ ਹੋਰ ਗ਼ਦਰੀ ਭਰਾ ਉਤਮ ਸਿੰਘ ਹੋਰੀਂ ਜੋ ਸਾਡੇ ਨਾਲ ਹੀ ਮੁੱਲਾਂ ਪੁਰ ਸਟੇਸ਼ਨ ਤੋਂ ਚੜ੍ਹੇ ਸਨ, ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਪੜ੍ਹਦੇ ਗਏ ਤੇ ਛਾਉਣੀ ਦੇ ਸਟੇਸ਼ਨ ਤੇ ਜਾ ਉਤਰੇ। ਅਗੇ ਕਰਤਾਰ ਸਿੰਘ ਜਥੇ ਨੂੰ ਲੈਣ ਆਇਆ ਹੋਇਆ ਸੀ ਜੋ ਜਥੇ ਦੇ ਮੂਹਰੇ ਲਗਕੇ ਗੋਰਿਆਂ ਦੀਆਂ ਬਾਰਕਾਂ ਵਿਚ ਦੀ ਹੁੰਦਾ ਹੋਇਆ ਚਾਂਦ ਮਾਰੀ ਦੇ ਲਾਗੇ ਇਕ ਮੈਦਾਨ ਵਿਚ ਜਾ ਪੁਜਾ ਤੇ ਹੋਰ ਭੀ ਹਰ ਪਾਸੇ ਦੇ ਸੱਜਣ ਉਥੇ ਆਣ ਇਕੱਠੇ ਹੋਏ ਜੋ ਤਕਰੀਬਨ ਡੇਢ ਪੌਣੇ ਦੋ ਸੋ ਦੇ ਕਰੀਬ ਸਨ। ਜਗਰਾਉਂ, ਢੁੱਡੀਕੇ ਆਦਿ ਤੋਂ ਚੜ੍ਹੇ ਸੱਜਣ ਭੀ ਸਭ ਇਸੇ ਗੱਡੀ ਵਿਚ ਸਨ, ਜਥੇ ਤੋਂ ਬਿਨਾਂ ਹੇਠ ਲਿਖੇ ਉਘੇ ਗ਼ਦਰੀ ਵੀਰ ਓਸ ਇਕੱਠ ਵਿਚ ਬਰਾਜ ਰਹੇ ਸਨ। ਭਾਈ ਉਤਮ ਸਿੰਘ ਹਾਂਸ, ਈਸ਼ਰ ਸਿੰਘ ਢੁੱਡੀਕੇ, ਰੰਗਾ ਸਿੰਘ ਖੁਰਦਪੁਰ, ਬੀਰ ਸਿੰਘ ਬਾਹੋਵਾਲ ਦੁਆਬਾ ਜੋ ਬਾਦ ਵਿਚ ਸਾਰੇ ਹੀ ਫਾਂਸੀ ਲਗੇ ਸਨ, ਇਨ੍ਹਾਂ ਤੋਂ ਬਿਨਾਂ ਕਿਰਪਾ ਸਿੰਘ, ਹਰਨਾਮ ਸਿੰਘ ਕਾਲਾ ਸੰਘਾ, ਹਰਨਾਮ ਸਿੰਘ ਕਾਮਾਗਾਟਾ ਮਾਰੂ ਗੁਜਰਵਾਲ, ਗਾਂਧਾ ਸਿੰਘ ਕੱਚਰ ਭੰਨ ਤੇ ਭਾਈ ਰਣਧੀਰ ਸਿੰਘ ਜੀ ਦਾ ਸਾਰਾ ਜੱਥਾ ਜੋ ਚਾਲੀ ਦੇ ਕਰੀਬ ਸੱਜਣ ਸਨ।

ਉਪ੍ਰੋਕਤ ਸਭ ਸੱਜਣਾਂ ਨੂੰ ਓਥੇ ਖੜੇ ਕਰਕੇ ਕਰਤਰ ਸਿੰਘ ਕਿਲੇ ਵੱਲ ਹਥਿਆਰ ਤੇ ਹੋਰ ਗੋਲੀ ਸਿੱਕਾ ਲੈਣ ਗਿਆ ਤਾਂ ਉਹ ਇਕ ਵਜੇ ਤਕ ਵਾਪਸ ਨਾ ਆਇਆ ਤਾਂ ਸਿੰਘ ਬਹੁਤ ਬੇਸਬਰੇ ਹੋ ਗਏ ਜਿਸਦੇ ਸਬੂਤ ਵਜੋਂ ਮੇਰੇ ਖੱਬੇ ਹਥ ਨਾਲ ਹੀ ਪਸਤੌਲ ਤਾਣੀਂ ਖਲੋਤਾ ਭਾਈ ਗਾਂਧਾ ਸਿੰਘ ਇਹ ਕਹਿੰਦਾ ਸੁਣਿਆ ਗਿਆ ਕਿ ਕੀ ਕਾਰਨ ਹੈ ਹੁਕਮ ਨਹੀਂ ਹੁੰਦਾ ਜਦੋਂ ਕਿ ਹੁਕਮ ਤਾਂ 12 ਵਜੇ ਦਾ ਸੀ ਪਰ ਹੁਣ ਇਕ ਭੀ ਵਜ ਚੁਕਾ ਹੈ। ਆਖਰ ਕਰਤਾਰ ਸਿੰਘ ਭੀ ਇਕ ਵਜੇ ਤੋਂ ਬਾਦ ਮੁੜ ਆਇਆ ਤੇ ਆ ਕੇ ਦਸਿਆ ਕਿ ਸਰਕਾਰ ਨੂੰ ਏਸ ਤਰੀਕ ਦਾ ਭੀ ਪਤਾ ਲੱਗ ਗਿਆ ਸੀ ਤੇ ਉਸਨੇ ਸਾਡੇ ਹਮਦਰਦ ਤੇ ਗ਼ਦਰ ਲਈ ਹਥਿਆਰ ਦੇਣ ਵਾਲੇ ਸਭ ਵਰਕਰਾਂ ਨੂੰ ਫੌਜ ਵਿਚੋਂ ਬਾਹਰ ਕੱਢ ਕੇ ਘਰੋ ਘਰੀ ਪੁਚਾ ਦਿਤਾ ਹੈ ਤੇ ਹੁਣ ਇਥੇ ਸਾਨੂੰ ਹਥਿਆਰ ਦੇਣ ਵਾਲਾ ਕੋਈ ਨਹੀਂ ਹੈ। ਏਸ ਲਈ ਹੁਣ ਛੇਤੀ ਹੀ ਜਿਧਰ ਕਿਸੇ ਨੂੰ ਰਾਹ ਲਭਦਾ ਹੈ ਏਥੋਂ ਨਿਕਲ ਜਾਓ। ਕਰਤਾਰ ਸਿੰਘ ਦੇ ਇਹ ਅੱਖਰ ਸੁਣਕੇ ਸਿਰਲੱਥ ਭਰਾ ਬਹੁਤ ਨਿਰਾਸ਼ ਹੋ ਗਏ ਤੇ ਸਭ ਵੀਰ ਆਪੋ ਆਪਣੇਂ ਅਰਮਾਨ ਦਿਲਾਂ ਵਿਚ ਹੀ ਲੈ ਕੇ ਖਿੰਡ ਤਾਂ ਗਏ ਪਰ ਉਸ ਵੇਲੇ ਜੋ ਹਾਲਤ ਉਨ੍ਹਾਂ ਦੀ ਦੇਖੀ ਗਈ ਉਸ ਉਤੇ ਹੇਠ ਲਿਖੀ ਕਵਿਤਾ ਵਿਚ ਬਿਆਨ ਕੀਤਾ ਗਿਆ ਹੈ:-

## ਗ਼ਦਰ ਫੇਲ ਹੋਣ ਤੋਂ ਬਾਦ ਸੂਰਮਿਆਂ ਦੀ ਹਾਲਤ

ਰਾਵਲਪਿੰਡੀ, ਲਾਹੌਰ, ਫ਼ਿਰੋਜ਼ਪੁਰ ਵਿਚ,
ਫੌਜਾਂ ਤਿਆਰ ਬਰਤਿਆਰ ਸਨ ਲੜਨ ਦੇ ਲਈ।
ਕਿਰਪਾਲ ਸਿੰਘ ਦਾ ਨਾ ਹੁੰਦਾ ਗਰਕ ਬੇੜਾ,
ਡੇਟ ਬਦਲਦੀ ਨਾ ਗ਼ਦਰ ਕਰਨ ਦੇ ਲਈ।
ਦਰਦੀ ਵੀਰ ਨਾ ਛਾਉਣੀਓਂ ਬਾਹਰ ਹੁੰਦੇ,
ਫੌਜਾਂ ਤਿਆਰ ਸਨ ਕਿਲੇ ਵਿਚ ਵੜਨ ਦੇ ਲਈ।
ਇਕ ਵਜੇ ਕਰਤਾਰ ਨੇ ਕਿਹਾ ਆ ਕੇ,
ਓਥੋਂ ਖਿਸਕੂ ਮੰਤਰ ਪੜ੍ਹਨ ਦੇ ਲਈ।

ਦੋ ਵਜੇ ਪੂਰੇ ਗਏ ਖਿੰਡ ਸੂਰੇ,
ਜੰਗ ਕਰਨ ਦੇ ਦਿਲੀਂ ਅਰਮਾਨ ਰਹਿ ਗਏ।
ਗਾਂਧਾ ਸਿੰਘ ਦੇ ਭਰੇ ਪਸਤੌਲ ਰਹਿ ਗਏ,
ਖੰਜਰ ਦਲਾਂ ਦੇ ਵਿਚ ਮਿਆਨ ਰਹਿ ਗਏ।
ਊੱਤਮ ਸਿਘ ਦੇ ਹੱਥ ਦੇ ਆਟੋਮੈਟਿਕ,
ਖੜਕੇ ਦੜਕਿਓਂ ਬਾਝ ਚੁਪ ਚਾਨ ਰਹਿ ਗਏ।
ਈਸ਼ਰ ਸਿੰਘ ਦੇ ਭਰੇ ਰੀਵਾਲਵਰ ਭੀ,
ਸਕੇ ਕੂ ਨਾ ਬੇਜ਼ਬਾਨ ਰਹਿ ਗਏ।
ਅਰਜਨ ਬੀਰ ਦੀ ਬੁਕਲਾਂ ਵਿਚ ਕਹਿੰਦੇ।
ਲੁਕੇ ਬੁਕਲ ਪ੍ਰਸ਼ਾਦ ਦੇ ਦਾਨ ਰਹਿ ਗਏ।
ਰੰਗਾ ਸਿੰਘ ਦੇ ਬਦਲ ਗਏ ਰੰਗ ਓਥੇ,
ਸਾਥੀ ਹੋਰ ਭੀ ਕਈ ਪਰੇਸ਼ਾਨ ਰਹਿ ਗਏ।
ਭਾਰਤ ਵਰਸ਼ ਨ ਹਾਇ! ਆਜ਼ਾਦ ਹੋਇਆ।
ਬੈਠੇ ਸਿਰਾਂ ਦੇ ਉਤੇ ਸ਼ੈਤਾਨ ਰਹਿ ਗਏ।
ਖੜੇ ਰਹਿ ਗਏ ਜੋਹਲ ਦੇ ਕਸ਼ਟ ਸਿਰ ਤੇ।
ਅੱਖੀਂ ਦੇਖਣੇ ਹਾਂ ਇੰਡੇਮਾਨ ਰਹਿ ਗਏ।
ਨਿੱਕੀ ਉਮਰ ਦੇ ਵੀਰ ਕਰਤਾਰ 'ਸਾਥੀ'।
ਫਾਂਸੀ ਚੜ੍ਹਨ ਦੇ ਲਈ ਜਵਾਨ ਰਹਿ ਗਏ।

## ਉਦਾਸੀ ਦੀ ਹਾਲਤ ਵਿਚ ਲਾਹੌਰ ਜਾਣਾ

ਇਸ ਤੋਂ ਬਾਅਦ ਕਰਤਾਰ ਸਿੰਘ ਲਾਹੌਰ ਹੈੱਡਕੁਆਟਰ ਵਿਚ ਚਲਾ ਗਿਆ, ਜਿਥੇ ਰਾਸਬਿਹਾਰੀ ਤੇ ਹੋਰ ਦੇਸ਼ ਭਗਤ ਨਿਰਾਸ਼ ਹੋ ਕੇ ਉਦਾਸੀ ਦੀ ਹਾਲਤ ਵਿਚ ਮੰਜਿਆਂ ਉਤੇ ਪਏ ਰਹੇ। ਆਖਿਰ ਫੈਸਲਾ ਹੋਇਆ ਕਿ ਰਾਸ ਬਿਹਾਰੀ ਜੀ ਨੂੰ ਏਥੋਂ ਅਲੋਪ ਕੀਤਾ ਜਾਵੇ। ਏਸ ਲਈ ਕਰਤਾਰ ਸਿੰਘ ਰਾਸ ਬਿਹਾਰੀ ਜੀ ਨੂੰ ਗੱਡੀ ਚੜ੍ਹਾਉਣ ਲਈ ਪੁਲਸ ਦੀ ਅੱਖੀਂ ਘੱਟਾ ਪਾ ਕੇ ਆਪ ਨਾਲ ਗਿਆ ਤੇ 20 ਫਰਵਰੀ 1915 ਨੂੰ ਉਨਾਂ ਨੂੰ ਸਹੀ ਸਲਾਮਤ ਗੱਡੀ ਚੜ੍ਹਾ ਦਿੱਤਾ। ਏਸੇ ਸਬੰਧ ਵਿਚ ਹੀ ਰਾਸ ਬਿਹਾਰੀ ਨੇ ਇਹ ਲਫਜ਼ ਕਹੇ ਕਿ ਪੁਲਸ ਦੀ ਬੁੱਧੀ ਬਹੁਤ ਮੋਟੀ ਹੁੰਦੀ ਹੈ। ਪਰ ਇਹ ਨਾਕਾਮਯਾਬੀ ਦੇਸ਼ ਭਗਤਾਂ ਦੇ ਲੱਕ ਤੋੜ ਗਈ, ਜਿਸ ਕਰਕੇ ਸਭ ਸੱਜਣ ਇਧਰ ਉਧਰ ਖਿੰਡ ਗਏ।

## ਸਰਹੱਦ ਵੱਲ ਚਾਲੇ

ਕਰਤਾਰ ਸਿੰਘ ਆਪਣੇ ਦੋ ਸਾਥੀਆਂ ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀ ਲਾਟ ਨਾਲ ਸਰਦਾਰ ਹਰਚੰਦ ਸਿੰਘ ਜੀ ਰਈਸ ਲਾਇਲਪੁਰ ਤੋਂ ਇਕ ਹਜ਼ਾਰ ਰੁਪਏ ਲੈ ਕੇ ਸਰਹੱਦ ਪਾਰ ਕਰਕੇ ਯਾਗ਼ਿਸਤਾਨ ਜਾ ਵੜੇ। ਭਲਾਂ ਦੇਸ਼ ਭਗਤੀ ਦਾ ਜਜ਼ਬਾ ਜਿਸਦਾ ਕਿ ਅਠੇ ਪਹਿਰ ਖਿਆਲ ਹੋਵੇ ਦਿਲੋਂ ਕਿਵੇਂ ਨਿਕਲ ਸਕਦਾ ਸੀ। ਉਥੇ ਪਹਾੜਾਂ ਵਿਚ ਗ਼ਦਰ ਦੀ ਗੂੰਜ ਪੜ੍ਹਨੀ ਸ਼ੁਰੂ ਕਰ ਦਿਤੀ ਤੇ ਕੁਦਰਤੀ ਇਹ ਕਵਿਤਾ ਬੁੱਲ੍ਹਾਂ ਉਤੇ ਆ ਚੜ੍ਹੀ:-

ਸਿੰਘ ਨਾਮ ਸ਼ੇਰ ਦਾ ਲੜੇ ਜੋ ਗੱਜਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ

ਸਿਰ ਦਿਤੇ ਬਾਝ ਨਹੀਂ ਕੰਮ ਸਰਨਾ
ਜੁੱਧ ਵਿਚ ਪਏਗਾ ਜ਼ਰੂਰ ਮਰਨਾ
ਪਵੋ ਲਲਕਾਰ ਸ਼ੇਰਾਂ ਵਾਂਗ ਗੱਜਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ

ਪੰਜ ਕੱਕੇ ਰੱਖ ਨਹੀਂ ਸਿੰਘ ਬਣਦਾ
ਕਾਇਰ ਸਦਾਵੇ ਗੀਦੀ ਬਣੇ ਰਣ ਦਾ
ਸਿੰਘ ਨਾਮ ਸ਼ੇਰ ਦਾ ਲੜੇ ਜੋ ਗੱਜਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ

ਸਿੰਘ ਜੇ ਕਹਾਉਣਾ ਸੀਸ ਧਰ ਹੱਥ ਜੀ
ਪਹਿਨ ਹਥਿਆਰ ਖੜੇ ਹੋਵੋ ਸੱਥ ਜੀ
ਜਾਨ ਜਾਵੇ ਆਣ ਨੂੰ ਨਾ ਜਾਵੇ ਤੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ

ਰਖੋ ਨਾ ਫਰਕ ਵੀਰੋ ਮਰਨ ਜਿਊਣ ਦਾ
ਕਰੋ ਹੀਲਾ ਵੈਰੀਆਂ ਦੇ ਲਹੂ ਨ੍ਹਾਣ ਦਾ
ਜਾਨ ਨ ਪਿਆਰੀ ਮੂੰਹੋਂ ਬੋਲੋ ਗੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ

## ਫੇਰ ਦੇਸ਼ ਵਲ ਮੋੜੇ

ਇਹ ਟੱਪੇ ਪੜ੍ਹਨ ਸਾਰ ਦਿਲ ਵਿਚ ਉਛਾਲਾ ਆਇਆ ਤੇ ਦੇਸ਼ ਭਗਤੀ ਦਾ ਜਜ਼ਬਾ ਪ੍ਰਬਲ ਹੋ ਕੇ ਫੇਰ ਫੁਟ ਉਠਿਆ ਕਿ ਕੀ ਹੋਇਆ ਜੇ ਅਸੀਂ ਫੇਲ੍ਹ ਹੋ ਗਏ ਹਾਂ, ਹੁਣ ਭੱਜਕੇ ਕਿਧਰ ਜਾਣਾ ਹੈ। ਚਲੋ ਚਲਕੇ ਕੀਤੇ ਪ੍ਰਣ ਅਨੁਸਾਰ ਆਪਣੀਆਂ ਜਾਨਾਂ ਦੀ ਅਹੂਤੀ ਤਾਂ ਪਾ ਲਈਏ। ਇਹ ਇਰਾਦਾ ਧਾਰਕੇ ਫੇਰ ਦੇਸ਼ ਨੂੰ ਮੋੜੇ ਪਾ ਦਿਤੇ। ਇਹ ਮਤਾ ਪਕਾਕੇ ਕਿ ਅਜੇ ਬਹੁਤ ਸਾਰੇ ਸੱਜਣ ਪੁਲੀਸ ਤੋਂ ਬਚੇ ਹੋਏ ਪਿੰਡਾਂ ਵਿਚ ਰਹਿ ਰਹੇ ਹਨ। ਉਹਨਾਂ ਨੂੰ ਕੱਠਿਆਂ ਕਰ ਕੇ ਮੁੜ ਹੰਭਲਾ ਮਾਰੀਏ। ਸੋ ਇਸ ਖਿਆਲ ਨਾਲ ਉਹ ਸਰਗੋਧੇ ਦੀ ਬਾਰ ਦੇ ਚੱਕ ਨੰ: 5 ਵਿਚ ਜਗਤ ਸਿੰਘ ਦੀ ਇਕ ਠਾਹਰ ਉਤੇ ਰਾਜਿੰਦਰ ਸਿੰਘ ਨਾਮੀ ਇਕ ਪੈਨਸ਼ਨਰ ਪਾਸ ਕੰਮ ਕਰਨ ਲਈ ਬੰਦੂਕਾਂ ਲੈਣ ਵਾਸਤੇ ਆ ਗਏ। ਕਿਉਂਕਿ ਰਾਜਿੰਦਰ ਸਿੰਘ ਨੇ ਉਸ ਨੂੰ ਕਿਹਾ ਹੋਇਆ ਸੀ ਕਿ ਅਸੀਂ ਤੁਹਾਨੂੰ ਬੰਦੂਕਾਂ ਦੇਵਾਂਗੇ।

## ਗ਼ਦਰ ਦੀ ਗੂੰਜ ਦਾ ਪ੍ਰਚਾਰ ਤੇ ਗ੍ਰਿਫ਼ਤਾਰੀ

ਪਰ ਇਨ੍ਹਾਂ ਦੇ ਓਥੇ ਜਾਣ ਤੇ ਉਸ ਸੱਜਣ ਨੇ ਉਥੋਂ ਦੇ ਇਨਚਾਰਜ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਨੂੰ ਦੱਸ ਦਿਤਾ ਹੋਇਆ ਸੀ। ਜਿਸ ਤੇ ਇਨ੍ਹਾਂ ਦੇ ਓਥੇ ਜਾਣ ਤੇ ਉਸਨੇ ਪੁਲੀਸ ਮੰਗਵਾ ਲਈ ਜਦੋਂ ਕਿ ਇਕ ਮਕਾਨ ਵਿਚ ਬੈਠਾ ਕਰਤਾਰ ਸਿੰਘ ਆਲੇ ਦੁਆਲੇ ਦੇ ਲੋਕਾਂ ਨੂੰ ਗ਼ਦਰ ਦੀ ਗੂੰਜ ਪੜ੍ਹਕੇ ਸੁਣਾ ਰਿਹਾ ਸੀ। ਪੁਲਸ ਨੇ ਤਿੰਨਾਂ ਨੂੰ ਹੀ ਓਥੇ ਅੰਦਰੇ ਫੜ ਲਿਆ ਤੇ 12 ਮਾਰਚ 1915 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਭੇਜ ਦਿਤਾ। ਇਥੇ 82 ਦੇਸ਼ ਭਗਤਾਂ ਉਤੇ ਜਿਹੜੇ ਕਿ ਹੁਣ ਤੱਕ ਫੜੇ ਜਾ ਚੁਕੇ ਸਨ ਇਕ ਖਾਸ ਅਦਾਲਤ ਵਿਚ ਜਿਸ ਵਿਚ ਦੋ ਅੰਗਰੇਜ਼ ਤੇ ਇਕ ਦੇਸੀ ਜੱਜ ਸ਼ਿਓ ਨਰਾਇਣ ਸੀ, ਕੇਸ ਚਲਾਇਆ।

ਪੰਜਾਬ ਦੇ ਗਵਰਨਰ ਓਡਵਾਇਰ ਨੇ ਝੋਲੀ ਚੁੱਕਾਂ ਦੀ ਮਦਦ ਨਾਲ ਕੇਂਦਰੀ ਹਕੂਮਤ ਤੋਂ ਇਕ ਆਰਡੀਨੈਂਸ ਰਾਹੀਂ ਇਨ੍ਹਾਂ ਕੇਸਾਂ ਲਈ ਖਾਸ ਅਦਾਲਤ ਬਣਵਾਈ ਜਿਸਦੇ ਫੈਸਲੇ ਵਿਰੁਧ ਅਪੀਲ ਨਹੀਂ ਹੋ ਸਕਦੀ ਸੀ।

26 ਅਪਰੈਲ 1915 ਨੂੰ ਮੁਕੱਦਮਾ ਸ਼ੁਰੂ ਹੋ ਗਿਆ। ਜਿਸ ਦਾ ਪੰਜ ਮਹੀਨੇ ਤੋਂ ਬਾਅਦ 13 ਸਤੰਬਰ ਨੂੰ ਫੈਸਲਾ ਸੁਣਾ ਦਿਤਾ। ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ ਤੇ ਕਰਤਾਰ ਸਿੰਘ ਨੂੰ ਕਿਹਾ ਗਿਆ ਕਿ ਉਹ ਅਜੇ ਬੱਚਾ ਹੈ ਇਕਬਾਲ ਨ ਕਰੇ ਪਰ ਕਰਤਾਰ ਸਿੰਘ ਨੇ ਜੱਜਾਂ ਨੂੰ ਉਤਰ ਦਿਤਾ ਕਿ:-

"ਮੈਂ ਦੁਸ਼ਮਣ ਬੇਗਾਨੀ ਹਕੂਮਤ ਨੂੰ ਉਲਟਾਉਣ ਲਈ ਕੀਤੇ ਹੋਏ ਕਾਰਨਾਮੇ ਲੁਕਾ ਕੇ ਆਪਣੀ ਚਮੜੀ ਨਹੀਂ ਬਚਾਉਣਾ ਚਾਹੁੰਦਾ।"

## ਦੇਸ਼ ਲਈ ਜੋ ਚੜ੍ਹਿਆ ਫਾਂਸੀ, ਪੂਜੋ ਉਸ ਕਰਤਾਰ ਨੂੰ

ਜੋ ਜ਼ਾਲਮ ਅਦਾਲਤ ਬਹਿੰਦੀ ਸੀ, ਉਹ ਭੀ ਇਹ ਮੁੜ ਮੁੜ ਕਹਿੰਦੀ ਸੀ
ਤੂੰ ਸਮਝ ਸੋਚ ਕਰਤਾਰ ਸਿੰਘਾ, ਕਿਉਂ ਜੱਫੀਆਂ ਪਉਂਨੇ ਦਾਰ ਨੂੰ:-
ਦੇਸ਼ ਲਈ ਜੋ ਚੜ੍ਹਿਆ ਫਾਂਸੀ ਪੂਜੋ ਉਸ ਕਰਤਾਰ ਨੂੰ।
ਸੀ ਉਤਰ ਇਹ ਸ਼ਹੀਦ ਦਾ, ਹਾਂ, ਦਿਸ ਲਈ ਮੌਤ ਖਰੀਦਦਾ।
ਮੈਂ ਫੇਰ ਦੁਬਾਰਾ ਜੰਮਕੇ ਹੈ, ਢਾਉਣਾ ਇਸ ਸਰਕਾਰ ਨੂੰ।
ਦੇਸ਼ ਲਈ ਜੋ ਚੜ੍ਹਿਆ ਫਾਂਸੀ ਪੂਜੋ ਉਸ ਕਰਤਾਰ ਨੂੰ।

ਆਖਿਰ 13 ਸਤੰਬਰ 1914 ਨੂੰ ਕਰਤਾਰ ਸਿੰਘ ਨੂੰ ਹੋਰ ਸਾਥੀਆਂ ਸਮੇਤ ਫਾਂਸੀ ਤੇ ਜਾਇਦਾਦ ਜ਼ਬਤੀ ਦਾ ਹੁਕਮ ਸੁਣਾਇਆ ਗਿਆ ਜਿਸਨੂੰ ਕਰਤਾਰ ਸਿੰਘ ਨੇ ਬੜੇ ਹੌਂਸਲੇ ਨਾਲ ਸੁਣਿਆ। ਕਹਿੰਦੇ ਹਨ ਕਿ ਜਾਇਦਾਦ ਜ਼ਬਤੀ ਦੀ ਗੱਲ ਸੁਣਕੇ ਆਪਣੇ ਬੂਟ ਲਾਹ ਦਿਤੇ ਤੇ ਕਿਹਾ ਕਿ ਸਰਕਾਰ ਆਪਣਾ ਘਾਟਾ ਪੂਰਾ ਕਰਨ ਲਈ ਇਹ ਬੂਟ ਭੀ ਵੇਚ ਸਕਦੀ ਹੈ।

## ਗੀਤ

(ਫਾਂਸੀ ਲੱਗਣ ਸਮੇਂ ਜੱਜ ਨੂੰ ਕਰਤਾਰ ਸਿੰਘ ਜਵਾਬ ਦਿੰਦਾ ਹੈ)
ਤੂੰ ਗੱਲਾਂ ਕਰਦੈਂ ਖੋਟੀਆਂ, ਸਮਝਕੇ ਬਾਲ ਨਦਾਨ।
ਮੈਂ ਲਹਿਰਾਂ ਵਾਂਗੂੰ ਚਲਦਾ, ਜਾ ਮਿਲਦਾ ਵਿਚ ਅਸਮਾਨ।

ਮੇਰੀ ਹਿੱਕ ਚੋਂ ਭਾਂਬੜ ਉਠਦੇ, ਮੇਰੇ ਡੌਲਿਆਂ ਵਿਚ ਤੂਫਾਨ।
ਅਸੀਂ ਦੇਸ਼ ਲਈ ਮਰਨਾ ਜਾਣਦੇ, ਹਾਂ ਭਾਰਤ ਦੀ ਸਨਤਾਨ।
ਉਹਨੂੰ ਰੱਬ ਕਰਕੇ ਅਸੀਂ ਜਾਣਦੇ, ਜੋ ਪੂਰਨ ਹੈ ਇਨਸਾਨ।
ਮੇਰੇ ਗਿੱਠ ੨ ਚੜ੍ਹੀਆਂ ਲਾਲੀਆਂ, ਮੇਰੇ ਦਿਲ ਦੇ ਨੱਚਣ ਚਾ।
ਜ਼ਗ ਵਿਚ ਦੇਸ਼ ਪਿਆਰ ਦਾ, ਮੈਂ ਬੂਟਾ ਚਲਿਆ ਲਾ।
ਭਗਤ ਸਿੰਘ ਕਈ ਸੂਰਮੇਂ, ਪਾਣੀ ਦੇਣਗੇ ਪਾ।
ਰਾਜ ਗੁਰੂ ਸੁਖਦੇਵ ਬਹਾਦਰ, ਇਹਦੀਆਂ ਲਗਰਾਂ ਦੇਣ ਵਧਾ।
ਅਸੀਂ ਸੱਚੇ ਸੁਲਝੇ ਸੂਰਮੇ, ਤੂੰ ਸਾਨੂੰ ਨਾ ਸਮਝਾ।
ਅਸੀਂ ਤਾਰੇ ਤੋੜੇ ਅਰਸ਼ ਦੇ, ਚੰਨ ਬਦਲੀਂ ਲਏ ਛਪਾ।
ਜਦ ਨਾ ਮੰਨਿਆ ਇਹ ਸੂਰਮਾ, ਤਾਂ ਦਿਤਾ ਹੁਕਮ ਸੁਣਾ।
੧੬ ਨਵੰਬਰ ਸਵੇਰ ਨੂੰ, ਇਹ ਨੂੰ ਫਾਂਸੀ ਦੇਵੋ ਲਾ।
ਜਦ ਸੁਣਿਆ ਹੁਕਮ ਕਰਤਾਰ ਨੇ, ਉਹ ਗੀਤ ਰਿਹਾ ਸੀ ਗਾ।
ਖਾਲੀ ਕਦੇ ਨਹੀਂ ਜਾਂਵਦਾ, ਹਾਏ ਖੂਨ ਸ਼ਹੀਦਾਂ ਦਾ।
ਉਹ ਖਾਣਾ ਪੀਣਾ ਭੁਲਿਆ, ਜਿਵੇਂ ਹੋਵੇ ਉਹਦਾ ਵਿਆਹ।
ਉਹ ਦੇਸ਼ ਦੀ ਜੋਤ ਜਗਾ ਗਿਆ, ਘਰ ਦੀ ਜੋਤ ਬੁਝਾ।
ਖਾਲੀ ਹੋ ਗਈ ਕੁਲ ਜਗ ਚੋਂ, ਨਾ ਕੋਈ ਭੈਣ ਭਰਾ।
ਜਦ ਤਕਿਆ ਘਰ ਕਰਤਾਰ ਦਾ, "ਗਰੇਵਾਲ" ਨੇ ਜਾ।
ਫੁੱਟ ਫੁੱਟ ਰੋਈਆ ਅੱਖੀਆਂ, ਦਿਲ ਚੋਂ ਨਿਕਲੀ ਧਾ।
ਬੇਲੀਆ ਦਿਲ ਚੋਂ ਨਿਕਲੀ ਧਾ।

ਮਾਸਟਰ ਗੁਰਬਚਨ ਸਿੰਘ 'ਗਰੇਵਾਲ' (ਸਰਾਭਾ)

ਇਸ ਤੋਂ ਬਾਦ ਉਹ ਫ਼ਾਂਸੀ ਲੱਗਣ ਤਕ ਫਾਂਸੀ ਵਾਲੀਆਂ ਕੋਠੀਆਂ ਵਿਚ ਹੀ ਬੰਦ ਰਹੇ। ਜਿਸ ਸਮੇਂ ਉਹ ਹਮੇਸ਼ਾਂ ਦੇਸ਼ ਭਗਤੀ ਦੇ ਗੀਤ ਗਾਉਂਦੇ ਤੇ ਵਤਨ ਪਿਆਰ ਦੀਆਂ ਗੱਲਾਂ ਕਰਕੇ ਬੜੇ ਹੌਸਲੇ ਤੇ ਦ੍ਰਿੜਤਾ ਨਾਲ ਦੇਸ਼ ਤੇ ਕੌਮ ਲਈ ਕੁਝ ਨਾ ਕੁਝ ਸੋਚਦੇ ਰਹਿੰਦੇ ਸਨ, ਇਨ੍ਹਾਂ ਦਿਨਾਂ ਵਿਚ ਹੀ ਕਰਤਾਰ ਸਿੰਘ ਨੇ ਇਕ ਨਜ਼ਮ ਲਿਖੀ ਹੈ ਜਿਸ ਵਿਚ ਉਨ੍ਹਾਂ ਆਪਣੀ ਦ੍ਰਿੜਤਾ ਤੇ ਦੇਸ਼ ਪਿਆਰ ਨੂੰ ਜਤਾਉਂਦੇ ਹੋਏ ਕਿਹਾ ਹੈ ਕਿ ਹਿੰਦੀ ਭਰਾਵਾਂ ਨੂੰ ਉਨ੍ਹਾਂ ਦੀਆਂ ਲਾਈਨਾਂ ਤੇ ਚਲਦੇ ਹੋਏ ਦੇਸ਼ ਤੇ ਕੌਮ ਦੀ ਸੇਵਾ ਕਰਨੀ ਚਾਹੀਦੀ ਹੈ। ਘਬਰਾਉਣ ਦੀ ਉਕਾ ਲੋੜ ਨਹੀਂ ਹੈ:-

## ਹਿੰਦ ਵਾਸੀ ਨੂੰ ਸ਼ਹੀਦ ਦਾ ਅੰਤਮ ਸੰਦੇਸ਼

ਹਿੰਦ ਵਾਸੀਓ ਰਖਣਾ ਯਾਦ ਸਾਨੂੰ,
ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ।
ਖਾਤਰ ਦੇਸ਼ ਦੀ ਲਗੇ ਹਾਂ ਚੜਨ ਫਾਂਸੀ,
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ,
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।
ਦੇਸ਼ ਵਾਸੀਓ ਚਮਕਣਾਂ ਚੰਦ ਵਾਂਗੂੰ,
ਕਿਤੇ ਬੱਦਲਾਂ ਹੇਠ ਨਾ ਆ ਜਾਣਾ।
ਕਰਕੇ ਦੇਸ਼ ਦੇ ਨਾਲ ਧਰੋਹ ਯਾਰੋ,
ਦਾਗ ਕੌਮ ਦੇ ਮੱਥੇ ਨਾ ਲਾ ਜਾਣਾ।
ਮੂਲਾ ਸਿੰਘ ਕ੍ਰਿਪਾਲ ਨਵਾਬ ਵਾਂਗੂੰ,
ਅਮਰ ਸਿੰਘ ਨਾ ਕਿਤੇ ਕਹਾ ਜਾਣਾ।
ਜ਼ੇਹਲਾਂ ਹੈਨ ਕਾਲਜ ਵਤਨ ਸੇਵਕਾਂ ਦੇ,
ਦਾਖਲ ਹੋ ਕੇ ਡਿਗਰੀਆਂ ਪਾ ਜਾਣਾ।
ਹੁੰਦੇ ਫੇਲ੍ਹ ਬਹੁਤੇ ਅਤੇ ਪਾਸ ਥੋੜੇ,
ਵਤਨ ਵਾਸੀਓ ਦਿਲ ਨਾ ਢਾ ਜਾਣਾ।
ਪਿਆਰੇ ਵੀਰਨੋ ਚਲੇ ਹਾਂ ਅਸੀਂ ਜਿਥੇ,
ਏਸੇ ਰਸਤਿਓਂ ਤੁਸੀਂ ਵੀ ਆ ਜਾਣਾ।

ਇਹਨਾਂ ਦਿਨਾਂ ਵਿਚ ਹੀ ਜਦੋਂ ਬਾਬਾ ਸੋਹਣ ਸਿੰਘ ਜੀ ਭਕਨਾਂ ਨੇ ਇਹਨਾਂ ਦੀ ਕੋਠੀ ਵਿਚ ਓਥੇ ਕੋਲੇ ਨਾਲ ਕੰਧ ਉਤੇ ਇਹ ਅੱਖਰ ਲਿਖੇ ਸੁਣੇ:-

"ਸ਼ਹੀਦੋਂ ਕਾ ਖ਼ੂਨ ਖਾਲੀ ਨਹੀਂ ਜਾਤਾ।
ਇਸ ਸੇ ਹਜ਼ਾਰੋਂ ਸ਼ਹੀਦ ਪੈਦਾ ਹੋਤੇ ਹੈਂ।"

"ਬਾਬਾ ਜੀ ਸੁਣਕੇ ਮਖੌਲ ਨਾਲ ਕਹਿਣ ਲਗੇ ਕਰਤਾਰ ਇਹ ਤੂੰ ਕੀ ਲਿਖਦਾ ਹੈਂ ਇਹਨਾਂ ਤੇ ਸਾਡੀਆਂ ਹੱਡੀਆਂ ਭੀ ਸਾੜ ਕੇ ਅੰਦਰ ਹੀ ਦਬਾ ਦੇਣੀਆਂ ਨੇ।" ਕਰਤਾਰ ਸਿੰਘ 'ਬਾਬਾ ਜੀ ਠੀਕ ਹੀ ਲਿਖਿਆ ਹੈ' ਕਹਿਕੇ ਚੁਪ ਕਰ ਗਿਆ।

## ਫਾਂਸੀ ਦੇ ਤਖਤੇ ਤੇ

ਫਾਂਸੀ ਵਾਲੇ ਦਿਨ ਜਦੋਂ ਜੇਲ੍ਹ ਦਾ ਅਮਲਾ ਤੇ ਮੈਜਿਸਟਰੇਟ ਫਾਂਸੀ ਵਾਲੇ ਤਖਤੇ ਦੇ ਲਾਗੇ ਖਲੋਤੇ ਸਨ ਤਾਂ ਜਦੋਂ ਕਰਤਾਰ ਸਿੰਘ ਨੂੰ ਫਾਂਸੀ ਵਾਲੇ ਤਖਤੇ ਤੇ ਖੜਾ ਕੀਤਾ ਗਿਆ ਤਾਂ ਕਰਤਾਰ ਸਿੰਘ ਨੇ ਦਰੋਗੇ ਨੂੰ ਜਿਸਦਾ ਨਾਮ ਇੱਜ਼ਤ ਬੇਗ ਸੀ, ਜਾਤ ਦਾ ਮਰਾਸੀ ਤੇ ਧੌਣ ਹਮੇਸ਼ਾਂ ਸੂਰ ਵਾਂਗ ਆਕੜੀ ਰਹਿੰਦੀ ਸੀ ਸੰਬੋਧਨ ਕਰਕੇ ਕਿਹਾ ਕਿ:-

"ਐ ਦਰੋਗਾ ਮਤ ਸਮਝ ਕਿ ਕਰਤਾਰ ਸਿੰਘ ਮਰ ਗਿਆ ਹੈ ਮੇਰੇ ਇਕ ਇਕ ਖੂਨ ਦੇ ਕਤਰੇ ਤੋਂ ਸੈਂਕੜੇ ਨੌਜਵਾਨ ਪੈਦਾ ਹੋਣਗੇ ਜੋ ਕਿ ਇਸ ਹਕੂਮਤ ਦਾ ਤਖਤਾ ਉਲਟਾ ਦੇਣਗੇ, ਹੁਣ ਮੈਨੂੰ ਭੀ ਛੇਤੀ ਫਾਂਸੀ ਦਿਓ ਤਾਂ ਕਿ ਮੈਂ ਫੇਰ ਜੰਮਕੇ ਏਸ ਜ਼ਾਲਮ ਹਕੂਮਤ ਦਾ ਤਖਤਾ ਉਲਟਾਵਾਂ।"

ਇਸ ਤਰ੍ਹਾਂ ਬਹਾਦਰੀ ਅਤੇ ਪੱਕੇ ਇਰਾਦੇ ਨਾਲ ਫਾਂਸੀ ਦੇ ਤਖਤੇ ਉਤੇ ਚੜ੍ਹਕੇ ਜਿਵੇਂ ਇਸ ਨਿੱਕੀ ਉਮਰ ਦੇ ਬੀਰ ਜਵਾਨ ਨੇ ਆਪਣੀ ਪਿਆਰੀ ਜਾਨ ਦੇਸ਼ ਅਤੇ ਕੌਮ ਤੋਂ ਨਛਾਵਰ ਕਰਕੇ ਆਉਣ ਵਾਲੀਆਂ ਨਸਲਾਂ ਲਈ ਜੋ ਮਿਸਾਲ ਕਾਇਮ ਕਰ ਦਿਤੀ ਹੈ ਇਸ ਉਤੇ ਹਰ ਇਨਸਾਨ ਦੇ ਮੂੰਹੋ, ਮੱਲੋ ਮੱਲੀ ਇਹ ਸ਼ਬਦ ਨਿਕਲ ਜਾਂਦੇ ਹਨ ਕਿ ਇਹ ਨੌਜਵਾਨ ਸੱਚ ਮੁੱਚ ਕਥਤ ਰਿਸ਼ੀਆਂ ਤੇ ਮੁਨੀਆਂ ਵਾਂਗ ਪੂਜਣ ਯੋਗ ਹੈ, ਜਿਵੇਂ ਕਿ ਹੇਠ ਲਿਖੀ ਕਵਿਤਾ ਵਿਚ ਦਸਿਆ ਗਿਆ ਹੈ:-

ਭਾਰਤ ਦੇ ਬੀਰ ਜਵਾਨਾਂ ਨੂੰ, ਸਿੱਖ, ਹਿੰਦੂ, ਮੁਸਲਮਾਨਾਂ ਨੂੰ
ਦੇਸ਼ ਲਈ ਮਰਨਾ ਦੱਸ ਗਿਆ ਜੋ ਸਾਂਝੇ ਇਸ ਪ੍ਰਵਾਨ ਨੂੰ:-
ਦੇਸ਼ ਲਈ ਜੋ ਚੜ੍ਹਿਆ ਫਾਂਸੀ ਪੂਜੋ ਇਸ ਕਰਤਾਰ ਨੂੰ
ਹੱਸਦਾ ਹੱਸਦਾ ਫਾਂਸੀ ਚੜ੍ਹ ਗਿਆ, ਸਚ ਖੰਡ ਦੇ ਬੂਹੇ ਵੜ ਗਿਆ
ਹੋ ਗਿਆ ਅਮਰ ਸ਼ਹੀਦ, ਬੰਨੇ ਲਾ ਕੇ ਦੇਸ਼ ਪਿਆਰ ਨੂੰ:-
ਦੇਸ਼ ਲਈ ਜੋ ਚੜ੍ਹਿਆ ਫਾਂਸੀ ਪੂਜੋ ਇਸ ਕਰਤਾਰ ਨੂੰ

## ਬਚਨ ਸ਼ਹੀਦਾਂ ਦੇ ਗਏ ਧੁਰ ਪੱਥਰਾਂ ਤੇ ਉਕਰੇ

ਫਾਂਸੀ ਚੜ੍ਹਨ ਸਮੇਂ ਕੋਠੀਆਂ ਦੀਆਂ ਕੰਧਾਂ ਤੇ ਜੋ ਲਫਜ਼ ਲਿਖੇ ਤੇ ਕਰਤਾਰ ਸਿੰਘ ਨੇ ਕਹੇ ਸਨ, ਉਹ ਇੰਨ ਬਿੰਨ ਹੀ ਉਸਦੇ ਫਾਂਸੀ ਚੜ੍ਹਨ ਤੋਂ ਕੁਝ ਸਾਲ ਬਾਦ ਹੀ ਅੱਖਰ ਅੱਖਰ ਪੂਰੇ ਹੋ ਗਏ ਜਦੋਂ ਕਿ 1928-29 ਵਿਚ ਅੰਮ੍ਰਿਤਸਰ ਤੋਂ ਕੁਝ ਗ਼ਦਰੀ ਵੀਰਾਂ ਨੇ ਸ: ਸੰਤੋਖ ਸਿੰਘ ਜੀ ਧਰਦੇ (ਅੰਮ੍ਰਿਤਸਰ) ਦੀ ਸਰਪ੍ਰਸਤੀ ਹੇਠ ਇਕ ਮਾਹਵਾਰੀ ਰਸਾਲਾ ਕਢਿਆ ਹੋਇਆ ਸੀ ਜਿਸਦਾ ਨਾਮ ਕ੍ਰਿਤੀ ਸੀ ਜੋ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕਾਂ ਦੀ ਤਰਜਮਾਨੀ ਕਰਦਾ ਸੀ ਤੇ ਜਿਸ ਵਿਚ 1914-15 ਦੇ ਗ਼ਦਰੀ ਵੀਰਾਂ ਤੇ ਸ: ਕਰਤਾਰ ਸਿੰਘ ਸਰਾਭਾ

ਆਦਿ ਦੀਆਂ ਕੁਰਬਾਨੀ ਦੀਆਂ ਲਿਖਤਾਂ ਛਪਦੀਆਂ ਸਨ ਤੇ ਸਾਮਰਾਜੀ ਹਕੂਮਤਾਂ ਦੇ ਪਾਜ ਖੋਲੇ ਜਾਂਦੇ ਸਨ ਤੇ ਦੂਜਾ ਕਾਮਰੇਡ ਕਿਦਾਰ ਨਾਥ ਸਹਿਗਲ ਤੇ ਕੁਝ ਹੋਰ ਸਰਬੱਤ ਦੇ ਭਲੇ ਦੇ ਸੱਜਣਾਂ ਨੇ ਰਲਕੇ ਭਾਰਤ ਨੌਜਵਾਨ ਸਭਾ ਬਣਾ ਕੇ ਪੁਰਾਣੇ ਗ਼ਦਰੀ ਬਾਬਿਆਂ ਦੀਆਂ ਲੀਹਾਂ ਤੇ ਕੰਮ ਕਰਨਾ ਅਰੰਭਿਆ ਹੋਇਆ ਸੀ। ਸ: ਅਜੀਤ ਸਿੰਘ ਫਰੀਦਕੋਟੀ, ਸਿਕੰਦਰ ਖਿਜ਼ਰ ਤੇ ਸੋਹਣ ਸਿੰਘ ਸੇਵਕ ਸਿਲਸਲੇਵਾਰ ਇਸਦੇ ਜਨਰਲ ਸਕੱਤਰ ਰਹੇ। ਉਨ੍ਹੀਂ ਦਿਨੀਂ ਕਾਂਗਰਸ ਭੀ ਲੂਣ ਦੀਆਂ ਪੁੜੀਆਂ ਵਿਚ ਸਰਗਰਮ ਸੀ। ਪਰ ਨੌਜਵਾਨ ਸਭਾ ਦੇ ਜਲਸੇ ਤੇ ਜਲੂਸਾਂ ਨੇ ਜਨਤਾ ਵਿਚ ਇਕ ਨਵੀਂ ਰੂਹ ਭਰ ਦਿਤੀ ਸੀ, ਲਿਖਾਰੀ ਤੇ ਸ: ਭਗਤ ਸਿੰਘ ਸ਼ਹੀਦ ਭੀ ਓਸ ਸਭਾ ਵਿਚ ਕੰਮ ਕਰਦਾ ਰਿਹਾ ਤੇ ਅਸੀਂ ਵਰਕਿੰਗ ਕਮੇਟੀ ਦੇ ਮੈਂਬਰ ਭੀ ਸਾਂ। ਏਸ ਅੰਦੋਲਨ ਵਿਚ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਫਾਂਸੀ ਲੱਗੇ। ਸ੍ਰੀ ਜਤਿੰਦਰ ਨਾਥ ਦਾਸ ਬੰਗਾਲੀ ਨੌਜਵਾਨ ਲੰਮੀ ਭੁੱਖ ਹੜਤਾਲ ਨਾਲ ਸ਼ਹੀਦ ਹੋ ਗਏ। (ਇਸ ਦੀ ਸ਼ਹੀਦੀ ਤੋਂ ਬਾਦ ਜੇਲ੍ਹਾਂ ਵਿਚ ਪੋਲੀਟੀਕਲ ਕੈਦੀਆਂ ਲਈ ਏ, ਬੀ ਕਲਾਸਾਂ ਬਣੀਆਂ ਜਿਨ੍ਹਾਂ ਦਾ ਲਾਭ ਆਮ ਤੌਰ ਤੇ ਕਾਂਗਰਸੀਆਂ ਨੇ ਹੀ ਉਠਾਇਆ) ਇਸ ਤੇ ਸਮੁਚੇ ਭਾਰਤ ਵਿਚ ਇਕ ਬਹੁਤ ਵੱਡਾ ਇਨਕਲਾਬ ਖੜਾ ਹੋ ਗਿਆ ਤੇ ਅੰਗਰੇਜ਼ੀ ਸਰਕਾਰ ਬੇਬਸ ਤੇ ਡਾਵਾਂ ਡੋਲ ਹੋ ਗਈ। ਤੇ ਆਖਿਰ ਘਬਰਾਕੇ ਭਾਰਤ ਛੱਡਣ ਲਈ ਮਜਬੂਰ ਹੋ ਗਈ ਜਿਸ ਤੇ ਕਰਤਾਰ ਸਿੰਘ ਦੇ ਫਾਂਸੀ ਲਗਣ ਸਮੇਂ ਕਹੇ ਸ਼ਬਦ ਤੇ ਕੋਠੀਆਂ ਦੀਆਂ ਕੰਧਾਂ ਤੇ ਉਕਰੇ ਬਚਨ ਇੰਨ ਬਿੰਨ ਪੂਰੇ ਹੋ ਗਏ। ਜਿਸ ਤੇ ਕਹਿਣਾ ਪੈਂਦਾ ਹੈ ਕਿ-

ਬਚਨ ਸ਼ਹੀਦਾਂ ਦੇ ਗਏ ਧੁਰ ਪੱਥਰਾਂ ਤੇ ਉਕਰੇ।

ਏਸੇ ਸਿਲਸਿਲੇ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਕੁਝ ਟੱਪੇ ਲਿਖੇ ਜਾਂਦੇ ਹਨ।

ਫਾਂਸੀ ਘਰ ਤੋਂ ਗੋਲੇ ਹੋ ਕੇ ਆਏ ਬਚਨ ਸ਼ਹੀਦਾਂ ਦੇ
ਅੱਜ ਕਰ ਪਰਤੱਖ ਦਿਖਾਏ, ਰੱਬ ਦੀ ਕੁਦਰਤ ਨੇ

ਉਠੇ ਸੂਰਮੇ ਭਗਤ ਸਿੰਘ ਵਰਗੇ ਵੀਰ ਸਰਾਭੇ ਦੇ
ਜੋਹਨਾਂ ਬੰਦਰਾਂ ਦੇ ਵਾਂਗ ਨਚਾਇਆ ਨੌਕਰਸ਼ਾਹੀ ਨੂੰ

ਬੰਬਾਂ ਨਾਲ ਧੁੰਦਾਇਆ ਜਾ ਕੇ ਹਾਲ ਅਸੰਬਲੀ ਦਾ
ਭੁੱਖ ਹੜਤਾਲੀ ਦਾਸ ਦੀ ਜਦੋਂ ਲੋਥ ਬੰਗਾਲ ਨੂੰ ਤੋਰੀ

ਗਈ ਚਾਰ ਚੁਫੇਰੇ ਲਾਉਂਦੀ ਅਗਨ ਚੁਆਤੜੀਆਂ
ਐਸੀ ਅੱਗ ਭੜਕੀ ਗਈ ਖਿੰਡ ਭਾਰਤ ਵਿਚ ਸਾਰੇ

ਸਿਰ ਧਰ ਤਲੀਆਂ ਤੇ ਨਿਕਲੇ ਨਿਕਲੇ ਅਨੇਕ ਗੱਭਰੂ
ਦਿਤੇ ਭੰਨ ਬੁੱਢਿਆਂ ਦੇ ਚਰਖੇ, ਫੜ ਪਸਤੌਲ ਲਏ

ਸੈਆਂ ਗ਼ਦਰੀ ਸਰਾਭੇ ਵਰਗੇ ਖੋਲ੍ਹਗੇ ਰਾਹ ਪਹਿਲਾਂ
ਪਿਛੋਂ ਭਗਤ ਸਿੰਘ ਦੀ ਟੋਲੀ ਪੈਰ ਉਖੇੜ ਗਈ

ਸੁਖ, ਰਾਜ, ਭਗਤ ਦੀਆਂ ਲੋਥਾਂ ਲੋਥਾਂ ਔਧ ਸੜੀਆਂ
ਦੇਖਕੇ ਹਿਲ ਤੁਰਿਆ, ਹਿੱਲ ਤੁਰਿਆ ਪੰਜਾਬੀ ਗੱਭਰੂ

ਉਠ ਕਈ ਕਰਤਾਰ ਖਲੋਤੇ ਫ਼ਾਂਸੀ ਇਕ ਚੜ੍ਹਿਆ
ਥਾਂ ਥਾਂ ਕਰਤਾਰ ਖਲੋਤਾ, ਦਿਸਿਆ ਫਰੰਗੀਆਂ ਨੂੰ

ਗਏ ਚੜ੍ਹ ਗੋਰੇ ਦੀ ਛਾਤੀ ਕਟਕ ਸਰਾਭੇ ਦੇ
ਲਈ ਕਰ ਭਜਣੇ ਦੀ ਤਿਆਰੀ ਗੋਰੇ ਛੋਹਰੇ ਨੇ

ਗਿਆ ਛੱਡ ਛੋਕੜ ਘਬਰਾ ਕੇ ਗੋਰਾ ਭਾਰਤ ਨੂੰ
ਜਾਂਦਾ ਜਾਂਦਾ ਸਟ ਲਾ ਗਿਆ, ਗਿਆ ਕਰ ਭਾਰਤ ਦੇ ਟੋਟੇ

ਮਾਰੀ ਮੱਲ ਸ਼ੇਰਾਂ ਦੀ, ਗਿਆ ਪਾ ਤੱਕੜੀ ਦੇ ਪਲੜੇ
ਇਉਂ ਲੰਗੜੀ ਆਜ਼ਾਦੀ ਦੇ ਕੇ ਗੋਰੇ ਭੱਜ ਨਿਕਲੇ

ਗਾਂਧੀ ਭਗਤ ਬਣਾਇਆ ਲਾੜਾ ਲੰਗੜੀ ਆਜ਼ਾਦੀ ਦਾ
ਘੁਰਨੇ ਸ਼ੇਰਾਂ ਦੇ ਲਏ ਮੱਲ ਗਿਦੜਾਂ ਨੇ ਆ ਕੇ

ਭੁਲ ਗਏ ਸ਼ੇਰਾਂ ਨੂੰ, ਗੂੜੇ ਬੰਨ੍ਹ ਗਿਦੜਾਂ ਦੇ ਤੋਰੇ
ਆ ਘਤਿਆ ਦੁਆਲੇ ਘੇਰਾ ਪੰਡਤ ਪਟੇਲਾਂ ਨੇ

ਸਰਬੱਤ ਦੇ ਭਲੇ ਦੀ ਸ਼ਾਹੀ ਪਰਮ ਸ਼ਹੀਦਾਂ ਦੀ
ਕੋਟੇ ਪਰਮਿਟਾਂ ਦੇ ਵਿਚ ਉਲਝਾਈ ਪੰਡਤ ਪਟੇਲਾਂ ਨੇ

ਜੀਹਦਾ ਹਸ਼ਰ ਹੋਈ ਬਰਬਾਦੀ ਸਾਰੇ ਭਾਰਤ ਦੀ
ਲਾਹ ਨੱਕ ਤੋਂ ਚਮੇੜੀ ਬੁਲ੍ਹ ਨੂੰ ਥਾਂ ਦੀ ਥਾਂ ਰਹਿਗੀ।

## ਸਮੇਂ ਨਾਲ ਤਕਦੀਰ ਭੀ ਬਦਲ ਗਈ

ਜਿਸ ਸਮੇਂ ਕਰਤਾਰ ਸਿੰਘ ਫਾਂਸੀ ਲੱਗਿਆ ਸੀ ਉਸ ਵੇਲੇ ਦੇਸ਼ ਦੀ ਜਨਤਾ ਬੜੇ ਤਹਿਕ ਦੇ ਸਮੇਂ ਵਿਚ ਦੀ ਲੰਘ ਰਹੀ ਸੀ ਤੇ ਏਨੀ ਭੈ ਭੀਤ ਹੋਈ ਹੋਈ ਸੀ ਕਿ ਕੋਈ ਸੱਜਣ ਸ਼ਰੇਆਮ ਇਹਨਾਂ ਦੀ ਤਾਰੀਫ਼ ਨਹੀਂ ਸੀ ਕਰ ਸਕਦਾ। ਪਰ ਹੌਲੀ ਹੌਲੀ ਇਨ੍ਹਾਂ ਸ਼ਹੀਦਾਂ ਦੇ ਖ਼ੂਨ ਨੇ ਦੇਸ਼ ਭਰ ਵਿਚ ਅਜੇਹੀ ਜਾਗਰਤੀ ਪੈਦਾ ਕਰ ਦਿਤੀ ਕਿ ਸ਼ਹੀਦੀ ਤੋਂ ਬਾਦ ਬਹੁਤ ਥੋੜੇ ਚਿਰ ਵਿਚ ਹੀ ਲੋਕਾਂ ਨੂੰ ਇਹ ਗਿਆਨ ਹੋ ਗਿਆ ਕਿ ਬਦੇਸ਼ੀ ਹਕੂਮਤ ਸਾਡੇ ਮੁਲਕ ਉੱਤੇ ਲਾਹਨਤ ਹੈ ਜਿੰਨੀ ਦੇਰ ਤੱਕ ਇਹਨੂੰ ਇਥੋਂ ਪੁਟ ਬਾਹਰ ਨਹੀਂ ਕੀਤਾ ਜਾਂਦਾ ਲੋਕ ਤੇ ਦੇਸ਼ ਸੁਖੀ ਤੇ ਖ਼ੁਸ਼ਹਾਲ ਨਹੀਂ ਹੋ ਸਕਦਾ। ਏਸ ਜਜ਼ਬੇ ਨੇ ਮੁਲਕ ਭਰ ਵਿਚ ਉਹ ਲਹਿਰਾਂ ਪੈਦਾ ਕੀਤੀਆਂ ਕਿ ਅੰਗਰੇਜ਼ ਨੂੰ ਦੇਸ਼ ਛਡਕੇ ਆਪੇ ਹੀ ਜਾਣਾ ਪਿਆ ਤੇ ਦੇਸ਼ ਵਿਚ ਆਪਣੀ ਦੇਸ਼ੀ ਹਕੂਮਤ ਕਾਇਮ ਹੋ ਗਈ। ਫੇਰ ਕੀ ਸੀ, ਫੇਰ ਤਾਂ ਵੱਡੇ ਵਡੇ ਵਜ਼ੀਰ ਤੇ ਆਮ ਜਨਤਾ ਇਹਨਾਂ ਦੀ ਪੂਜਾ ਕਰਨ ਲਗ ਪਈ ਤੇ ਇਹਨਾਂ ਦੀਆਂ ਯਾਦਗਾਰਾਂ ਬਣਨ ਲਗੀਆਂ।

## ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ ਵਲੋਂ ਨੌਜਵਾਨਾਂ ਦੇ ਨਾਂ ਸੰਦੇਸ਼

ਭਗਤ ਸਿੰਘ ਦੇ ਫੜੇ ਜਾਣ ਤੇ ਉਸ ਪਾਸੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਨਿਕਲੀ ਜੋ ਉਹ ਹਮੇਸ਼ਾਂ ਆਪਣੇ ਪਾਸ ਰੱਖਦਾ ਹੁੰਦਾ ਸੀ। ਕਈ ਵਾਰ ਮੇਰੇ ਨਾਲ ਗੱਲਾਂ ਕਰਦਾ ਕਰਦਾ ਮੈਨੂੰ ਆਪਣੀ ਜੇਬ ਵਿਚੋਂ ਫੋਟੋ ਕੱਢਕੇ ਦਿਖਾਂਦਾ ਤੇ ਕਹਿੰਦਾ:-

"ਬੇਬੇ ਜੀ ਇਹ ਜੇ ਮੇਰਾ ਗੁਰੂ ਮੇਰਾ ਸਾਥੀ ਤੇ ਭਰਾ।" ਸ਼ਹੀਦ ਕਰਤਾਰ ਸਿੰਘ ਸਰਾਭਾ 1914-15 ਦੇ ਗ਼ਦਰ ਪਾਰਟੀ ਦੇ ਸ਼ਹੀਦਾਂ ਵਿਚੋਂ ਸਭ ਤੋਂ ਛੋਟਾ ਤੇ ਕੰਮ ਵਿਚ ਅਗੇ ਰਹਿਣ ਵਾਲਿਆਂ ਵਿਚੋਂ ਸੀ। ਘਰ ਵਿਚ ਕੰਮ ਕਰਦੇ ਤੇ ਐਧਰ ਓਧਰ ਫਿਰਦਿਆਂ ਭਗਤ ਸਿੰਘ ਗਾਉਂਦਾ ਹੁੰਦਾ ਸੀ:-

ਸੇਵਾ ਦੇਸ਼ ਦੀ ਜਿੰਦੜੀਏ ਬਹੁਤ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ,

ਉਸਨੇ ਬੜੇ ਪਿਆਰ ਨਾਲ ਦੱਸਣਾ ਕਿ ਬੇਬੇ ਜੀ ਇਹ ਸ਼ੇਰ ਕਰਤਾਰ ਸਿੰਘ ਸਰਾਭਾ ਦਾ ਹੈ। ਭਗਤ ਸਿੰਘ ਜਦੋਂ ਭੀ ਘਰ ਆਉਂਦਾ ਤਾਂ ਉਸਦੀਆਂ ਜੇਬਾਂ ਵਿਚ ਦੋ ਚਾਰ ਕਿਤਾਬਾਂ ਜ਼ਰੂਰ ਹੁੰਦੀਆਂ। ਮੈਂ ਕਈ ਵਾਰ ਪੁੱਛਣਾ, "ਬੇਟਾ ਤੂੰ ਐਵੇਂ ਆਪਣੀਆਂ ਜੇਬਾਂ ਇਨ੍ਹਾਂ ਕਿਤਾਬਾਂ ਨਾਲ ਹੀ ਪਾੜ ਲਿਆਉਂਦਾ ਹੈਂ। ਇਹ ਸਭ ਕੁਝ ਕੀ ਹੈ ? ਉਸਨੇ ਹੱਸਦੇ ਹੱਸਦੇ ਦੱਸਣਾ ਕਿ ਇਹ ਕਿਤਾਬਾਂ ਬਹੁਤ ਕੀਮਤੀ ਹਨ। ਇਹ ਉਨ੍ਹਾਂ ਸ਼ਹੀਦਾਂ ਤੇ ਦੇਸ਼ ਭਗਤਾਂ ਦੇ ਬਾਰੇ ਹਨ,

ਜਿਹੜੇ ਦੇਸ਼ ਦੀ ਆਜ਼ਾਦੀ ਲਈ ਲੜਦੇ ਰਹੇ ਹਨ। ਇਨ੍ਹਾਂ ਵਿਚੋਂ ਕੁਝ ਕਿਤਾਬਾਂ ਇਟਲੀ, ਰੂਸ ਅਤੇ ਆਇਰਲੈਂਡ ਦੇਸ਼ ਭਗਤਾਂ ਬਾਰੇ ਹਨ।

ਬੱਚਿਓ ਤੁਹਾਨੂੰ ਭੀ ਅੱਜ ਦੇਸ਼ ਭਗਤਾਂ ਦੇ ਤਜਰਬੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਤਾਂ ਜੋ ਤੁਸੀਂ ਭੀ ਅੱਜ ਦੇ ਹਾਲਾਤ ਅਨੁਸਾਰ ਆਪਣਾ ਰਸਤਾ ਲੱਭ ਸਕੋ।

ਮੇਰਾ ਅਸ਼ੀਰਵਾਦ—

ਦੇਸ਼ ਭਗਤ ਬਣੋ

ਅਮਰ ਸੰਦੇਸ਼

ਲੜੀ ਨੰ : 2 ਵਿਦਿਆਵਤੀ।

## ਕਰਤਾਰ ਸਿੰਘ ਦੀਆਂ ਯਾਦਾਂ

ਭਾਵੇਂ ਅੱਜ ਸਰੀਰ ਕਰਕੇ ਕਰਤਾਰ ਸਿੰਘ ਸਾਡੇ ਵਿਚ ਨਹੀਂ ਹੈ, ਪਰ ਸੰਸਾਰ ਦੇ ਕੋਨੇ ਕੋਨੇ ਵਿਚ ਕਰਤਾਰ ਸਿੰਘ ਸਰਾਭੇ ਦੇ ਨਾਮ ਨੂੰ ਬੜੇ ਹੀ ਪਿਆਰ ਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ, ਸਰਾਭਾ ਪਿੰਡ ਵਿਚ ਉਸ ਦੇ ਨਾਮ ਤੇ ਹਾਇਰ ਸੈਕੰਡਰੀ ਸਕੂਲ ਹੈ, ਜਿਸਦੇ ਪ੍ਰਿੰਸੀਪਲ 1914-15 ਦੇ ਪ੍ਰਸਿੱਧ ਦੇਸ਼ ਭਗਤ ਸ: ਨਿਰਭੈ ਸਿੰਘ ਜੀ ਲਲਤੋਂ ਕਲਾਂ ਦੇ ਸਪੁਤ੍ਰ ਸ: ਭਗਵੰਤ ਸਿੰਘ ਜੀ ਹਨ। ਇਹ ਬੜੀ ਸ਼ਾਨ ਨਾਲ ਚੱਲ ਰਿਹਾ ਹੈ ਅਤੇ ਪਿੰਡ ਦੇ ਨੌਜਵਾਨਾਂ ਨੇ ਕਰਤਾਰ ਸਿੰਘ ਸਰਾਭਾ ਕਲੱਬ ਬਣਾਈ ਹੋਈ ਹੈ।

ਸ਼ਹਿਰ ਲੁਧਿਆਣੇ ਵਿਚ ਪੱਖੋਵਾਲ ਰੋਡ ਉੱਤੇ ਇਕ ਵਿਸ਼ਾਲ ਨਗਰ 'ਸਰਾਭਾ ਨਗਰ' ਦੇ ਨਾਮ ਦਾ ਇੰਮਪਰੂਵਮੈਂਟ ਟਰਸਟ ਲੁਧਿਆਣਾ ਵਲੋਂ ਬਹੁਤ ਖੁੱਲ੍ਹਾ ਤੇ ਸ਼ਾਨਦਾਰ ਕੋਠੀਆਂ ਨਾਲ ਸਜ਼ਿਭਤ ਹੈ ਜੋ ਕਿ ਪੱਖੋਵਾਲ ਰੋਡ ਤੋਂ ਲੈ ਕੇ ਫਿਰੋਜ਼ਪੁਰ ਰੋਡ ਦੇ ਨਾਲ ਲਗਦੀ ਐਗਰੀਕਲਚਰ ਯੂਨੀਵਰਸਿਟੀ ਤਕ ਫੈਲਿਆ ਹੋਇਆ ਹੈ।

ਇਕ ਕਰਤਾਰ ਸਿੰਘ ਦੀ ਚੜ੍ਹਦੀ ਉਮਰ ਦਾ ਪ੍ਰਤੀਕ (ਮਜੱਸਮਾ) ਸ਼ਹਿਰ ਲੁਧਿਆਣੇ ਦੇ ਚੌਂਕ ਘੰਟਾ ਘਰ ਵਿਚ ਖੜਾ ਹੈ, ਜਿਸ ਨੂੰ ਕਲੱਕਤੇ ਤੋਂ ਸਰਹੱਦ ਤਕ ਜਾਣ ਵਾਲੇ ਵਿਅਕਤੀ ਸਭ ਹੀ ਸਿਰ ਝੁਕਾ ਕੇ ਸ਼ਹੀਦ ਨੂੰ ਪ੍ਰਣਾਮ ਕਰਕੇ ਲੰਘਦੇ ਹਨ। ਕਈ ਪਿਆਰੇ ਫੁੱਲਾਂ ਦੇ ਹਰ ਪਹਿਨਾ ਜਾਂਦੇ ਹਨ।

ਮੇਰੇ ਹਾਣੀਆਂ ਵੀਰ ਕਰਤਾਰ ਸਿੰਘਾ ਭਾਵੇਂ ਮਿਟ ਗਈ ਦੇਹ ਲਕੀਰ ਤੇਰੀ,
ਸਦਾ ਟੁੰਬਦੀ ਰਹੇਗੀ ਸਾਥੀਆਂ ਨੂੰ ਸੁਪਨੇ ਵਿਚ ਆ ਰੂਹ ਗੰਭੀਰ ਤੇਰੀ,
ਸਮਾਂ ਬਦਲਿਆ ਬਦਲਗੀ ਕੁਲ ਦੁਨੀਆਂ, ਬਦਲ ਗਈਓ ਵੀਰ ਤਕਦੀਰ ਤੇਰੀ
ਫਾਂਸੀ ਚੜ੍ਹਨ ਦੇ ਨਾਲ ਹੋ ਗਈ ਪੂਰੀ, ਦੇਸ਼ ਭਗਤੀ ਵੀਰ ਅਖੀਰ ਤੇਰੀ,

# ਸ਼ਹੀਦ ਕਰਤਾਰ ਸਿੰਘ ਸਰਾਭਾ

ਅੱਜ ਮੇਰੀਆਂ ਅੱਖਾਂ ਸਾਹਮਣੇ 16 ਨਵੰਬਰ, 1915 ਦਾ ਉਹ ਦਿਨ ਆ ਰਿਹਾ ਹੈ, ਜਿਸ ਦਿਨ ਮੇਰੇ ਸੱਤ ਸਾਥੀਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ ਬਖਸ਼ੀਸ਼ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ਼੍ਰੀ ਵਿਸ਼ਣੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ) ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਗਲਾਂ ਵਿਚ ਪਾਏ। ਆਖ਼ਰੀ ਸਮੇਂ ਫਾਂਸੀ ਦੇ ਤਖ਼ਤੇ ਉਤੇ ਖੜੇ ਹੋ ਕੇ ਆਪਣੀ ਮਾਤ ਭੂਮੀ ਨੂੰ ਸੁਨੇਹਾ ਦਿੱਤਾ, "ਐ ਭਾਰਤ ਮਾਤਾ ਅਸੀਂ ਤੇਰੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਨਹੀਂ ਸਕੇ। ਜੇ ਸਾਡੇ ਵਿਚੋਂ ਇਕ ਵੀ ਸਾਥੀ ਜੀਉਂਦਾ ਰਿਹਾ ਤਾਂ ਆਖ਼ਰੀ ਦਮ ਤਕ ਆਪਣੀ ਮਾਤਰ ਭੂਮੀ ਅਤੇ ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ। ਹਰ ਤਰ੍ਹਾਂ ਦੀ ਗੁਲਾਮੀ, ਕੀ ਆਰਥਿਕ ਕੀ ਰਾਜਨੀਤਿਕ ਅਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।"

ਇਹਨਾਂ ਸ਼ਹੀਦਾਂ ਦਾ ਮੁਕੱਦਮਾ ਸੈਂਟਰਲ ਜੇਲ੍ਹ ਲਾਹੌਰ ਦੇ ਅੰਦਰ 16 ਨੰਬਰ ਪਾਰਕ ਵਿਚ ਹੋਇਆ। ਇਹ ਮੁਕੱਦਮਾ ਸਪੈਸ਼ਲ ਕੋਰਟ ਦੇ ਸਾਹਮਣੇ ਪੇਸ਼ ਹੋਇਆ। ਇਸ ਦਾ ਫੈਸਲਾ ਆਖਰੀ ਸੀ। ਇਸ ਦੇ ਵਿਰੁੱਧ ਨਾ ਕੋਈ ਅਪੀਲ ਅਤੇ ਨਾ ਕੋਈ ਦਲੀਲ ਸੀ। ਬਾਅਦ ਵਿਚ 1929-30 ਦੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦਾ ਮੁਕੱਦਮਾ ਵੀ ਏਸੇ 16 ਨੰਬਰ ਪਾਰਕ ਸੈਂਟਰਲ ਜੇਲ੍ਹ ਵਿਚ ਹੋਇਆ। ਅਦਾਲਤ ਵੀ 1915 ਦੀ ਤਰ੍ਹਾਂ ਸਪੈਸ਼ਲ ਬਣਾਈ। ਉਸ ਦੇ ਫੈਸਲੇ ਦੀ 1915 ਦੇ ਦੇਸ਼ ਭਗਤਾਂ ਦੀ ਤਰ੍ਹਾਂ ਕੋਈ ਅਪੀਲ ਨਹੀਂ ਹੋ ਸਕਦੀ ਸੀ।

ਪਹਿਲੇ ਮੁਕੱਦਮੇ—1915 ਵਿਚ 24 ਦੇਸ਼ ਭਗਤਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਇਸ ਹੁਕਮ ਨੂੰ ਉਹਨਾਂ ਖਿੜੇ ਮੱਥੇ ਸੁਣਿਆ। ਕਰਤਾਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਉੱਚੀ ਆਵਾਜ਼ ਨਾਲ "Thank you" (ਧੰਨਵਾਦ) ਕਿਹਾ। ਜਦ ਕੈਦੀਆਂ ਵਾਲੇ ਕੱਪੜੇ ਪਹਿਨਾ ਕੇ ਫ਼ਾਂਸੀ ਦੀਆਂ ਕੋਠੜੀਆਂ ਵਿਚ ਸਾਰਿਆਂ ਨੂੰ ਬੰਦ ਕਰ ਦਿੱਤਾ ਗਿਆ ਤਾਂ ਜੇਲ੍ਹ ਨਿਯਮਾਂ ਅਨੁਸਾਰ, ਜੇਲ੍ਹ ਸੁਪਰੀਟੈਂਡੈਂਟ ਹਰ ਇਕ ਕੋਲ ਆਇਆ ਅਤੇ ਕਿਹਾ "ਤੁਸੀਂ ਜਾਣਦੇ ਹੋ ਕਿ ਸਪੈਸ਼ਲ ਕੋਰਟ ਦਾ ਫੈਸਲਾ ਆਖਰੀ ਫ਼ੈਸਲਾ ਹੁੰਦਾ ਹੈ। ਹਾਂ ਤੁਸੀਂ ਬਾਦਸ਼ਾਹ ਅੱਗੇ ਰਹਿਮ ਦੀ ਦਰਖ਼ਾਸਤ ਕਰ ਸਕਦੇ ਹੋ।" ਸਿਵਾਏ ਭਾਈ ਪਰਮਾਨੰਦ ਲਾਹੌਰ ਅਤੇ ਇਕ ਹੋਰ

ਆਦਮੀ, ਜਿਸ ਨੇ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਦੇਸ਼ ਭਗਤਾਂ ਨੂੰ ਪਰੇਰ ਕੇ ਇਕ ਸ਼ਾਹੂਕਾਰ ਦੇ ਘਰ ਡਾਕਾ ਮਰਵਾਇਆ ਸੀ, ਜਿਸ ਦਾ ਕਿ ਉਸ ਨੇ ਕਰਜ਼ਾ ਦੇਣਾ ਸੀ, ਹੋਰ ਕਿਸੇ ਨੇ ਰਹਿਮ ਦੀ ਅਪੀਲ ਨਾ ਕੀਤੀ। ਸਗੋਂ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਕਰਤਾਰ ਸਿੰਘ ਨੇ ਇਸ ਪੇਸ਼ਕਸ਼ ਦਾ ਮਖੌਲ ਉਡਾਇਆ ਅਤੇ ਕਿਹਾ ਕਿ "ਮੈਂ ਅਪੀਲ ਕਰਦਾ ਹਾਂ ਕਿ ਸਾਨੂੰ ਜਲਦੀ ਤੋਂ ਜਲਦੀ ਫ਼ਾਂਸੀ ਦਿੱਤੀ ਜਾਵੇ।"

ਅਸੀਂ 24 ਫ਼ਾਂਸੀ ਲੱਗਣ ਵਾਲੇ ਪਾਰਕ ਨੰਬਰ 121 ਵਿਚ 24 ਕੋਠੀਆਂ ਦੀ ਕਤਾਰ ਵਿਚ ਨਾਲ ਨਾਲ ਬੰਦ ਕੀਤੇ ਹੋਏ ਸੀ। ਸਾਨੂੰ ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਵਿਹੜੇ ਵਿਚ ਕੱਢਿਆ ਜਾਂਦਾ ਸੀ। ਇਕ ਦਿਨ ਜਦ ਮੈਨੂੰ ਮੌਕਾ ਮਿਲਿਆ ਤਾਂ ਮੈਂ ਟਹਿਲਦਿਆਂ ਟਹਿਲਦਿਆਂ ਕਰਤਾਰ ਦੀ ਕੋਠੀ ਵਿਚ ਝਾਤੀ ਮਾਰੀ। ਅੰਦਰ ਸਾਹਮਣੇ ਕੰਧ ਉਤੇ ਕੋਲੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਸੀ, "ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।" ਪੜ੍ਹ ਕੇ ਮੈਂ ਆਖਿਆ, "ਕਰਤਾਰ! ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਵਿਚ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੂੰ ਲਿਖਿਆ ਹੈ ਕਿ "ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।" ਕਰਤਾਰ ਨੇ ਹੱਸ ਕੇ ਜੁਆਬ ਦਿੱਤਾ, "ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ।" ਅੱਜ ਕਰਤਾਰ ਦੀ ਭਵਿੱਖ ਬਾਣੀ ਮੈਨੂੰ ਚੇਤੇ ਆਉਂਦੀ ਹੈ ਕਿ ਉਹ ਕਿੰਨਾ ਸੂਝਵਾਨ, ਨਿਡਰ ਅਤੇ ਬਹਾਦਰ ਸੀ।

ਸੱਚ ਤਾਂ ਇਹ ਹੈ ਕਿ ਲਾਲਾ ਹਰਦਿਆਲ ਨੂੰ ਇਨਕਲਾਬ ਦੇ ਰਸਤੇ ਲਾਉਣ ਵਾਲਾ ਕਰਤਾਰ ਸਿੰਘ ਹੀ ਸੀ। ਉਹ ਹੀ ਹਰਦਿਆਲ ਨੂੰ ਇਸ ਕੰਮ ਵੱਲ ਲਿਆਇਆ ਸੀ ਅਤੇ ਆਪਣੇ ਨਾਲ ਲਾਇਆ ਸੀ। ਜਦ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਨਿਕਲਿਆ ਤਾਂ ਹਰਦਿਆਲ ਦੇ ਉਰਦੂ ਵਿਚ ਲਿਖੇ ਹੋਏ ਮਜ਼ਮੂਨਾਂ ਦਾ ਤਰਜਮਾ ਕਰਤਾਰ ਸਿੰਘ ਹੀ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ ਤੇ ਹੀ ਰਿਹਾ। ਕਈ ਹਫ਼ਤੇ ਪਿੱਛੋਂ ਦੂਸਰੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ ਕਦੀ ਨਾ ਸੁਝੀ। ਬਲਕਿ ਜਦ ਸੁੱਝਦਾ ਸੀ ਤਾਂ ਕੰਮ। ਜਿੰਨਾਂ ਉਹ ਅਣਥੱਕ ਮਿਹਨਤੀ ਸੀ ਉਨਾ ਹੀ ਫੁਰਤੀਲਾ ਵੀ। ਹਵਾਈ ਜਹਾਜ਼ ਚਲਾਉਣ ਅਤੇ ਥੋੜ੍ਹੀ ਬਹੁਤ ਮੁਰੰਮਤ ਦਾ ਕੰਮ ਛੇ ਮਹੀਨੇ ਦੇ ਅੰਦਰ ਹੀ ਸਿੱਖ ਲਿਆ। ਦੂਸਰੇ ਨੌਜਵਾਨਾਂ ਨੂੰ ਕੰਮ ਸਿਖਾਉਣ ਲਈ ਇਕ ਜੱਥਾ ਵੀ ਤਿਆਰ ਕਰ ਲਿਆ।

ਉਹ ਇਕ ਬੇਮਿਸਾਲ ਦੇਸ਼ ਭਗਤ ਹੀ ਨਹੀਂ ਸੀ ਬਲਕਿ ਉਸਦੇ ਮਨ ਵਿਚੋਂ ਭੈ ਅਤੇ ਮੌਤ ਦਾ ਡਰ ਵੀ ਦੂਰ ਹੋ ਚੁਕਿਆ ਸੀ। ਬੇਮਿਸਾਲ, ਤੇ ਤਿਆਗੀ ਅਤੇ ਕ੍ਰਾਂਤੀਕਾਰੀ ਜਰਨੈਲ ਹੁੰਦਿਆਂ ਹੋਇਆਂ ਉਹ ਦੋਸਤਾਂ ਦਾ ਦੋਸਤ ਸੀ। ਉਹ ਖਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਫ਼ੌਜੀ ਪਲਟਣਾ ਵਿਚ ਨਿਧੜਕ ਹੋ ਕੇ ਜਾਂਦਾ ਅਤੇ ਬਗ਼ੈਰ ਕਿਸੇ ਡਰ ਦੇ ਫ਼ੌਜੀਆਂ ਨੂੰ ਪਰੇਰਦਾ।

ਉਸ ਦੀ ਇਸ ਨਿਡਰਤਾ ਦਾ ਫੌਜੀਆਂ ਉੱਤੇ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਫੌਰਨ ਤਿਆਰ ਹੋ ਜਾਂਦੇ।

ਉਸ ਵਿਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖ਼ਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿਚ ਏਨੀ ਛੋਟੀ ਉਮਰ (19 ਸਾਲ) ਵਿਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕਰਤਾਰ ਸਿੰਘ ਦਾ ਸਾਨੀ ਹੋਵੇ। ਉਸਦੀ ਵਿੱਦਿਆ ਐੱਫ. ਏ ਦੇ ਬਰਾਬਰ ਸੀ। ਉਰਦੂ, ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਚੰਗੀ ਤਰ੍ਹਾਂ ਲਿਖ ਪੜ੍ਹ ਲੈਂਦਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜੋ ਉਹ ਸੀ, ਉਸ ਦੀ ਜ਼ਿੰਦਗੀ ਦਾ ਚਿੱਤਰ ਖਿੱਚਣਾ ਮੇਰੀ ਕਲਮ ਦੀ ਤਾਕਤ ਤੋਂ ਬਾਹਰ ਹੈ।

ਭਾਰਤੀ ਨੌਜਵਾਨੋ। ਅੰਤ ਵਿਚ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਇਹਨਾਂ 19–20 ਸਾਲਾਂ ਦੇ ਨੌਜਵਾਨਾਂ ਦੀਆਂ ਕੁਰਬਾਨੀਆਂ ਨੂੰ ਨਾ ਭੁਲੋ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਨੌਜਵਾਨਾਂ ਨੂੰ ਪੂਰਨ ਆਜ਼ਾਦੀ ਅਤੇ ਬਰਾਬਰੀ ਦਾ ਰਾਹ ਵਿਖਾਉਣ ਲਈ ਬੇਗਰਜ਼ ਹੋ ਕੇ ਆਪਣੀਆਂ ਜਾਨਾਂ ਵਾਰੀਆਂ ਅਤੇ ਕੌਮੀ ਅਣਖ ਤੇ ਮਰ ਮਿਟੇ। ਦੇਸ਼ ਦੇ ਅੰਦਰ ਨਹੀਂ ਬਲਕਿ ਵੈਰੀ ਦੇ ਘਰ ਜਾ ਕੇ ਉਸਦੇ ਅਪਰਾਧਾਂ ਦੀ ਸਜ਼ਾ ਦਿੱਤੀ।

ਖੁਦੀ ਰਾਮ ਬੋਸ (ਬੰਗਾਲ), ਮਦਨ ਲਾਲ ਢੀਂਗਰਾ (ਅੰਮ੍ਰਿਤਸਰ), ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ ਸੁਨਾਮ ਅਤੇ ਦੂਸਰੇ ਇਨਕਲਾਬੀ ਦੇਸ਼ ਭਗਤ, ਮਨੁੱਖੀ ਸਮਾਜ ਵਿਚ ਪੂਰਨ ਆਜ਼ਾਦੀ ਅਤੇ ਬਰਾਬਰੀ ਦੇ ਉਦੇਸ਼ ਨੂੰ ਪਹੁੰਚਾਉਣ ਵਾਲੇ ਸਾਰੇ ਸ਼ਹੀਦਾਂ ਨੂੰ ਸਾਹਮਣੇ ਰੱਖੋ। ਉਹਨਾਂ ਦੇ ਵਿਖਾਏ ਹੋਏ ਰਸਤੇ ਉੱਤੇ ਚਲੋ। ਅਮਲੋਂ ਸੱਖਣੇ ਅਤੇ ਗੱਲਾਂ ਨਾਲ ਜਨਤਾ ਨੂੰ ਧੋਖਾ ਦੇਣ ਵਾਲਿਆਂ ਤੋਂ ਸਾਵਧਾਨ ਰਹੋ!

## ਭਾਰਤ ਵਾਸੀਆਂ ਨੂੰ ਅੰਤਿਮ ਸੰਦੇਸ਼

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।
ਖਾਤਰ ਵਤਨ ਦੀ ਲਗੇ ਹਾਂ ਚੜ੍ਹਨ ਫ਼ਾਂਸੀ,
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ,
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।
ਦੇਸ਼ ਵਾਸੀਓ ਚਮਕਣਾ ਚੰਦ ਵਾਂਗੂੰ,
ਕਿਤੇ ਬਦਲਾਂ ਹੇਠ ਨਾ ਆ ਜਾਣਾ।

ਕਰਕੇ ਦੇਸ਼ ਦੇ ਨਾਲ ਧਰੋਹ ਯਾਰੋ,

ਦਾਗ ਕੌਮ ਦੇ ਮੱਥੇ ਨਾ ਲਾ ਜਾਣਾ।

ਮੂਲਾ ਸਿੰਘ, ਕਿਰਪਾਲ, ਨਵਾਬ ਵਾਂਗੂ,

ਅਮਰ ਸਿੰਘ ਨਾ ਕਿਸੇ ਕਹਾ ਜਾਣਾ।

ਜੇਲਾਂ ਹੈਨ ਕਾਲਜ ਵਤਨ ਸੇਵਕਾਂ ਦੇ,

ਦਾਖਲ ਹੋਇ ਕੇ ਡਿਗਰੀਆਂ ਪਾ ਜਾਣਾ।

ਹੁੰਦੇ ਫੇਲ ਬਹੁਤੇ ਅਤੇ ਪਾਸ ਥੋਹੜੇ,

ਵਤਨ ਵਾਸੀਓ ਦਿਲ ਨਾ ਢਾਹ ਜਾਣਾ।

ਪਿਆਰੇ ਵੀਰਨੋਂ ਚਲੇ ਹਾਂ ਅਸੀਂ ਜਿਥੇ,

ਏਸੇ ਰਸਤਿਓਂ ਤੁਸੀਂ ਵੀ ਆ ਜਾਣਾ।

ਬਾਬਾ ਸੋਹਨ ਸਿੰਘ ਭਕਨਾ

# .ਗ਼ਦਰੀ ਕਰਤਾਰ ਸਿੰਘ ਸਰਾਭਾ

ਦਸੰਬਰ ਜਾਂ ਜਨਵਰੀ ਦਾ ਮਹੀਨਾ ਸੀ। ਕਿਰਪਾ ਸਿੰਘ ਲੈਂਸ ਨਾਇਕ ਨੇ ਮੈਨੂੰ ਇਕ ਓਪਰੇ ਜਿਹੇ ਨੌਜਵਾਨ ਨੂੰ ਮਿਲਾਇਆ। ਇਹ ਰਾਤ ਮੇਰੇ ਪਾਸ ਰਿਹਾ। ਮੇਰੀ ਬਾਬਤ ਪੁੱਛ ਗਿੱਛ ਕਰਕੇ ਉਸਨੇ ਆਪਣਾ ਦਿਲ ਖੋਲ੍ਹਿਆ ਤੇ ਦਸਿਆ ਕਿ ਉਹ ਕਰਤਾਰ ਸਿੰਘ ਸਰਾਭਾ ਹੈ। ਉਸਨੇ ਗ਼ਦਰ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਸਭ ਕੁਝ ਮੈਨੂੰ ਸਮਝਾਇਆ ਤੇ ਦੱਸਿਆ ਕਿ ਪ੍ਰਦੇਸ਼ਾਂ ਵਿੱਚੋਂ ਗ਼ਦਰ ਪਾਰਟੀ ਦੇ ਸੈਂਕੜੇ ਦੇਸ਼ ਭਗਤ ਦੇਸ਼ ਵਿਚ ਪਹੁੰਚ ਗਏ ਹਨ ਤੇ ਵੱਖ-ਵੱਖ ਛਾਉਣੀਆਂ ਵਿੱਚ ਫੌਜਾਂ ਨੂੰ ਇਨਕਲਾਬ ਕਰਨ ਲਈ ਤਿਆਰ ਕਰ ਰਹੇ ਹਨ ਅਤੇ ਇਹ ਵੀ ਦੱਸਿਆ ਕਿ ਜੰਗ ਦੇ ਕਾਰਨ ਅੰਗਰੇਜ਼ੀ ਫੌਜ ਭਾਰਤ ਵਿੱਚ ਬਹੁਤ ਥੋੜੀ ਰਹਿ ਗਈ ਹੈ। ਉਸਨੇ ਆਖਿਆ ਕਿ ਖੁਫ਼ੀਆ ਤੌਰ ਤੇ ਫੌਜੀਆਂ ਵਿਚ ਦੇਸ਼ ਪਿਆਰ ਤੇ ਇਨਕਲਾਬ ਦਾ ਪ੍ਰਚਾਰ ਕਰੋ। ਅਸੀਂ ਛੇਤੀ ਹੀ ਗ਼ਦਰ ਦੀ ਤਾਰੀਖ ਮਿੱਥਕੇ ਤੁਹਾਨੂੰ ਇਤਲਾਹ ਦਿਆਂਗੇ। ਕਰਤਾਰ ਸਿੰਘ ਨੂੰ ਮਿਲਕੇ ਅਤੇ ਗ਼ਦਰ ਪਾਰਟੀ ਦਾ ਸਾਰਾ ਪ੍ਰੋਗਰਾਮ ਸਮਝਕੇ ਮੈਨੂੰ ਬੜੀ ਹੀ ਖੁਸ਼ੀ ਹੋਈ। ਮੈਂ ਅੱਗੇ ਹੀ ਇਸ ਗੱਲ ਦਾ ਉਡੀਕਵਾਨ ਸਾਂ। ਗ਼ਦਰ ਅਖ਼ਬਾਰ ਰਾਹੀਂ ਅੰਗਰੇਜ਼ਾਂ ਦੇ ਜ਼ੁਲਮਾਂ ਤੇ ਗੁਲਾਮੀ ਦੇ ਦੁੱਖਾਂ ਦਾ ਮੈਨੂੰ ਕਾਫੀ ਗਿਆਨ ਹੋ ਚੁੱਕਾ ਸੀ।

ਹੁਣ ਕਰਤਾਰ ਸਿੰਘ ਸਰਾਭਾ, ਪਿੰਗਲੇ ਤੇ ਬੰਤਾ ਸਿੰਘ ਸੰਘਵਾਲ ਤਿੰਨੇ ਕਿਰਪਾ ਸਿੰਘ ਨੂੰ ਤੇ ਮੈਨੂੰ ਮਿਲਣ ਆਉਂਦੇ ਰਹਿੰਦੇ ਅਤੇ ਉਨ੍ਹਾਂ ਦੀ ਹਦਾਇਤ ਮੁਤਾਬਕ ਮੈਂ ਫੌਜ ਵਿੱਚ ਕੰਮ ਕਰਦਾ ਰਹਿੰਦਾ। ਕੁਝ ਚਿਰ ਮਗਰੋਂ ਅਖ਼ਬਾਰ ਵਿੱਚ ਪੜ੍ਹਿਆ ਕਿ ਕਰਤਾਰ ਸਿੰਘ ਸਰਾਭਾ ਦੀ ਗ੍ਰਿਫਤਾਰੀ ਲਈ ਸਰਕਾਰ ਨੇ ਇਕ ਮਰੱਬਾ ਜ਼ਮੀਨ ਤੇ ਕਈ ਹਜ਼ਾਰ ਰੁਪਿਆ ਇਨਾਮ ਵੀ ਰੱਖਿਆ ਹੈ। ਇਸੇ ਤਰ੍ਹਾਂ ਪਿੰਗਲੇ ਦੀ ਗ੍ਰਿਫਤਾਰੀ ਦਾ ਇਨਾਮ ਵੀ ਰੱਖਿਆ ਗਿਆ। ਹਾਲਤ ਬੜੀ ਬਿਖੜੀ ਬਣਦੀ ਗਈ। ਛਾਉਣੀ ਵਿੱਚ ਕਰਤਾਰ ਸਿੰਘ ਸਰਾਭਾ ਦੀ ਹਦਾਇਤ ਮੁਤਾਬਿਕ ਰਫਲਾਂ ਲੈ ਕੇ ਕਿਲ੍ਹੇ ਉੱਤੇ ਕਬਜ਼ਾ ਕਰਨ ਦਾ ਪ੍ਰੋਗਰਾਮ ਬਣਾ ਲਿਆ ਗਿਆ ਸੀ। ਮੈਂ ਇਨ੍ਹਾਂ ਦੀ ਮੁਲਾਕਾਤ ਦੇ ਭੇਦ ਨੂੰ ਬੜਾ ਹੀ ਲੁਕੋ ਕੇ ਰੱਖਦਾ ਸਾਂ ਪਰ ਮਲੂਮ ਹੁੰਦਾ ਹੈ ਕਿ ਕੁਝ ਆਦਮੀਆਂ ਨੂੰ ਮੇਰੇ ਉੱਤੇ ਸ਼ੱਕ ਹੋ ਗਿਆ ਸੀ।

ਇਕ ਦਿਨ ਬੂਟਾ ਸਿੰਘ ਜਮਾਦਾਰ ਨੇ ਬੜੇ ਪ੍ਰੇਮ ਨਾਲ ਮੈਨੂੰ ਰੋਟੀ ਖਵਾਈ। ਇਹ ਮੇਰੇ ਪਿੰਡ ਦਾ ਹੀ ਵਸਨੀਕ ਸੀ। ਰੋਟੀ ਛਕਣ ਛਕਾਣ ਮਗਰੋਂ ਉਹ ਮੈਨੂੰ ਕਹਿਣ ਲੱਗਾ:

"ਹਰਨਾਮ ਸਿੰਘ, ਇਨ੍ਹਾਂ ਨੌਕਰੀਆਂ ਨਾਲ ਕੀ ਬਣਨੈ, ਕੋਈ ਅਜਿਹਾ ਕੰਮ ਕਰੀਏ ਕਿ ਜ਼ਿੰਦਗੀ ਸੰਵਰ ਜਾਵੇ।"

ਬੂਟਾ ਸਿੰਘ ਸਰਦਾਰਾਂ ਵਿਚ ਪੈਰ ਧਰਦਾ ਸੀ। ਉਸ ਨਾਲ ਮੈਂ ਕਦੀ ਰਾਜਸੀ ਗੱਲ ਨਹੀਂ ਸੀ ਕੀਤੀ। ਉਸਦੀ ਇਹ ਗਲ ਸੁਣਕੇ ਮੈਂ ਸੋਚਣ ਲਗ ਪਿਆ ਪਈ ਏਹ ਭੇਦ ਲੈਣਾ ਚਾਹੁੰਦਾ ਹੈ ਜਾਂ ਇਸ ਦੇ ਦਿਲ ਵਿੱਚ ਵੀ ਕੋਈ ਦੇਸ ਪਿਆਰ ਦੀ ਜਾਗ ਲਗੀ ਹੈ। ਮੈਂ ਪੁੱਛਿਆ, "ਫਿਰ ਕੋਈ ਦੱਸ ਅਜਿਹਾ ਕੰਮ, ਮੈਂ ਤਿਆਰ ਹਾਂ।" ਉਸ ਨੇ ਮੈਨੂੰ ਅਖ਼ਬਾਰਾਂ ਵਿਚ ਛਪੇ ਇਨਾਮਾਂ ਦੀ ਖ਼ਬਰ ਸੁਣਾਈ ਤੇ ਆਖਿਆ, "ਮੈਨੂੰ ਪਤਾ ਲੱਗਾ ਹੈ ਕਿ ਤੇਰੇ ਕੋਲ ਕਰਤਾਰ ਸਿੰਘ ਸਰਾਭਾ ਤੇ ਪਿੰਗਲੇ ਮਿਲਣ ਆਉਂਦੇ ਹਨ, ਇਨ੍ਹਾਂ ਦੋਹਾਂ ਦਾ 12 ਹਜ਼ਾਰ ਰੁਪਿਆ ਤੇ ਸਤ ਮੁਰੱਬੇ ਇਨਾਮ ਹੈ, ਇਨ੍ਹਾਂ ਨੂੰ ਗ੍ਰਿਫਤਾਰ ਕਰਾ ਕੇ ਇਨਾਮ ਅਤੇ ਫੌਜ ਵਿਚ ਅਹੁਦੇ ਪ੍ਰਾਪਤ ਕਰੀਏ।" ਮੇਰੇ ਦਿਲ ਵਿਚ ਗੁੱਸਾ ਤਾਂ ਬੜਾ ਆਇਆ ਪਰ ਭੇਦ ਖੁੱਲ੍ਹਣ ਦੇ ਡਰ ਤੋਂ ਗੁੱਸੇ ਨੂੰ ਦਬਾ ਲਿਆ ਅਤੇ ਆਖਿਆ, "ਭਰਾਵਾਂ, ਤੈਨੂੰ ਕਿਸੇ ਬਿਲਕੁਲ ਗਲਤ ਖ਼ਬਰ ਦਿੱਤੀ ਹੈ, ਨਾ ਮੈਂ ਇਨ੍ਹਾਂ ਨੂੰ ਜਾਣਦਾ ਹਾਂ ਨਾ ਮੇਰਾ ਇਸ ਨਾਲ ਕੋਈ ਵਾਸਤਾ ਹੈ।" ਉਸ ਤੋਂ ਖਹਿੜਾ ਛੁਡਾ ਕੇ ਮੈਂ ਆਪਣੇ ਡੇਰੇ ਆ ਗਿਆ। ਮੈਂ ਖਿਆਲ ਕਰਦਾ ਸੀ ਕਿ ਦੇਸ਼ ਵਿਚ ਅਜਿਹਾ ਕੋਈ ਦੇਸ਼ ਧਰੋਹੀ ਨਹੀਂ ਹੋਵੇਗਾ ਜੋ ਅਜਿਹੇ ਕੌਮੀ ਪਰਵਾਨਿਆਂ ਨੂੰ ਗ੍ਰਿਫਤਾਰ ਕਰਾਉਣ ਦਾ ਪਾਪ ਕਰੇ। ਮੇਰੀਆਂ ਅੱਖਾਂ ਖੁੱਲ੍ਹ ਗਈਆਂ, ਮੈਂ ਚੇਤੰਨ ਹੋ ਗਿਆ ਤੇ ਕਰਤਾਰ ਸਿੰਘ ਸਰਾਭਾ ਨੂੰ ਵੀ ਖ਼ਬਰਦਾਰ ਕਰ ਦਿੱਤਾ ਤੇ ਅੱਗੇ ਨੂੰ ਕਿਸੇ ਖ਼ੁਫੀਆ ਜਗ੍ਹਾ ਮਿਲਣ ਦਾ ਪ੍ਰਬੰਧ ਕਰ ਲਿਆ।

ਕੁਝ ਦਿਨਾਂ ਮਗਰੋਂ ਮੈਨੂੰ ਇਕ ਅੰਗਰੇਜ਼ ਅਫਸਰ ਦੇ ਪੇਸ਼ ਕੀਤਾ ਗਿਆ। ਉਸ ਵੀ ਪਹਿਲਾਂ ਮੈਨੂੰ ਮਿੱਠੀ ਤਰ੍ਹਾਂ ਪੁਛਿਆ, ਲਾਲਚ ਦਿੱਤਾ, ਜਦ ਮੈਂ ਇਕ ਨੱਨਾ ਪਕੜ ਲਿਆ ਤਾਂ ਉਸ ਮੈਨੂੰ ਗੋਲੀ ਨਾਲ ਉਡਾਣ ਦੀ ਧਮਕੀ ਦਿੱਤੀ। ਮੈਂ ਕਿਹਾ, "ਸਾਹਿਬ ਬੇਦੋਸ਼ੇ ਨੂੰ ਬੇਸ਼ਕ ਗੋਲੀ ਨਾਲ ਉਡਾ ਦਿਓ, ਮੈਨੂੰ ਤਾਂ ਇਨ੍ਹਾਂ ਗੱਲਾਂ ਦਾ ਕੋਈ ਪਤਾ ਹੀ ਨਹੀਂ।" ਮੈਨੂੰ ਜਾਣ ਦਿੱਤਾ ਗਿਆ ਪਰ ਮਲੂਮ ਹੁੰਦਾ ਹੈ ਮੇਰੇ ਉੱਤੇ ਉਨ੍ਹਾਂ ਦਾ ਸ਼ੱਕ ਗਿਆ ਨਹੀਂ ਸੀ।

ਇਸ ਦੇ ਮਗਰੋਂ ਮੈਨੂੰ ਤੇ ਤੇਜਾ ਸਿੰਘ ਲਹੁਕੇ ਨੂੰ 15-15 ਦਿਨ ਦੀ ਛੁੱਟੀ ਦੇ ਕੇ ਘਰ ਭੇਜ ਦਿੱਤਾ। ਕੁਝ ਦਿਨਾਂ ਮਗਰੋਂ ਅਸੀਂ ਵਾਪਸ ਆ ਗਏ ਤੇ ਫੀਰੋਜ਼ਪੁਰ ਹੀ ਰਹਿਣ ਦਾ ਟਿਕਾਣਾ ਬਣਾ ਕੇ ਕਰਤਾਰ ਸਿੰਘ ਸਰਾਭਾ ਨੂੰ ਨਾਲ ਲੈ ਕੇ ਫੌਜੀ ਸਿਪਾਹੀਆਂ ਨੂੰ ਮਿਲਦੇ ਰਹੇ ਤੇ ਉਨ੍ਹਾਂ ਨੂੰ ਦੱਸਦੇ ਰਹੇ ਕਿ ਅੰਗਰੇਜ਼ ਹੁਣ ਫਸੇ ਪਏ ਹਨ। ਵੱਖ-ਵੱਖ ਸਭ ਛਾਉਣੀਆਂ ਵਿਚ ਦੇਸੀ ਫੌਜਾਂ ਇਨਕਲਾਬ ਲਈ ਤਿਆਰ ਬੈਠੀਆਂ ਹਨ। ਤੁਸੀਂ ਵੀ ਤਿਆਰ ਰਹੋ ਤੁਹਾਨੂੰ ਠੀਕ ਮਿੱਥੀ ਹੋਈ ਤਾਰੀਖ ਦਾ ਪਤਾ ਦਿਆਂਗੇ। ਇਥੇ ਵੀ ਲਗਭਗ ਸਭ ਫੌਜਾਂ ਤਿਆਰ ਬੈਠੀਆਂ ਸਨ। ਇਥੇ ਪਲਟਨ ਨੰ: 26, 57 ਤੇ 58 ਸਨ। ਸਿਪਾਹੀ ਤਾਰੀਖ ਦੀ ਉਡੀਕ ਕਰਦੇ ਕਾਹਲੇ ਪੈ ਗਏ ਸਨ। ਉਹ ਕਹਿੰਦੇ ਸਨ, ਕਿਤੇ ਸਾਨੂੰ ਵੀ ਜਰਮਨ ਜੰਗ ਵਿਚ ਨਾ ਭੇਜ ਦੇਣ। ਫੌਜ ਵਿਚ ਤਿਆਰੀ ਦੀ ਤਸੱਲੀ ਕਰਕੇ ਮੈਂ ਆਪਣੇ ਪਿੰਡ ਆ ਗਿਆ। ਕਰਤਾਰ ਸਿੰਘ ਨੇ

ਮੈਨੂੰ ਦੱਸ ਦਿੱਤਾ ਸੀ ਕਿ 21 ਫਰਵਰੀ ਗ਼ਦਰ ਦੀ ਤਾਰੀਖ ਮਿੱਥੀ ਗਈ ਹੈ। ਇਕ ਦਿਨ ਅਰਜਨ ਸਿੰਘ (ਫੀਰੋਜ਼ਪੁਰ) ਨੇ ਮੈਨੂੰ ਪਿੰਡ ਆ ਕੇ ਦੱਸਿਆ ਕਿ 21 ਦੀ ਬਜਾਏ 19 ਤਾਰੀਖ ਮੁਕਰੱਰ ਹੋ ਗਈ ਹੈ, ਚਲੋ ਛੇਤੀ ਫੀਰੋਜ਼ਪੁਰ ਨੂੰ। ਮੈਂ ਬੜੇ ਚਾਓ ਨਾਲ 19 ਤਾਰੀਖ ਫੀਰੋਜ਼ਪੁਰ ਚਲਾ ਗਿਆ।

ਕਰਤਾਰ ਸਿੰਘ ਸਰਾਭਾ ਨੇ ਕਿਰਪਾ ਸਿੰਘ ਲੈਂਸ ਨਾਇਕ ਰਾਹੀਂ ਛਾਉਣੀ ਵਿਚ ਵੀ ਜ਼ਿੰਮੇਵਾਰਾਂ ਨੂੰ ਖ਼ਬਰ ਪਹੁੰਚਾ ਦਿੱਤੀ ਸੀ। ਮੈਨੂੰ ਫੀਰੋਜ਼ਪੁਰ 19 ਤਾਰੀਖ ਨੂੰ ਛਾਉਣੀ ਸਟੇਸ਼ਨ ਉੱਤੇ ਮੰਗਲ ਸਿੰਘ ਡੋਗਰਾ ਮਿਲਿਆ ਤੇ ਪਛਾਣ ਕੇ ਹਮਦਰਦੀ ਨਾਲ ਕਹਿਣ ਲੱਗਾ, "ਬਚ ਕੇ ਤੁਰੰਤ ਨੱਸ ਜਾਓ, ਤੈਨੂੰ ਤੇਰੇ ਸਾਥੀਆਂ ਨੂੰ ਗੋਲੀ ਨਾਲ ਉਡਾਉਣ ਦਾ ਹੁਕਮ ਹੋ ਗਿਆ ਹੈ, ਗੋਰਿਆਂ ਦਾ ਪਹਿਰਾ ਲੱਗ ਚੁੱਕਾ ਹੈ।" ਛਾਉਣੀ ਦੇ ਸਟੇਸ਼ਨ ਤੋਂ ਪਤਾ ਲੱਗਾ ਕਿ 9 ਆਦਮੀ ਹੋਰ ਫੌਜ ਵਿਚੋਂ ਕੱਢੇ ਗਏ ਸਨ, ਜਿਨ੍ਹਾਂ ਵਿਚੋਂ ਕੁਝ ਮੁੜ ਛਾਉਣੀ ਵਿਚ ਆ ਗਏ ਸਨ ਉੱਥੇ ਹੀ ਕਰਤਾਰ ਸਿੰਘ ਸਰਾਭਾ ਵੀ ਮਿਲਿਆ। ਕੁਝ ਗੱਲਾਂ ਹੋਈਆਂ। ਪਤਾ ਲੱਗਾ ਕਿ 19 ਤਾਰੀਖ ਨੂੰ ਛਾਉਣੀ ਵਿਚ ਗੋਰਿਆਂ ਦੇ ਪਹਿਰੇ ਲੱਗ ਗਏ ਸਨ। ਸਿਪਾਹੀਆਂ ਤੋਂ ਚਾਰ ਦਿਨ ਵਾਸਤੇ ਹਥਿਆਰ ਲੈ ਲਏ ਸਨ। ਦੂਜੇ ਦਿਨ ਕਰਤਾਰ ਸਿੰਘ ਨੇ ਦੱਸਿਆ ਕਿ ਕੁਝ ਗੜਬੜ ਹੋ ਗਈ ਜਾਪਦੀ ਹੈ। ਅਗੋਂ ਨਵੀਂ ਤਾਰੀਖ ਮਿੱਥਕੇ ਫਿਰ ਪਤਾ ਦੇਵਾਂਗੇ। ਤੁਸੀਂ ਹਾਲਾਂ ਘਰਾਂ ਨੂੰ ਜਾਓ। ਮੈਂ ਬੜਾ ਫਿਕਰ ਵਿਚ ਪੈ ਗਿਆ ਤੇ ਕਾਲਾ ਸੰਘਾ ਆਪਣੇ ਘਰ ਵਾਪਸ ਆ ਗਿਆ। ਇੱਥੇ 23 ਫਰਵਰੀ ਨੂੰ ਮੈਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਲਾਹੌਰ ਭੇਜਿਆ ਗਿਆ।

ਉਥੇ ਬਹੁਤ ਸਾਰੇ ਗ਼ਦਰੀ ਦੇਸ਼ ਭਗਤ ਗ੍ਰਿਫਤਾਰ ਹੋ ਕੇ ਆਏ ਹੋਏ ਸਨ। ਕਰਤਾਰ ਸਿੰਘ ਸਰਾਭਾ ਵੀ ਮਿਲਿਆ। ਪਤਾ ਲੱਗਾ ਕਿ ਕੁਝ ਦੇਸ਼ ਧ੍ਰੋਹੀਆਂ ਨੇ ਗ਼ੱਦਾਰੀ ਕੀਤੀ, ਭੇਦ ਦੱਸ ਦਿੱਤਾ, ਜਿਸ ਕਰਕੇ ਇਨੀਆਂ ਗ੍ਰਿਫਤਾਰੀਆਂ ਹੋ ਗਈਆਂ। ਸ਼ਨਾਖਤ ਪ੍ਰੇਡ ਵਿਚ ਅਨੋਖਾ ਸਿੰਘ ਵਾਹਦਾ ਮਾਫ ਗਵਾਹ ਨੇ ਮੈਨੂੰ ਨਾ ਪਛਾਣਿਆ। ਇਸ ਕਰਕੇ ਮੈਨੂੰ ਕੇਸ ਨੰ: ਦੋ ਵਿਚ ਰੱਖਿਆ ਤੇ ਮੇਰੇ ਉੱਤੇ ਬਗਾਵਤ ਦੇ ਕਈ ਜੁਰਮ ਲਾ ਦਿੱਤੇ ਗਏ। ਮੇਰੇ ਉੱਤੇ ਦਫ਼ਾ 121 ਏ, 121 ਬੀ ਤੇ 131 ਏ ਲਾਈਆਂ ਗਈਆਂ। ਸਪੈਸ਼ਲ ਅਦਾਲਤ ਵਿਚ ਗਵਾਹੀਆਂ ਮਗਰੋਂ 30 ਮਾਰਚ 1916 ਨੂੰ ਮੈਨੂੰ ਉਮਰ ਕੈਦ ਕਾਲਾ ਪਾਣੀ ਤੇ ਜਾਇਦਾਦ ਜ਼ਬਤੀ ਦਾ ਹੁਕਮ ਸੁਣਾਇਆ ਗਿਆ।

*ਬਾਬਾ ਹਰਨਾਮ ਸਿੰਘ ਕਾਲਾ ਸੰਘਾ*

# ਸ਼੍ਰੀ ਕਰਤਾਰ ਸਿੰਘ ਸਰਾਭਾ

ਰਣਚੰਡੀ ਦੇ ਉਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਉਸ ਵੇਲੇ 20 ਸਾਲ ਦੀ ਵੀ ਨਹੀਂ ਹੋਈ ਸੀ ਜਦੋਂ ਉਨ੍ਹਾਂ ਨੇ ਆਜ਼ਾਦੀ ਦੀ ਦੇਵੀ ਦੀ ਵੇਦੀ 'ਤੇ ਆਪਣੀ ਰੱਤ ਬੁੱਕਾਂ ਭਰ-ਭਰ ਭੇਟ ਕਰ ਦਿੱਤੀ ਸੀ। ਹਨੇਰੀ ਵਾਂਗ ਉਹ ਅਚਾਨਕ ਕਿਧਰਿਉਂ ਆਏ, ਅੱਗ ਭੜਕਾਈ, ਸੁੱਤੀ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ, ਕ੍ਰਾਂਤੀ ਯੱਗ ਰਚਿਆ, ਅਤੇ ਅੰਤ ਵਿਚ ਖੁਦ ਵੀ ਉਸੇ ਵਿਚ 'ਸਵਾਹਾ' ਹੋ ਗਏ। ਉਹ ਕੀ ਸਨ, ਕਿਸ ਲੋਕ ਤੋਂ ਅਚਾਨਕ ਆਏ ਸਨ ਅਤੇ ਫੇਰ ਅੱਖ ਦੇ ਫੋਰ ਵਿਚ ਕਿੱਧਰ ਚਲੇ ਗਏ, ਅਸੀਂ ਕੁਝ ਸਮਝ ਹੀ ਨਾ ਸਕੇ। 19 ਸਾਲ ਦੀ ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਐਨੇ ਵੱਡੇ ਕੰਮ ਅੰਜਾਮ ਦਿੱਤੇ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਦਲੇਰੀ, ਐਨਾ ਆਤਮ-ਵਿਸ਼ਵਾਸ, ਐਨਾ ਸਵੈ-ਤਿਆਗ, ਐਨੀ ਫੁਰਤੀ, ਐਨੀ ਲਗਨ ਬਹੁਤ ਹੀ ਘੱਟ ਦੇਖਣ ਵਿਚ ਆਉਂਦੀ ਹੈ। ਭਾਰਤ ਵਰਸ਼ ਵਿਚ ਅਸਲੀ ਗ਼ਦਰੀ ਕਹੇ ਜਾਣ ਵਾਲੇ ਮੁੱਠੀ ਭਰ ਲੋਕ ਹੀ ਪੈਦਾ ਹੋਏ ਹਨ। ਪਰ ਇਨ੍ਹਾਂ ਗਿਣੇ-ਚੁਣੇ ਕ੍ਰਾਂਤੀਕਾਰੀਆਂ ਵਿਚ ਵੀ ਸ਼੍ਰੀ ਕਰਤਾਰ ਸਿੰਘ ਸਰਬੋਚ ਹਨ। ਉਨ੍ਹਾਂ ਦੀ ਨਸ-ਨਸ ਵਿਚ ਕ੍ਰਾਂਤੀ ਸਮਾਈ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਇਕ ਮਾਤਰ ਆਦਰਸ਼, ਉਨ੍ਹਾਂ ਦੀ ਇਕ ਮਾਤਰ ਅਭਿਲਾਸ਼ਾ, ਇਕ ਮਾਤਰ ਆਸ ਜੋ ਵੀ ਸੀ ਇਹੀ ਗ਼ਦਰ ਸੀ। ਇਸੇ ਵਾਸਤੇ ਉਹ ਜ਼ਿੰਦਾ ਰਹੇ ਅਤੇ ਅੰਤ ਇਸੇ ਵਾਸਤੇ ਜਾਨ ਵਾਰ ਗਏ।

ਸੰਨ 1896 ਵਿਚ ਆਪਦਾ ਜਨਮ ਸਰਾਭਾ ਨਾਮਕ ਪਿੰਡ (ਜ਼ਿਲ੍ਹਾ ਲੁਧਿਆਣਾ) ਵਿਚ ਹੋਇਆ ਸੀ। ਆਪ ਮਾਂ-ਬਾਪ ਦੇ ਇਕਲੌਤੇ ਪੁੱਤਰ ਸਨ। ਬੜੇ ਲਾਡ-ਚਾਅ ਨਾਲ ਪਾਲਣ-ਪੋਸ਼ਣ ਹੋ ਰਿਹਾ ਸੀ। ਅਜੇ ਬਾਲੜੀ ਉਮਰ ਸੀ ਕਿ ਪਿਤਾ ਦੀ ਮੌਤ ਹੋ ਗਈ। ਪਰ ਆਪ ਦੇ ਦਾਦਾ ਨੇ ਬੜੇ ਯਤਨਾਂ ਨਾਲ ਆਪ ਨੂੰ ਪਾਲਿਆ। ਆਪ ਦੇ ਪਿਤਾ ਦਾ ਨਾਂ ਸਰਦਾਰ ਮੰਗਲ ਸਿੰਘ ਸੀ। ਆਪ ਦੇ ਇਕ ਚਾਚਾ ਤਾਂ ਸੰਯੁਕਤ-ਪ੍ਰਾਂਤ ਵਿਚ ਪੁਲਿਸ ਸਬ-ਇਸਪੈਕਟਰ ਸਨ ਅਤੇ ਦੂਜੇ ਉੜੀਸਾ ਦੇ ਮਹਿਕਮਾ ਜੰਗਲਾਤ ਵਿਚ ਕਿਸੇ ਉੱਚੇ ਆਹੁਦੇ ਤੇ ਕੰਮ ਕਰਦੇ ਸਨ। ਕਰਤਾਰ ਸਿੰਘ ਪਹਿਲਾਂ ਤਾਂ ਆਪਣੇ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਰਹੇ ਬਾਦ ਵਿਚ ਲੁਧਿਆਣਾ ਦੇ ਖਾਲਸਾ ਹਾਈ ਸਕੂਲ ਵਿਚ ਦਾਖਲ ਹੋ ਗਏ। ਪੜ੍ਹਨ-ਲਿਖਣ ਵਿਚ ਬਹੁਤੇ ਤੇਜ਼ ਨਹੀਂ ਸਨ, ਪਰ ਐਨੇ ਮਾੜੇ ਵੀ ਨਹੀਂ ਸਨ। ਸ਼ਰਾਰਤੀ ਬਹੁਤ ਸਨ। ਛੇੜਖਾਨੀ ਨਾਲ ਹਰੇਕ ਦੀ ਜਾਨ ਆਫ਼ਤ ਵਿਚ ਪਾਈ ਰੱਖਦੇ। ਸਾਥੀ ਆਪਨੂੰ 'ਅਫਲਾਤੂਨ'

ਕਿਹਾ ਕਰਦੇ ਸਨ। ਸਾਰੇ ਲੋਕ ਆਪ ਨੂੰ ਬੜਾ ਲਾਡ ਕਰਦੇ ਸਨ। ਸਕੂਲ ਵਿਚ ਆਪਦਾ ਇਕ ਵੱਖਰਾ ਜੁੱਟ ਸੀ। ਖੇਡਾਂ ਵਿਚ ਆਪ ਮੋਹਰੀ ਸਨ। ਨੇਤਾਗਿਰੀ ਦੇ ਸਾਰੇ ਗੁਣ ਆਪ ਵਿਚ ਮੌਜੂਦ ਸਨ। ਨੌਵੀਂ ਜਮਾਤ ਤੱਕ ਉੱਥੇ ਪੜ੍ਹ ਕੇ ਆਪ ਆਪਣੇ ਚਾਚਾ ਕੋਲ ਉੜੀਸਾ ਚਲੇ ਗਏ। ਉਥੇ ਜਾ ਕੇ ਦਸਵੀਂ ਕੀਤੀ ਤੇ ਕਾਲਜ ਵਿਚ ਪੜ੍ਹਨ ਲੱਗੇ। ਇਹ ਉਹੀ 1910-11 ਦੇ ਦਿਨ ਸਨ। ਉੱਥੇ ਆਪ ਨੂੰ ਸਕੂਲ-ਕਾਲਜ ਦੇ ਕੋਰਸ ਦੇ ਸੰਕੀਰਣ ਦਾਇਰੇ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਅੰਦੋਲਨ ਦੇ ਦਿਨ ਸਨ। ਉਸੇ ਮਾਹੌਲ ਵਿਚ ਰਹਿ ਕੇ ਦੇਸ਼ ਅਤੇ ਆਜ਼ਾਦੀ ਪ੍ਰੇਮ ਦੀਆਂ ਭਾਵਨਾਵਾਂ ਆਪ ਦੇ ਸੀਨੇ ਵਿਚ ਹੋਰ ਪ੍ਰਬਲ ਹੋ ਉੱਠੀਆਂ।

ਅਮਰੀਕਾ ਜਾਣ ਦੀ ਚਾਹਨਾ ਹੋਈ। ਘਰ ਵਾਲਿਆਂ ਨੇ ਬਹੁਤੀ ਹੀਲ-ਹੁੱਜਤ ਨਾ ਕੀਤੀ। ਆਪ ਨੂੰ ਅਮਰੀਕਾ ਭੇਜ ਦਿੱਤਾ ਗਿਆ। ਸੰਨ 1912 ਵਿਚ ਆਪ ਸਾਨਫਰਾਂਸਿਸਕੋ ਬੰਦਰਗਾਹ 'ਤੇ ਪਹੁੰਚੇ। ਇਮੀਗ੍ਰੇਸ਼ਨ ਵਾਲਿਆਂ ਨੇ ਵਿਸ਼ੇਸ਼ ਪੁੱਛ-ਗਿੱਛ ਲਈ ਆਪ ਨੂੰ ਰੋਕ ਲਿਆ।

ਅਫ਼ਸਰ ਦੇ ਪੁੱਛਣ ਤੇ ਆਪਨੇ ਕਿਹਾ— ਇੱਥੇ ਪੜ੍ਹਨ ਵਾਸਤੇ ਆਇਆ ਹਾਂ।

ਅਫ਼ਸਰ ਨੇ ਕਿਹਾ—ਕੀ ਤੈਨੂੰ ਹਿੰਦੁਸਤਾਨ ਵਿਚ ਪੜ੍ਹਨ ਨੂੰ ਥਾਂ ਨਹੀਂ ਮਿਲੀ ?

ਜਵਾਬ ਦਿੱਤਾ— ਮੈਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਸਤੇ ਹੀ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਦਾਖਲ ਹੋਣ ਦੇ ਵਿਚਾਰ ਨਾਲ ਆਇਆ ਹਾਂ।

'ਅਤੇ ਜੇ ਤੈਨੂੰ ਅਮਰੀਕਾ ਵਿਚ ਨਾ ਉੱਤਰਨ ਦਿੱਤਾ ਜਾਵੇ ਫੇਰ ?'

ਇਸ ਸਵਾਲ ਦਾ ਜਵਾਬ ਕਰਤਾਰ ਸਿੰਘ ਨੇ ਬੜਾ ਸੋਹਣਾ ਦਿੱਤਾ— 'ਤਾਂ ਮੈਂ ਸਮਝਾਂਗਾ ਕਿ ਬੜੀ ਭਾਰੀ ਬੇਇਨਸਾਫੀ ਹੋਈ ਹੈ। ਵਿਦਿਆਰਥੀਆਂ ਦੇ ਰਾਹਾਂ ਵਿਚ ਅਜਿਹੇ ਅੜਿੱਕੇ ਪਾਉਣ ਨਾਲ ਤਾਂ ਦੁਨੀਆਂ ਦੀ ਤਰੱਕੀ ਰੁਕ ਜਾਵੇਗੀ। ਕੌਣ ਜਾਣਦਾ ਹੈ ਕਿ ਮੈਂ ਇਥੇ ਵਿੱਦਿਆ ਹਾਸਲ ਕਰਕੇ ਸੰਸਾਰ ਵਿਚ ਭਲਾਈ ਦਾ ਕੋਈ ਵੱਡਾ ਕੰਮ ਕਰਨ ਵਿਚ ਸਮਰੱਥ ਹੋ ਜਾਵਾਂ ਅਤੇ ਉਤਰਨ ਦੀ ਇਜਾਜ਼ਤ ਨਾ ਮਿਲਣ ਤੇ ਸੰਸਾਰ ਇਸ ਤੋਂ ਵਾਂਝਾ ਹੀ ਰਹਿ ਜਾਵੇ।'

ਅਫ਼ਸਰ ਸਾਹਿਬ ਨੇ ਇਸ ਜਵਾਬ ਤੋਂ ਪ੍ਰਭਾਵਿਤ ਹੋ ਕੇ ਉੱਤਰਨ ਦੀ ਇਜਾਜ਼ਤ ਦੇ ਦਿੱਤੀ।

ਆਜ਼ਾਦ ਮੁਲਕ ਵਿਚ ਜਾ ਕੇ ਕਦਮ-ਕਦਮ ਤੇ ਆਪ ਦੇ ਕੋਮਲ ਹਿਰਦੇ ਤੇ ਸੱਟਾਂ ਵੱਜਣ ਲੱਗੀਆਂ। 'ਡੈਮ ਹਿੰਦੂ' ਅਤੇ 'ਬਲੈਕ ਕੂਲੀ' ਵਰਗੇ ਸ਼ਬਦ ਉਨ੍ਹਾਂ ਭੂਸਰੇ ਹੋਏ ਗੋਰੇ ਅਮਰੀਕਨਾਂ ਦੇ ਮੂੰਹੋਂ ਸੁਣਦੇ ਹੀ ਉਹ ਪਾਗਲ ਜਿਹੇ ਹੋਣ ਲੱਗਦੇ। ਉਨ੍ਹਾਂ ਨੂੰ ਕਦਮ-ਕਦਮ ਤੇ ਦੇਸ਼ ਦਾ ਹੰਕਾਰ ਅੱਖਰਨ ਲੱਗਦਾ। ਘਰ ਯਾਦ ਆਉਣ ਤੇ ਗੁਲਾਮ, ਜ਼ੰਜੀਰਾਂ ਨਾਲ ਜਕੜਿਆ ਹੋਇਆ, ਅਪਮਾਣਤ, ਲੁੱਟਿਆ ਹੋਇਆ, ਨਿਸਤੇਜ ਭਾਰਤ ਅੱਖਾਂ ਸਾਮ੍ਹਣੇ ਆ ਜਾਂਦਾ। ਉਹ ਕੋਮਲ ਹਿਰਦਾ ਹੌਲੀ-ਹੌਲੀ ਕਠੋਰ ਹੋਣ ਲੱਗਾ ਅਤੇ ਦੇਸ਼ ਦੀ ਆਜ਼ਾਦੀ ਵਾਸਤੇ

ਜੀਵਨ ਅਰਪਣ ਕਰਨ ਦਾ ਨਿਸ਼ਚਾ ਵੀ ਹੌਲੀ-ਹੌਲੀ ਦ੍ਰਿੜ੍ਹ ਹੋਣ ਲੱਗਾ। ਉਸ ਵੇਲੇ ਦੇ ਉਸ ਭਾਵੁਕ ਹਿਰਦੇ ਦੀ ਟੀਸ ਨੂੰ ਅਸੀਂ ਕੀ ਸਮਝ ਸਕਾਂਗੇ ?

ਹੁਣ ਉਹ ਚੈਨ ਨਾਲ ਨਹੀਂ ਬਹਿ ਸਕਦੇ ਸੀ, ਇਹ ਅਸੰਭਵ ਸੀ। ਨਾ ਭਰਾ। ਹੁਣ ਚੁੱਪ ਕਰਕੇ ਸ਼ਾਂਤੀ ਨਾਲ ਕੰਮ ਨਹੀਂ ਚੱਲਣਾ। ਦੇਸ਼ ਕਿਵੇਂ ਆਜ਼ਾਦ ਹੋਵੇ, ਇਹੀ ਇਕ ਮੁੱਖ ਪ੍ਰਸ਼ਨ ਹੁਣ ਉਨ੍ਹਾਂ ਦੀ ਨਜ਼ਰ ਵਿਚ ਸੀ। ਅਤੇ ਬਹੁਤਾ ਸੋਚੇ ਬਿਨ੍ਹਾਂ ਹੀ ਉਨ੍ਹਾਂ ਨੇ ਉੱਥੇ ਹੀ ਭਾਰਤੀ ਮਜ਼ਦੂਰਾਂ ਦੀ ਜੱਥੇਬੰਦੀ ਬਣਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਚ ਆਜ਼ਾਦੀ ਪ੍ਰੇਮ ਦਾ ਭਾਵ ਜਾਗ੍ਰਿਤ ਕਰਨ ਲੱਗੇ। ਹਰੇਕ ਕੋਲ ਘੰਟਿਆਂ ਬੈਠ ਕੇ ਸਮਝਾਉਣਾ, ਇਸ ਅਪਮਾਨ ਭਰੇ ਗੁਲਾਮ ਜੀਵਨ ਤੋਂ ਤਾਂ ਮੌਤ ਹਜ਼ਾਰ ਦਰਜੇ ਚੰਗੀ ਹੈ। ਕਾਰਜ ਸ਼ੁਰੂ ਹੋਣ ਤੇ ਕੁਝ ਹੋਰ ਲੋਕ ਵੀ ਉਨ੍ਹਾਂ ਦੇ ਨਾਲ ਆ ਮਿਲੇ ਅਤੇ ਮਈ, 1912 ਵਿਚ ਇਨ੍ਹਾਂ ਲੋਕਾਂ ਦੀ ਇਕ ਸਭਾ ਹੋਈ। ਕੋਈ 9 ਸੱਜਣ ਹੋਣਗੇ। ਸਭ ਨੇ ਤਨ-ਮਨ-ਧਨ ਦੇਸ਼ ਦੀ ਆਜ਼ਾਦੀ ਤੇ ਵਾਰਨ ਦੀ ਸਹੁੰ ਖਾਧੀ। ਇੱਧਰ ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਦੇ ਜਲਾਵਤਨ ਦੇਸ਼ ਭਗਤ ਸਰਦਾਰ ਭਗਵਾਨ ਸਿੰਘ ਵੀ ਉੱਥੇ ਹੀ ਪਹੁੰਚ ਗਏ। ਧੜਾਧੜ ਸਭਾਵਾਂ ਹੋਣ ਲੱਗੀਆਂ। ਉਪਦੇਸ਼ ਹੋਣ ਲੱਗੇ। ਕੰਮ ਚੱਲਦਾ ਰਿਹਾ। ਮੈਦਾਨ ਤਿਆਰ ਹੁੰਦਾ ਗਿਆ।

ਫੇਰ ਆਪਨੇ ਇਕ ਅਖ਼ਬਾਰ ਦੀ ਲੋੜ ਮਹਿਸੂਸ ਕੀਤੀ। 'ਗ਼ਦਰ' ਨਾਂ ਦਾ ਅਖ਼ਬਾਰ ਕੱਢਿਆ। ਉਸ ਦਾ ਪਹਿਲਾ ਅੰਕ ਪਹਿਲੀ ਨਵੰਬਰ 1913 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ। ਉਸ ਅਖ਼ਬਾਰ ਦੇ ਸੰਪਾਦਕੀ ਵਿਭਾਗ ਵਿਚ ਸਾਡੇ ਨਾਇਕ ਕਰਤਾਰ ਸਿੰਘ ਵੀ ਸਨ। ਆਪ ਬੜਾ ਜ਼ੋਰਦਾਰ ਲਿਖਦੇ। ਇਸ ਨੂੰ ਸੰਪਾਦਕ ਮੰਡਲ ਖੁਦ ਹੀ ਹੈਂਡ-ਪ੍ਰੈੱਸ ਤੇ ਛਾਪਦਾ ਵੀ ਸੀ। ਕਰਤਾਰ ਸਿੰਘ ਮਤਵਾਲੇ ਵਿਦਰੋਹੀ ਨੌਜਵਾਨ ਸਨ। ਹੈਂਡ-ਪ੍ਰੈੱਸ ਚਲਾਉਂਦੇ-ਚਲਾਉਂਦੇ ਥੱਕ ਜਾਣ ਤੇ ਉਹ ਇਹ ਪੰਜਾਬੀ ਗੀਤ ਗਾਇਆ ਕਰਦੇ;

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਇਸ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ॥

ਕਰਤਾਰ ਸਿੰਘ ਉਸ ਵੇਲੇ ਜਿਸ ਚਾਅ ਨਾਲ ਮਿਹਨਤ ਕਰਦੇ ਸਨ, ਸਖ਼ਤ ਮਿਹਨਤ ਕਰਦੇ ਹੋਏ ਵੀ ਉਹ ਜਿਸ ਤਰ੍ਹਾਂ ਹੱਸਦੇ-ਹਸਾਉਂਦੇ ਰਹਿੰਦੇ ਸਨ, ਉਸ ਨਾਲ ਸਾਰਿਆਂ ਦਾ ਹੌਸਲਾ ਦੂਣਾ-ਤੀਣਾ ਹੋ ਜਾਂਦਾ ਸੀ।

ਭਾਰਤ ਨੂੰ ਕਿਵੇਂ ਆਜ਼ਾਦ ਕਰਵਾਉਣਾ ਪਏਗਾ, ਇਹ ਹੋਰ ਕਿਸੇ ਨੂੰ ਪਤਾ ਹੋਵੇ ਜਾਂ ਨਾ, ਕਿਸੇ ਨੇ ਇਸ ਬਾਰੇ ਸੋਚਣ ਦੀ ਮਗਜ਼-ਮਾਰੀ ਕੀਤੀ ਹੋਵੇ ਜਾਂ ਨਾ, ਪਰ ਸਾਡੇ ਨਾਇਕ ਨੇ ਤਾਂ ਐਨ ਸੋਚ ਰੱਖਿਆ ਸੀ। ਇਸੇ ਕਰਕੇ ਤਾਂ ਉਸੇ ਦੌਰਾਨ ਆਪ ਨਿਊਯਾਰਕ ਦੀ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਭਰਤੀ ਹੋਏ ਅਤੇ ਉੱਥੇ ਮਨ ਲਾ ਕੇ ਹਵਾਈ ਜਹਾਜ਼ ਚਲਾਉਣਾ,

ਮੁਰੰਮਤ ਕਰਨਾ ਅਤੇ ਬਣਾਉਣਾ ਸਿੱਖਣ ਲੱਗ ਪਏ ਸਨ। ਛੇਤੀ ਹੀ ਉਹ ਇਸ ਕਲਾ ਵਿਚ ਮਾਹਿਰ ਹੋ ਗਏ। ਸਤੰਬਰ, 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਨੂੰ ਵਹਿਸ਼ੀ ਗੋਰੇਸ਼ਾਹੀ ਦੇ ਹੱਥੋਂ ਅਕੱਥ ਦੁੱਖ ਝੱਲ ਕੇ ਪਰਤਣਾ ਪਿਆ ਸੀ, ਉਦੋਂ ਹੀ ਸਾਡੇ ਨਾਇਕ ਕਰਤਾਰ ਸਿੰਘ, ਇਕ ਹੋਰ ਗ਼ਦਰੀ ਸ਼੍ਰੀ ਗੁਪਤਾ ਅਤੇ ਇਕ ਅਮਰੀਕੀ ਅਨਾਰਕਿਸਟ 'ਜੈਕ' ਨੂੰ ਨਾਲ ਲੈ ਕੇ ਹਵਾਈ ਜਹਾਜ਼ ਤੇ ਜਾਪਾਨ ਆਏ ਸਨ ਅਤੇ 'ਕੋਬ' ਵਿਚ ਬਾਬਾ ਗੁਰਦਿੱਤ ਸਿੰਘ ਜੀ ਨੂੰ ਮਿਲ ਕੇ ਸਾਰੀ ਗੱਲਬਾਤ ਕਰ ਗਏ ਸਨ।

ਯੁਗਾਂਤਰ-ਆਸ਼ਰਮ ਸਾਨਫ਼ਰਾਂਸਿਸਕੋ ਦੀ ਗ਼ਦਰ-ਪ੍ਰੈੱਸ ਵਿਚ 'ਗ਼ਦਰ' ਅਤੇ ਉਸ ਤੋਂ ਬਿਨ੍ਹਾਂ 'ਗ਼ਦਰ ਦੀ ਗੂੰਜ' ਆਦਿ ਅਨੇਕ ਕਿਤਾਬਾਂ ਛਾਪੀਆਂ ਤੇ ਵੰਡੀਆਂ ਗਈਆਂ ਸਨ। ਪ੍ਰਚਾਰ ਜ਼ੋਰ-ਸ਼ੋਰ ਨਾਲ ਹੁੰਦਾ ਗਿਆ। ਫਰਵਰੀ, 1914 ਵਿਚ ਹੀ ਸਟੌਕਟਨ ਦੀ ਜਨਸਭਾ ਵਿਚ ਤਿਰੰਗਾ ਝੰਡਾ ਲਹਿਰਾਇਆ ਗਿਆ, ਉਦੋਂ ਹੀ ਆਜ਼ਾਦੀ, ਸਮਾਨਤਾ ਅਤੇ ਭਾਈਵਾਲੀ ਦੇ ਨਾਂ ਤੇ ਹਲਫ਼ ਲਏ ਗਏ। ਉਸ ਸਭਾ ਦੇ ਪ੍ਰਭਾਵਸ਼ਾਲੀ ਬੁਲਾਰਿਆਂ ਵਿਚ ਨੌਜਵਾਨ ਕਰਤਾਰ ਸਿੰਘ ਵੀ ਸਨ। ਸਖ਼ਤ ਮਿਹਨਤ ਅਤੇ ਗਾੜ੍ਹੇ ਪਸੀਨੇ ਦੀ ਕਮਾਈ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਖਰਚ ਕਰਨ ਦਾ ਨਿਸ਼ਚਾ ਸਾਰੇ ਸ੍ਰੋਤਿਆਂ ਨੇ ਐਲਾਨ ਦਿੱਤਾ ਸੀ। ਇਸੇ ਤਰ੍ਹਾਂ ਦਿਨ ਬੀਤ ਰਹੇ ਸਨ ਕਿ ਅਚਾਨਕ ਯੂਰਪ ਵਿਚ ਮਹਾਂਜੰਗ ਛਿੜਨ ਦੀ ਖ਼ਬਰ ਮਿਲੀ। ਹੁਣ ਕੀ ਸੀ, ਆਨੰਦ ਅਤੇ ਉਤਸ਼ਾਹ ਦੀ ਸੀਮਾ ਨਾ ਰਹੀ।

ਇਕ ਦਮ ਸਾਰੇ ਹੀ ਗਾਉਣ ਲੱਗੇ;

ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨੇ।
ਏਹੋ ਆਖਰੀ ਵਚਨ ਤੇ ਫਰਮਾਨ ਹੋ ਗਏ॥

ਗ਼ਦਰੀ ਕਰਤਾਰ ਨੇ ਦੇਸ਼ ਨੂੰ ਪਰਤਣ ਦਾ ਪ੍ਰਚਾਰ ਜ਼ੋਰ-ਸ਼ੋਰ ਨਾਲ ਕੀਤਾ ਅਤੇ ਖੁਦ ਵੀ 'ਨਿਪਨ ਮਾਰੂ' ਜਹਾਜ਼ ਰਾਹੀਂ ਅਮਰੀਕਾ ਤੋਂ ਚੱਲ ਪਏ ਅਤੇ 15-16 ਸਤੰਬਰ, 1914 ਨੂੰ ਕੋਲੰਬੋ ਪਹੁੰਚ ਗਏ। ਉਨ੍ਹਾਂ ਦਿਨਾਂ ਵਿਚ ਪੰਜਾਬ ਤੱਕ ਪੁੱਜਦੇ ਨਾ ਪੁੱਜਦੇ ਆਮ ਤੌਰ ਤੇ ਅਮਰੀਕਾ ਤੋਂ ਆਉਣ ਵਾਲੇ 'ਭਾਰਤ ਰੱਖਿਆ ਕਾਨੂੰਨ' ਦੀ ਗ੍ਰਿਫ਼ਤ ਵਿਚ ਆ ਜਾਂਦੇ ਸਨ। ਬਹੁਤ ਘੱਟ ਲੋਕ ਆਜ਼ਾਦੀ ਨਾਲ ਪਹੁੰਚ ਪਾਉਂਦੇ ਸਨ। ਕਰਤਾਰ ਸਿੰਘ ਸਹੀ ਸਲਾਮਤ ਆ ਪਹੁੰਚੇ। ਜ਼ੋਰ-ਸ਼ੋਰ ਨਾਲ ਕੰਮ ਸ਼ੁਰੂ ਹੋ ਗਿਆ। ਸੰਗਠਨ ਦੀ ਕਮੀ ਸੀ ਪਰ ਜਿਵੇਂ-ਕਿਵੇਂ ਉਹ ਵੀ ਪੂਰੀ ਕਰ ਲਈ ਗਈ। ਦਸੰਬਰ, 1914 ਵਿਚ ਮਰਾਠਾ ਵੀਰ ਪਿੰਗਲੇ ਵੀ ਆ ਪੁੱਜਿਆ। ਉਸੇ ਦੀ ਕੋਸ਼ਿਸ਼ ਨਾਲ ਬਨਾਰਸ ਸਾਜ਼ਿਸ਼ ਦੇ ਨਾਇਕ ਸ਼੍ਰੀ ਸ਼ਚੀਂਦਰਨਾਥ ਸਨਿਆਲ ਅਤੇ ਰਾਸ ਬਿਹਾਰੀ ਪੰਜਾਬ ਵਿਚ ਆਏ। ਕਾਰਜ ਜਥੇਬੰਦ ਹੋਣਾ ਸ਼ੁਰੂ ਹੋ ਗਿਆ। ਕਰਤਾਰ ਸਿੰਘ ਹਰ ਥਾਂ ਹਰ ਵੇਲੇ ਮੌਜੂਦ ਹੁੰਦੇ। ਅੱਜ ਮੋਗਾ ਵਿਚ ਗੁਪਤ-ਸਮਿਤੀ ਦੀ ਮੀਟਿੰਗ ਹੈ, ਤਾਂ ਆਪ ਉੱਥੇ ਮੌਜੂਦ ਸਨ, ਕਲ ਲਾਹੌਰ ਦੇ ਕਾਲਜਾਂ ਦੇ ਵਿਦਿਆਰਥੀਆਂ ਵਿਚ ਪ੍ਰਚਾਰ ਹੋ ਰਿਹਾ ਹੈ। ਪਰਸੋਂ ਕਿਸੇ ਡਕੈਤੀ ਵਾਸਤੇ ਹਥਿਆਰ ਇਕੱਠੇ ਕੀਤੇ ਜਾ ਰਹੇ ਹਨ, ਅਗਲੇ ਦਿਨ ਫ਼ਿਰੋਜ਼ਪੁਰ

ਛਾਉਣੀ ਦੇ ਸਿਪਾਹੀਆਂ ਨਾਲ ਜੋੜ-ਤੋੜ ਹੋ ਰਿਹਾ ਹੈ। ਅਗਲੇ ਦਿਨ ਕਲਕੱਤੇ ਹਥਿਆਰਾਂ ਵਾਸਤੇ ਜਾ ਰਹੇ ਹਨ। ਪੈਸੇ ਦੀ ਕਮੀ ਪੂਰੀ ਕਰਨ ਲਈ ਆਪਨੇ ਇਕ ਬੰਦੇ ਦੇ ਘਰ ਡਾਕੇ ਦੀ ਯੋਜਨਾ ਬਣਾ ਲਈ। ਡਾਕੇ ਦਾ ਨਾਂ ਸੁਣਦੇ ਹੀ ਵਿਦਰੋਹੀ ਵੀਰ ਸੁੰਨ ਹੋ ਗਏ, ਪਰ ਆਪਨੇ ਕਹਿ ਦਿੱਤਾ— 'ਕੋਈ ਡਰ ਨਹੀਂ ਹੈ, ਭਾਈ ਪਰਮਾਨੰਦ ਵੀ ਡਕੈਤੀ ਨਾਲ ਸਹਿਮਤ ਹਨ।' ਪੁੱਛ ਕੇ ਆਉਣ ਦਾ ਜ਼ਿਮਾ ਆਪਨੂੰ ਸੌਂਪਿਆ ਗਿਆ। ਅਗਲੇ ਦਿਨ ਬਿਨਾਂ ਮਿਲੇ ਹੀ ਜਾ ਕੇ ਕਹਿ ਦਿੱਤਾ— 'ਪੁੱਛ ਆਇਆ ਹਾਂ। ਉਹ ਸਹਿਮਤ ਹਨ।'

ਗ਼ਦਰ ਦੀ ਤਿਆਰੀ ਵਿਚ ਸਿਰਫ਼ ਪੈਸੇ ਦੀ ਕਮੀ ਕਾਰਨ ਕੁਝ ਦੇਰ ਹੋ ਜਾਵੇ, ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਸੀ। ਉਸ ਦਿਨ ਉਹ ਡਕੈਤੀ ਵਾਸਤੇ ਰੱਬੋਂ ਨਾਮਕ ਪਿੰਡ ਵਿਚ ਗਏ ਸੀ। ਕਰਤਾਰ ਮੁੱਖੀ ਸਨ। ਡਕੈਤੀ ਹੋ ਰਹੀ ਸੀ। ਘਰ ਵਿਚ ਇਕ ਬੜੀ ਸੋਹਣੀ ਕੁੜੀ ਵੀ ਸੀ। ਉਸ ਨੂੰ ਦੇਖ ਕੇ ਇਕ ਪਾਪੀ ਦਾ ਮਨ ਫਿਰ ਗਿਆ। ਉਸ ਨੇ ਕੁੜੀ ਦਾ ਹੱਥ ਫੜ ਲਿਆ। ਉਸ ਕਾਮੀ ਨਰ ਪਸ਼ੂ ਦਾ ਰੰਗ-ਢੰਗ ਦੇਖ ਕੇ ਕੁੜੀ ਘਬਰਾ ਗਈ ਅਤੇ ਉਸ ਨੇ ਜ਼ੋਰ ਦੀ ਚੀਕ ਮਾਰੀ। ਫੌਰਨ ਨੌਜਵਾਨ ਕਰਤਾਰ ਰਿਵਾਲਵਰ ਤਾਣ ਕੇ ਉਸੇ ਥਾਂ ਪਹੁੰਚ ਗਏ। ਉਸ ਬੰਦੇ ਦੇ ਮੱਥੇ ਤੇ ਪਿਸਤੌਲ ਰੱਖ ਕੇ ਉਸ ਦਾ ਹਥਿਆਰ ਲੈ ਲਿਆ ਅਤੇ ਫੇਰ ਗੁੱਸੇ ਹੋਏ ਸ਼ੇਰ ਵਾਂਗ ਗਰਜ ਕੇ ਬੋਲੇ— 'ਪਾਮਰ। ਤੇਰਾ ਗੁਨਾਹ ਬੜਾ ਭਿਅੰਕਰ ਹੈ। ਇਸ ਵੇਲੇ ਤੂੰ ਮੌਤ ਦਾ ਹੱਕਦਾਰ ਹੈਂ। ਪਰ ਖਾਸ ਹਾਲਾਤ ਕਾਰਨ ਤੈਨੂੰ ਮਾਫ਼ ਕਰਨ ਤੇ ਮਜਬੂਰ ਹਾਂ। ਇਸ ਲਈ ਫੌਰਨ ਇਸ ਕੁੜੀ ਦੇ ਪੈਰਾਂ ਵਿਚ ਸਿਰ ਰੱਖ ਕੇ ਕਹਿ ਕਿ 'ਹੇ ਭੈਣ। ਮੈਨੂੰ ਮਾਫ਼ ਕਰ ਦੇ ਅਤੇ ਉੱਧਰ ਮਾਂ ਦੇ ਪੈਰ ਫੜ ਕੇ ਕਹਿ ਕਿ ਮਾਤਾ। ਮੈਂ ਇਸ ਨੀਚਤਾ ਵਾਸਤੇ ਮਾਫ਼ੀ ਚਾਹੁੰਦਾ ਹਾਂ। ਜੇ ਇਹ ਤੈਨੂੰ ਮਾਫ਼ ਕਰ ਦਏ ਤਾਂ ਤੈਨੂੰ ਜਿਊਂਦਾ ਛੱਡਾਂਗਾ ਨਹੀਂ ਤਾਂ ਹੁਣੇ ਗੋਲੀ ਮਾਰ ਦਿਆਂਗਾ।' ਉਸ ਨੇ ਉਵੇਂ ਹੀ ਕੀਤਾ। ਗੱਲ ਕੁਝ ਬਹੁਤੀ ਤਾਂ ਵਧੀ ਨਹੀਂ ਸੀ। ਇਹ ਦੇਖ ਕੇ ਦੋਹਾਂ ਔਰਤਾਂ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਪਿਆਰ ਨਾਲ ਸੰਬੋਧਨ ਕੀਤਾ— 'ਬੇਟਾ! ਅਜਿਹੇ ਧਰਮਾਤਮਾ ਅਤੇ ਸਾਊ ਨੌਜਵਾਨ ਹੋ ਕੇ ਤੁਸੀਂ ਇਸ ਭਿਆਨਕ ਕੰਮ ਵਿਚ ਕਿਵੇਂ ਸ਼ਾਮਲ ਹੋਏ ਹੋ?' ਕਰਤਾਰ ਦਾ ਵੀ ਜੀਅ ਭਰ ਆਇਆ। ਕਿਹਾ— 'ਮਾਂ! ਰੁਪਏ ਦੇ ਲੋਭ ਵਿਚ ਨਹੀਂ, ਆਪਣਾ ਸਭ ਕੁਝ ਵਾਰ ਕੇ ਹੀ ਡਾਕੇ ਮਾਰਨ ਚੱਲੇ ਸੀ। ਅਸੀਂ ਅੰਗ੍ਰੇਜ਼ ਸਰਕਾਰ ਦੇ ਖ਼ਿਲਾਫ਼ ਗ਼ਦਰ ਦੀ ਤਿਆਰੀ ਕਰ ਰਹੇ ਹਾਂ। ਹਥਿਆਰ ਆਦਿ ਖਰੀਦਣ ਵਾਸਤੇ ਪੈਸੇ ਚਾਹੀਦੇ ਹਨ। ਉਹ ਕਿੱਥੋਂ ਲਈਏ? ਮਾਂ! ਉਸੇ ਮਹਾਨ ਕੰਮ ਵਾਸਤੇ ਅੱਜ ਇਹ ਨੀਚ ਕੰਮ ਕਰਨ ਲਈ ਅਸੀਂ ਮਜਬੂਰ ਹੋਏ ਹਾਂ।'

ਉਸ ਵੇਲੇ ਬੜਾ ਦਰਦਨਾਕ ਨਜ਼ਾਰਾ ਸੀ। ਮਾਂ ਨੇ ਫੇਰ ਕਿਹਾ— 'ਇਸ ਕੁੜੀ ਦਾ ਵਿਆਹ ਕਰਨਾ ਹੈ। ਉਸ ਵਾਸਤੇ ਰੁਪਏ ਚਾਹੀਦੇ ਹਨ। ਕੁਝ ਦਿੰਦੇ ਜਾਉ ਤਾਂ ਚੰਗਾ ਹੈ।' ਸਾਰਾ ਧਨ ਉਸ ਦੇ ਸਾਹਮਣੇ ਰੱਖ ਦਿੱਤਾ ਗਿਆ ਅਤੇ ਕਿਹਾ— 'ਜਿੰਨਾਂ ਚਾਹੀਦਾ ਹੈ ਲੈ ਲਉ!' ਕੁਝ ਧਨ ਲੈ ਕੇ ਬਾਕੀ ਸਾਰਾ ਉਸਨੇ ਖੁਦ ਖੁਸ਼ੀ ਨਾਲ ਕਰਤਾਰ ਦੀ ਝੋਲੀ ਵਿਚ ਪਾ ਦਿੱਤਾ ਅਤੇ ਆਸ਼ੀਰਵਾਦ ਦਿੱਤਾ ਕਿ ਜਾਉ ਬੇਟਾ, ਤੁਹਾਨੂੰ ਕਾਮਯਾਬੀ ਮਿਲੇ।

ਡਕੈਤੀ ਵਰਗੇ ਭਿਆਨਕ ਕੰਮ ਵਿਚ ਸ਼ਾਮਲ ਹੋਣ ਤੇ ਵੀ ਕਰਤਾਰ ਦਾ ਹਿਰਦਾ ਕਿੰਨਾ ਭਾਵੁਕ, ਕਿੰਨਾ ਪਵਿੱਤਰ, ਕਿੰਨਾ ਮਹਾਨ ਸੀ ਉਹ ਉਕਤ ਘਟਨਾ ਤੋਂ ਸਪੱਸ਼ਟ ਹੈ।

ਬੰਗਾਲ ਦਲ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਹੀ ਆਪ ਨੇ ਹਥਿਆਰਾਂ ਵਾਸਤੇ ਲਾਹੌਰ-ਛਾਉਣੀ ਦੀ ਮੈਗਜ਼ੀਨ ਤੇ ਹਮਲਾ ਕਰਨ ਦੀ ਤਿਆਰੀ ਕਰ ਲਈ ਸੀ। ਇਕ ਦਿਨ ਟਰੇਨ ਵਿਚ ਜਾਂਦੇ ਹੋਏ ਇਕ ਫੌਜੀ ਨਾਲ ਮੁਲਾਕਾਤ ਹੋ ਗਈ। ਉਹ ਮੈਗਜ਼ੀਨ ਦਾ ਇੰਚਾਰਜ ਸੀ। ਉਸ ਨੇ ਚਾਬੀਆਂ ਦੇਣ ਦਾ ਵਾਅਦਾ ਕੀਤਾ। 25 ਨਵੰਬਰ ਨੂੰ ਆਪ ਕੁਝ ਸੂਰਮੇ ਸਾਥੀਆਂ ਨੂੰ ਲੈ ਕੇ ਉੱਥੇ ਜਾ ਧਮਕੇ। ਪਰ ਇਕ-ਅੱਧ ਦਿਨ ਪਹਿਲਾਂ ਉਕਤ ਸਿਪਾਹੀ ਦਾ ਕਿਸੇ ਹੋਰ ਥਾਂ ਤਬਾਦਲਾ ਹੋ ਜਾਣ ਕਾਰਨ ਸਾਰਾ ਕੰਮ ਵਿਗੜ ਗਿਆ। ਪਰ ਦਿਲ ਛੱਡਣਾ, ਘਬਰਾ ਜਾਣਾ ਅਜਿਹੇ ਕ੍ਰਾਂਤੀਕਾਰੀਆਂ ਦੇ ਚਰਿੱਤਰ ਵਿਚ ਨਹੀਂ ਹੁੰਦਾ।

ਫਰਵਰੀ ਵਿਚ ਗ਼ਦਰ ਦੀ ਤਿਆਰੀ ਸੀ। ਪਹਿਲੇ ਹਫ਼ਤੇ ਆਪ, ਪਿੰਗਲੇ ਅਤੇ ਦੋ-ਇਕ ਹੋਰ ਸਾਥੀਆਂ ਸਮੇਤ ਆਗਰਾ, ਕਾਨਪੁਰ, ਇਲਾਹਾਬਾਦ, ਬਨਾਰਸ, ਲਖਨਊ ਅਤੇ ਮੇਰਠ ਆਦਿ ਗਏ ਅਤੇ ਗ਼ਦਰ ਵਾਸਤੇ ਫੌਜਾਂ ਨਾਲ ਗੰਢਜੋੜ ਕਰ ਆਏ।

ਆਖ਼ਰ ਉਹ ਦਿਨ ਵੀ ਨੇੜੇ ਆਉਣ ਲੱਗਾ ਜਿਸ ਦਾ ਖ਼ਿਆਲ ਆਉਂਦੇ ਹੀ ਇਨ੍ਹਾਂ ਲੋਕਾਂ ਦੇ ਹਿਰਦੇ ਖੁਸ਼ੀ, ਚਾਅ ਅਤੇ ਡੈਅ ਆਦਿ ਅਨੇਕਾਂ ਭਾਵਾਂ ਨਾਲ ਧੜਕਣ ਲੱਗਦੇ ਸਨ। 21 ਫਰਵਰੀ 1915 ਸਮੁੱਚੇ ਭਾਰਤ ਵਿਚ ਗ਼ਦਰ ਕਰਨ ਦਾ ਦਿਨ ਨਿਸ਼ਚਿਤ ਹੋਇਆ ਸੀ। ਤਿਆਰੀ ਇਸੇ ਵਿਚਾਰ ਨਾਲ ਹੋ ਰਹੀ ਸੀ। ਪਰ ਠੀਕ ਉਸੇ ਵੇਲੇ ਉਨ੍ਹਾਂ ਦੀ ਆਸ ਦੇ ਬੂਟੇ ਦੀ ਜੜ੍ਹ ਵਿਚ ਬੈਠਾ ਇਕ ਚੂਹਾ ਉਸ ਨੂੰ ਹੇਠੋਂ ਖੋਖਲਾ ਕਰ ਰਿਹਾ ਸੀ। ਤਣੇ ਦੇ ਇਕ ਦਮ ਖੋਖਲੇ ਹੋ ਜਾਣ ਤੇ ਹਨੇਰੀ ਦੇ ਇਕ ਹੀ ਬੁੱਲੇ ਨਾਲ ਉਹ ਧਰਤੀ ਤੇ ਡਿੱਗ ਪਏਗਾ, ਇਹ ਉਹ ਨਹੀਂ ਜਾਣਦੇ ਸਨ। ਚਾਰ-ਪੰਜ ਦਿਨ ਪਹਿਲਾਂ ਸ਼ੱਕ ਪੈ ਗਿਆ। ਕਿਰਪਾਲ ਦੀ ਕਿਰਪਾ ਨਾਲ ਸਭ ਗੁੜ-ਗੋਬਰ ਹੋ ਜਾਏਗਾ, ਇਸੇ ਡਰ ਕਾਰਨ ਕਰਤਾਰ ਸਿੰਘ ਨੇ ਰਾਸਬਿਹਾਰੀ ਨੂੰ 21 ਦੀ ਥਾਂ 19 ਫਰਵਰੀ ਨੂੰ ਹੀ ਗ਼ਦਰ ਕਰਨ ਨੂੰ ਕਹਿ ਦਿੱਤਾ ਸੀ। ਇਸ ਤਰ੍ਹਾਂ ਹੋ ਜਾਣ ਤੇ ਵੀ ਕਿਰਪਾਲ ਨੂੰ ਭੇਤ ਲੱਗ ਗਿਆ। ਉਸ ਮਹਾਨ ਗ਼ਦਰ ਯੋਜਨਾ ਵਿਚ ਉਸ ਇਕ ਨਰ-ਪਿਸ਼ਾਚ ਦੀ ਹੋਂਦ ਦਾ ਕਿੰਨਾ ਭੈੜਾ ਸਿੱਟਾ ਨਿੱਕਲਿਆ। ਰਾਸਬਿਹਾਰੀ ਅਤੇ ਕਰਤਾਰ ਸਿੰਘ ਵੀ ਕੋਈ ਢੁੱਕਵਾਂ ਪ੍ਰਬੰਧ ਕਰਕੇ ਆਪਣਾ ਭੇਤ ਨਾ ਛੁਪਾ ਸਕੇ, ਇਸ ਦਾ ਕਾਰਨ ਭਾਰਤ ਦੀ ਬਦਕਿਸਮਤੀ ਤੋਂ ਬਿਨ੍ਹਾਂ ਹੋਰ ਕੀ ਹੋ ਸਕਦਾ ਹੈ ?

ਸ਼ੁਦਾਈ ਕਰਤਾਰ 50-60 ਬੰਦੇ ਲੈ ਕੇ ਕੀਤੇ ਫੈਸਲੇ ਅਨੁਸਾਰ 19 ਫਰਵਰੀ ਨੂੰ ਫ਼ਿਰੋਜ਼ਪੁਰ ਛਾਉਣੀ ਜਾ ਪਹੁੰਚੇ। ਅੱਜ-ਹੁਣੇ ਕੁਝ ਘੰਟੇ ਬਾਅਦ—ਰਣਚੰਡੀ ਦਾ ਤਾਂਡਵ ਨਰਿਤ ਸ਼ੁਰੂ ਹੋ ਜਾਵੇਗਾ। ਕਰਤਾਰ ਸਿੰਘ ਆਪਣੇ ਤਿਰੰਗੇ ਝੰਡੇ ਨੂੰ ਹੁਣੇ ਹੀ ਭਾਰਤ ਭੂਮੀ ਤੇ ਫਹਿਰਾ ਦੇਣਗੇ। ਅੱਜ ਹੀ ਅਤੇ ਹੁਣੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਕਰਤਾਰ ਅਤੇ ਉਨ੍ਹਾਂ ਦੇ ਸਹਿਯੋਗੀਆਂ ਵਿਚ ਵਧ-ਚੜ੍ਹ ਕੇ ਮਰਨ-ਮਾਰਨ ਦੀ ਤਮੰਨਾ ਪੈਦਾ ਹੋ ਜਾਵੇਗੀ।

ਕਰਤਾਰ ਸਿੰਘ ਛਾਉਣੀ ਵਿਚ ਵੜ ਗਏ। ਆਪਣੇ ਸਾਥੀ ਫੌਜੀ ਹੌਲਦਾਰ ਨੂੰ ਮਿਲੇ। ਗ਼ਦਰ ਦੀ ਗੱਲ ਕਹੀ। ਪਰ ਕਿਰਪਾਲ ਨੇ ਤਾਂ ਪਹਿਲਾਂ ਹੀ ਸਭ ਕੁਝ ਵਿਗਾੜ ਰੱਖਿਆ ਸੀ। ਭਾਰਤੀ ਫੌਜੀ ਨਿਹੱਥੇ ਕਰ ਦਿੱਤੇ ਗਏ ਸਨ। ਧੜਾਧੜ ਗ੍ਰਿਫ਼ਤਾਰੀਆਂ ਹੋ ਰਹੀਆਂ ਸਨ। ਹੌਲਦਾਰ ਨੇ ਸਾਫ਼ ਨਾਂਹ ਕਰ ਦਿੱਤੀ। ਕਰਤਾਰ ਸਿੰਘ ਦੀ ਬੇਨਤੀ ਬੇਕਾਰ ਗਈ। ਨਿਰਾਸ਼, ਪ੍ਰੇਸ਼ਾਨ ਪਰਤ ਆਏ। ਸਾਰੀ ਕੋਸ਼ਿਸ਼, ਸਾਰੀ ਮਿਹਨਤ ਇਕ ਦਮ ਬੇਕਾਰ ਹੋ ਗਈ ਸੀ। ਪੰਜਾਬ ਵਿਚ ਗ੍ਰਿਫ਼ਤਾਰੀਆਂ ਦਾ ਬਾਜ਼ਾਰ ਗਰਮ ਹੋ ਗਿਆ। ਮੁਸੀਬਤ ਵਿਚ ਪੈਂਦੇ ਹੀ ਅਨੇਕਾਂ ਗ਼ਦਰੀ ਅਕਲਮੰਦ ਬਣਨ ਲੱਗੇ। ਉਨ੍ਹਾਂ ਨੂੰ ਆਪਣੇ ਪੁਰਾਣੇ ਆਦਰਸ਼ ਵਿਚ ਭਰਮ ਦਿਸਣ ਲੱਗਾ। ਅੱਜ ਉਹ ਫੜਿਆ ਗਿਆ, ਕਲ੍ਹ ਉਹ ਫੁੱਟ ਪਿਆ। ਅਜਿਹੀ ਹੀ ਹਾਲਤ ਵਿਚ ਰਾਸ ਬਾਬੂ ਨਿਰਾਸ਼ ਹੋ ਕੇ ਇਕ ਮੁਰਦੇ ਵਾਂਗ ਲਾਹੌਰ ਦੇ ਇਕ ਮਕਾਨ ਵਿਚ ਪਏ ਸੀ। ਕਰਤਾਰ ਸਿੰਘ ਵੀ ਆ ਕੇ ਇਕ ਹੋਰ ਮੰਜੇ ਤੇ ਦੂਜੇ ਪਾਸੇ ਮੂੰਹ ਕਰਕੇ ਪੈ ਗਏ। ਉਹ ਇਕ-ਦੂਜੇ ਨੂੰ ਕੁਝ ਵੀ ਨਹੀਂ ਬੋਲੇ। ਪਰ ਚੁੱਪ ਹੀ ਚੁੱਪ ਵਿਚ ਇਕ-ਦੂਜੇ ਦੇ ਹਿਰਦੇ ਵਿਚ ਵੜ ਕੇ ਉਹ ਸਭ ਕੁਝ ਸਮਝ ਗਏ ਸੀ। ਉਨ੍ਹਾਂ ਦੀ ਉਸ ਵੇਲੇ ਦੀ ਵੇਦਨਾ ਦਾ ਅਨੁਮਾਨ ਅਸੀਂ ਕੀ ਲਾ ਸਕਾਂਗੇ ?

ਦਰੇ ਤਦਬੀਰ ਪਰ ਸਰ ਫੋੜਨਾ ਸ਼ੇਵਾ ਰਹਾ ਅਪਨਾ।
ਵਸੀਲੇ ਹਾਥ ਹੀ ਆਏ ਨ ਕਿਸਮਤ ਆਜ਼ਮਾਈ ਕੇ॥

ਫੈਸਲਾ ਹੋਇਆ, ਸਾਰੇ ਪੱਛਮੀ ਸੀਮਾ ਤੋਂ ਉਸ ਪਾਰ ਲੰਘ ਕੇ ਵਿਦੇਸ਼ਾਂ ਵਿਚ ਚਲੇ ਜਾਣ। ਰਾਸ ਬਾਬੂ ਕਲਮਾ ਪੜ੍ਹਨ ਲੱਗੇ। ਪਰ ਉਨ੍ਹਾਂ ਨੇ ਅਚਾਨਕ ਨਿਸ਼ਚਾ ਬਦਲ ਦਿੱਤਾ। ਉਹ ਬਨਾਰਸ ਚਲੇ ਗਏ। ਪਰ ਕਰਤਾਰ ਸਿੰਘ ਪੱਛਮ ਵੱਲ ਨੂੰ ਤੁਰ ਪਏ। ਉਹ ਤਿੰਨ ਵਿਅਕਤੀ ਸਨ— ਸ਼੍ਰੀ ਕਰਤਾਰ ਸਿੰਘ, ਸ਼੍ਰੀ ਜਗਤ ਸਿੰਘ ਅਤੇ ਸ਼੍ਰੀ ਹਰਨਾਮ ਸਿੰਘ ਟੁੰਡਾ, ਬ੍ਰਿਟਿਸ਼ ਭਾਰਤ ਦੀ ਸੀਮਾ ਪਾਰ ਕਰ ਗਏ। ਖੁਸ਼ਕ ਪਹਾੜਾਂ ਵਿਚ ਪਹੁੰਚਕੇ ਇਕ ਰਮਣੀਕ ਥਾਂ ਆਈ। ਛੋਟੀ ਜਿਹੀ ਸੁੰਦਰ ਨਦੀ ਵਗ ਰਹੀ ਸੀ। ਉਸੇ ਦੇ ਕਿਨਾਰੇ ਬਹਿ ਗਏ। ਗੱਠ ਖੋਲ੍ਹ ਕੇ ਛੋਲੇ ਚੱਬਣ ਲੱਗੇ। ਕੁਝ ਨਾਸ਼ਤਾ-ਪਾਣੀ ਕਰਕੇ ਕਰਤਾਰ ਸਿੰਘ ਗਾਉਣ ਲੱਗੇ:

'ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।'

ਭਾਵੁਕ ਕਰਤਾਰ ਕਵੀ ਵੀ ਸਨ। ਅਮਰੀਕਾ ਵਿਚ ਉਨ੍ਹਾਂ ਨੇ ਇਹ ਕਵਿਤਾ ਲਿਖੀ ਸੀ। ਸੁਰੀਲੀ ਆਵਾਜ਼ ਵਿਚ ਇਕ ਸਤਰ ਹੀ ਗਾਈ ਸੀ, ਝੱਟ ਰੁਕ ਗਏ ਤੇ ਬੋਲੇ— 'ਕਿਉਂ ਜਗਤ ਜੀ, ਕੀ ਇਹ ਕਵਿਤਾ ਦੂਜਿਆਂ ਵਾਸਤੇ ਹੀ ਲਿਖੀ ਗਈ ਸੀ ? ਕੀ ਸਾਡੇ ਤੇ ਇਸ ਦੀ ਕੋਈ ਜ਼ਿੰਮੇਵਾਰੀ ਨਹੀਂ ? ਅੱਜ ਸਾਡੇ ਸਾਥੀ ਮੁਸੀਬਤਾਂ ਵਿਚ ਫਸੇ ਪਏ ਹਨ ਅਤੇ ਅਸੀਂ ਆਪਣਾ ਸਿਰ ਛੁਪਾਉਣ ਦੇ ਫ਼ਿਕਰ ਵਿਚ ਕਾਹਲੇ ਪੈ ਰਹੇ ਹਾਂ ?' ਇਕ-ਦੂਜੇ ਵੱਲ ਦੇਖਿਆ। ਫੈਸਲਾ ਹੋਇਆ, ਭਾਰਤ ਪਰਤ ਕੇ ਉਨ੍ਹਾਂ ਨੂੰ ਛੁਡਾਉਣ ਦਾ ਪ੍ਰਬੰਧ ਕੀਤਾ ਜਾਵੇ। ਫੇਰ ਅੱਗੇ ਨਹੀਂ ਤੁਰੇ। ਉੱਥੋਂ ਹੀ ਵਾਪਸ ਹੋ ਲਏ। ਜਾਣਦੇ ਸਨ ਕਿ ਮੌਤ ਮੂੰਹ ਖੋਲ੍ਹੀ ਉਨ੍ਹਾਂ ਦੀ ਇੰਤਜ਼ਾਰ ਵਿਚ ਖੜ੍ਹੀ ਹੈ। ਪਰ ਇਸ ਨਾਲ ਕੀ ਹੁੰਦਾ ਸੀ ? ਉਨ੍ਹਾਂ ਦੀ ਤਾਂ ਤੀਬਰ ਇੱਛਾ ਸੀ ਕਿ ਕਿਤੇ

ਕੋਈ ਘਮਾਸਾਨ ਸ਼ੁਰੂ ਹੋ ਜਾਵੇ, ਲੜਦੇ-ਲੜਦੇ ਜਾਨ ਦੇ ਦੇਣ।

ਸਰਗੋਧਾ ਕੋਲ ਚੱਕ ਨੰਬਰ 5 ਵਿਚ ਗਏ। ਫੇਰ ਤੋਂ ਗ਼ਦਰ ਦੀ ਚਰਚਾ ਛੇੜ ਦਿੱਤੀ। ਉੱਥੇ ਹੀ ਫੜੇ ਗਏ। ਜ਼ੰਜੀਰਾਂ ਨਾਲ ਜਕੜ ਦਿੱਤੇ ਗਏ। ਨਿਡਰ ਬੰਦੀ ਗ਼ਦਰੀ ਕਰਤਾਰ ਸਿੰਘ ਲਾਹੌਰ ਸਟੇਸ਼ਨ ਤੇ ਲਿਆਂਦੇ ਗਏ। ਪੁਲਿਸ ਕਪਤਾਨ ਨੂੰ ਕਿਹਾ—'ਮਿ. ਟੌਮਕਿਨ। ਕੁਝ ਖਾਣ ਨੂੰ ਤਾਂ ਲਿਆ ਦਿਉ!' ਉਹ! ਕਿੰਨਾ ਮਸਤਪਣ ਸੀ! ਉਸ ਸੁੰਦਰ ਮੂਰਤ ਨੂੰ ਦੇਖ ਕੇ ਦੋਸਤ-ਦੁਸ਼ਮਨ ਸਭ ਮੁਗਧ ਹੋ ਜਾਂਦੇ ਸਨ। ਗ੍ਰਿਫ਼ਤਾਰੀ ਵੇਲੇ ਉਹ ਬੜੇ ਪ੍ਰਸੰਨ ਸਨ। ਅਕਸਰ ਕਿਹਾ ਕਰਦੇ ਸਨ— 'ਹਿੰਮਤ ਨਾਲ ਮਰ ਜਾਣ ਤੇ ਮੈਨੂੰ 'ਬਾਗੀ' ਦਾ ਖਿਤਾਬ ਦੇਣਾ। ਕੋਈ ਯਾਦ ਕਰੇ ਤਾਂ 'ਬਾਗੀ' ਕਹਿਕੇ ਯਾਦ ਕਰੇ।'

ਜੇਲ੍ਹ ਵਿਚ ਬੰਦ ਹੋ ਕੇ ਵੀ ਉਸ ਅਸ਼ਾਂਤ ਹਿਰਦੇ ਨੂੰ ਸ਼ਾਂਤੀ ਨਾ ਮਿਲੀ। ਇਕ ਦਿਨ ਲੋਹਾ ਵੱਢਣ ਦੇ ਸੰਦ ਮੰਗਵਾ ਲਏ। 60-70 ਕੈਦੀਆਂ ਨੂੰ ਇਕੱਠਾ ਕੀਤਾ। ਫੈਸਲਾ ਹੋਇਆ, ਚਾਰ-ਪੰਜ ਤੋਂ ਇਲਾਵਾ— ਜੋ ਕਿ ਬਿਲਕੁਲ ਕਮਜ਼ੋਰ ਤੇ ਨਿਰਦੋਸ਼ ਸਨ— ਸਾਰੇ ਲੋਕ ਰਾਤ ਜੇਲ੍ਹ ਤੋਂ ਭੱਜ ਨਿਕਲਣ। ਬਾਹਰੋਂ ਇਹ ਖ਼ਬਰ ਵੀ ਆ ਗਈ ਸੀ ਕਿ ਲਾਹੌਰ-ਛਾਉਣੀ ਮੈਗਜ਼ੀਨ ਦੇ ਇੰਚਾਰਜ ਮਹਾਸ਼ਾ ਮਦਦ ਵਾਸਤੇ ਤਿਆਰ ਹਨ। ਫੈਸਲਾ ਹੋਇਆ ਕਿ 50-60 ਬੰਦੇ ਜੇਲ੍ਹ ਤੋਂ ਨਿਕਲਦੇ ਹੀ ਸਿੱਧੇ ਲਾਹੌਰ-ਛਾਉਣੀ ਜਾਣ। ਉਨ੍ਹਾਂ ਲੋਕਾਂ ਦੀ ਮਦਦ ਨਾਲ ਮੈਗਜ਼ੀਨ ਤੋਂ ਹਥਿਆਰ ਕੱਢ ਕੇ ਸਾਰਿਆਂ ਨੂੰ ਹਥਿਆਰ ਵੰਡ ਦਿੱਤੇ ਜਾਣ ਅਤੇ ਉਸ ਤੋਂ ਬਾਅਦ ਫੇਰ ਗ਼ਦਰ ਕੀਤਾ ਜਾਵੇ। ਵਿਚਾਰ ਸੀ, ਜੇਲ੍ਹਾਂ ਤੋੜ ਕੇ ਕੈਦੀਆਂ ਨੂੰ ਕੱਢਿਆ ਜਾਵੇ ਤਾਂ ਕਿ ਉਹ ਸਾਰੇ ਲੋਕ ਗ਼ਦਰ ਦੀ ਤਿਆਰੀ ਵਿਚ ਜੁਟ ਜਾਣ। ਪਰ ਕਰਤਾਰ ਸਿੰਘ ਵਾਸਤੇ ਉਸ ਨਿਰਾਸ਼ਾ ਅਤੇ ਅਸਫ਼ਲਤਾ ਦੇ ਦੌਰ ਵਿਚ ਅਜਿਹੀ ਆਸ ਕਰਨੀ ਅੱਕ-ਵੰਭੜੀ ਦੀ ਛਾਂ ਵਾਂਗ ਸੀ। ਕਿਸੇ ਇਕ ਸਾਧਾਰਨ ਕੈਦੀ ਨੂੰ ਭੇਤ ਲੱਗ ਗਿਆ। ਸਾਰਿਆਂ ਨੂੰ ਕੋਠੜੀਆਂ ਵਿਚ ਡੱਕ ਦਿੱਤਾ ਗਿਆ। ਬੇੜੀਆਂ ਲਾ ਦਿੱਤੀਆਂ ਗਈਆਂ। ਤਲਾਸ਼ੀ ਹੋਈ, ਸਾਰੀਆਂ ਚੀਜ਼ਾਂ ਕਰਤਾਰ ਸਿੰਘ ਦੀ ਕੋਠੜੀ ਵਿਚ ਪਾਣੀ ਦੀ ਸੁਰਾਹੀ ਹੇਠਾਂ ਧਰਤੀ ਵਿਚ ਪੁੱਟੇ ਹੋਏ ਟੋਏ ਵਿਚੋਂ ਮਿਲ ਗਈਆਂ। ਸਾਰੀ ਕੋਸ਼ਿਸ਼ ਬੇਕਾਰ ਗਈ।

ਮੁਕੱਦਮਾ ਚੱਲਿਆ। ਉਸ ਵੇਲੇ ਕਰਤਾਰ ਸਿੰਘ ਦੀ ਉਮਰ ਸਿਰਫ ਸਾਢੇ ਅਠਾਰਾਂ ਸਾਲ ਸੀ। ਸਾਰੇ ਹਵਾਲਾਤੀਆਂ ਵਿਚੋਂ ਆਪ ਸਭ ਤੋਂ ਘੱਟ ਉਮਰ ਦੇ ਸਨ। ਪਰ ਜੱਜ ਮਹੋਦਿਆ ਲਿਖਦੇ ਹਨ :

> ਇਹ ਇਨ੍ਹਾਂ ਸਾਰੇ 61 ਦੋਸ਼ੀਆਂ ਵਿਚੋਂ ਸਭ ਤੋਂ ਮਹੱਤਵਪੂਰਨ ਹੈ; ਅਤੇ ਇਸ ਦੀ ਮਿਸਲ ਸਭ ਤੋਂ ਲੰਮੀ ਹੈ। ਅਮਰੀਕਾ ਸਫ਼ਰ ਵੇਲੇ ਅਤੇ ਭਾਰਤ ਵਿਚ ਇਸ ਸਾਜ਼ਿਸ਼ ਦਾ ਕੋਈ ਖੇਤਰ ਨਹੀਂ ਜਿੱਥੇ ਇਸ ਦੋਸ਼ੀ ਨੇ ਕੋਈ ਭੂਮਿਕਾ ਨਾ ਨਿਭਾਈ ਹੋਵੇ।

ਇਕ ਦਿਨ ਆਪਦੇ ਬਿਆਨ ਦੇਣ ਦੀ ਵਾਰੀ ਆਈ। ਆਪ ਨੇ ਸਭ ਮੰਨ ਲਿਆ।

ਸਭ ਕੁਝ ਮੰਨਦਾ ਦੇਖ ਕੇ ਜੱਜ ਮਹੋਦਿਆ ਲਿਖਣ ਤੋਂ ਰੁਕ ਗਏ। ਸਾਰਾ ਦਿਨ ਕਰਤਾਰ ਸਿੰਘ ਬਿਆਨ ਦਿੰਦੇ ਰਹੇ। ਮੂੰਹ ਵਿਚ ਕਲਮ ਫਸਾਈ ਜੱਜ ਦੇਖਦੇ ਰਹੇ। ਕੁਝ ਲਿਖਿਆ ਨਹੀਂ। ਬਾਅਦ ਵਿਚ ਐਨਾ ਹੀ ਕਿਹਾ—'ਕਰਤਾਰ ਸਿੰਘ! ਅੱਜ ਤੇਰੇ ਬਿਆਨ ਨਹੀਂ ਲਿਖੇ ਗਏ। ਤੂੰ ਸੋਚ-ਸਮਝ ਕੇ ਬਿਆਨ ਦੇਹ। ਤੂੰ ਜਾਣਦਾ ਹੈਂ, ਤੇਰੇ ਆਪਣੇ ਹੀ ਬਿਆਨਾਂ ਦਾ ਕੀ ਨਤੀਜਾ ਨਿੱਕਲ ਸਕਦਾ ਹੈ?'

ਦੇਖਣ ਵਾਲੇ ਦੱਸਦੇ ਹਨ, ਜੱਜ ਦੇ ਇਨ੍ਹਾਂ ਸ਼ਬਦਾਂ ਤੇ ਉਸ ਨੇ ਇਕ ਮਸਤਾਨੀ ਅਦਾ ਨਾਲ ਸਿਰਫ਼ ਐਨਾ ਹੀ ਕਿਹਾ ਸੀ— 'ਫਾਂਸੀ ਹੀ ਲਾ ਦਿਉਂਗੇ ਨਾ, ਹੋਰ ਕੀ? ਅਸੀਂ ਉਸ ਤੋਂ ਡਰਦੇ ਨਹੀਂ।'

ਉਸ ਦਿਨ ਕਚਹਿਰੀ ਉੱਠ ਗਈ। ਜੱਜ ਲੋਕਾਂ ਦੀ ਪਹਿਲੇ ਦਿਨ ਕੁਝ ਅਜਿਹੀ ਧਾਰਨਾ ਸੀ ਕਿ ਕਰਤਾਰ ਸਿੰਘ ਇਸ ਤਰ੍ਹਾਂ ਦਾ ਬਿਆਨ ਭਾਈ ਪਰਮਾਨੰਦ ਦੇ ਇਸ਼ਾਰੇ ਤੇ ਦੇ ਰਿਹਾ ਹੈ। ਪਰ ਉਹ ਗ਼ਦਰੀ ਨੌਜਵਾਨ ਦੇ ਹਿਰਦੇ ਦੀ ਡੂੰਘਾਈ ਦੀ ਥਾਹ ਨਹੀਂ ਪਾ ਸਕੇ ਸਨ। ਕਰਤਾਰ ਸਿੰਘ ਦਾ ਬਿਆਨ ਜ਼ਿਆਦਾ ਜ਼ੋਰਦਾਰ, ਜ਼ਿਆਦਾ ਜੋਸ਼ੀਲਾ ਅਤੇ ਪਹਿਲੇ ਦਿਨ ਵਾਂਗ ਹੀ ਸੱਚ ਸੀ।

ਅੰਤ ਵਿਚ ਆਪ ਨੇ ਕਿਹਾ—'ਮੇਰੇ ਗੁਨਾਹ ਲਈ ਜਾਂ ਤਾਂ ਮੈਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਤੇ ਜਾਂ ਫਾਸੀ। ਪਰ ਮੈਂ ਤਾਂ ਫਾਸੀ ਨੂੰ ਹੀ ਤਰਜੀਹ ਦਿਆਂਗਾ। ਤਾਂ ਕਿ ਛੇਤੀ ਹੀ ਫੇਰ ਜਨਮ ਲੈ ਕੇ ਭਾਰਤ ਦੀ ਆਜ਼ਾਦੀ ਦੀ ਜੰਗ ਵਾਸਤੇ ਤਿਆਰ ਹੋ ਸਕਾਂ। ਜਦੋਂ ਤੱਕ ਭਾਰਤ ਆਜ਼ਾਦ ਨਹੀਂ ਹੁੰਦਾ ਉਦੋਂ ਤੱਕ ਇਵੇਂ ਹੀ ਵਾਰ-ਵਾਰ ਜਨਮ ਲੈ ਕੇ ਫਾਂਸੀ ਤੇ ਚੜ੍ਹਦਾ ਰਹਾਂ, ਇਹੀ ਮੇਰੀ ਤਮੰਨਾ ਹੈ। ਅਤੇ ਜੇ ਅਗਲੇ ਜਨਮ ਵਿਚ ਔਰਤ ਬਣਿਆ ਤਾਂ ਵੀ ਅਜਿਹੇ ਹੀ ਬਾਗ਼ੀ ਪੁੱਤਰਾਂ ਨੂੰ ਜਨਮ ਦਿਆਂਗਾ।'

ਆਪਦੀ ਦ੍ਰਿੜ੍ਹਤਾ ਨੇ ਜੱਜ ਲੋਕਾਂ ਨੂੰ ਪ੍ਰਭਾਵਿਤ ਕੀਤਾ, ਪਰ ਉਨ੍ਹਾਂ ਨੇ ਇਕ ਉਦਾਰ ਦੁਸ਼ਮਨ ਵਾਂਗ ਆਪਣੀ ਦਲੇਰੀ ਨੂੰ ਦਲੇਰੀ ਨਾ ਕਹਿ ਕੇ ਢੀਠਤਾ ਦਾ ਨਾਂ ਦਿੱਤਾ। ਜੱਜ ਮਹੋਦਿਆ ਲਿਖਦੇ ਹਨ :

> ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਨੌਜਵਾਨ ਹੈ; ਪਰ ਨਿਸ਼ਚੇ ਹੀ ਇਹ ਇਨ੍ਹਾਂ ਸਾਰਿਆਂ ਸਾਜ਼ਿਸ਼ੀਆਂ ਤੋਂ ਭੈੜਾ ਹੈ, ਪੂਰੀ ਤਰ੍ਹਾਂ ਪਾਜੀ ਹੈ, ਆਪਣੇ ਕੀਤੇ ਤੇ ਫ਼ਖ਼ਰ ਕਰਦਾ ਹੈ, ਇਸ ਵਾਸਤੇ ਕੋਈ ਤਰਸ ਨਹੀਂ ਦਿਖਾਇਆ ਜਾ ਸਕਦਾ।

ਦਲੇਰ ਅਤੇ ਉਦਾਰ ਦੁਸ਼ਮਨ ਹਾਰੇ ਹੋਏ ਸੈਨਿਕ ਨਾਲ ਅਜਿਹਾ ਵਿਹਾਰ ਨਹੀਂ ਕਰਿਆ ਕਰਦੇ। ਪਰ ਇੱਥੇ ਅਜਿਹਾ ਹੀ ਹੋਇਆ। ਕਰਤਾਰ ਸਿੰਘ ਨੂੰ ਸਿਰਫ਼ ਗਾਲ੍ਹਾਂ ਹੀ ਮਿਲੀਆਂ ਹੋਣ, ਅਜਿਹਾ ਵੀ ਨਹੀਂ, ਮੌਤ ਦੀ ਸਜ਼ਾ ਵੀ ਮਿਲੀ। ਉਨ੍ਹਾਂ ਨੂੰ ਹੀ ਲੱਭਣ ਵਾਲੇ ਪੁਲਸੀਆਂ ਦੇ ਹੱਥੋਂ ਪਾਣੀ ਪੀ ਕੇ ਕਈ ਵਾਰੀ ਨਿੱਕਲ ਜਾਣ ਵਾਲੇ ਸੂਰਮਾ ਕਰਤਾਰ ਸਿੰਘ ਅੱਜ ਬਗ਼ਾਵਤ—

ਗ਼ਦਰ— ਦੇ ਅਪਰਾਧ ਵਿਚ ਮੌਤ ਦੀ ਸਜ਼ਾ ਦੇ ਭਾਗੀ ਬਣੇ। ਆਪਨੇ ਦਲੇਰੀ ਨਾਲ ਮੁਸਕਰਾਉਂਦੇ ਹੋਏ ਜੱਜ ਨੂੰ ਕਿਹਾ—'Thank you !'

ਕਰਤਾਰ, ਤੇਰੇ ਜੀਵਨ ਵਿਚ ਅਜਿਹੀ ਕਿਹੜੀ ਖਾਸ ਘਟਨਾ ਵਾਪਰ ਗਈ ਸੀ, ਜਿਸ ਕਰਕੇ ਤੂੰ ਮੌਤ ਦੀ ਦੇਵੀ ਦਾ ਐਨਾ ਸ਼ਰਧਾਲੂ ਬਣ ਗਿਆ ? ਕਰਤਾਰ ਸਿੰਘ ਫਾਂਸੀ ਦੀ ਕੋਠੜੀ ਵਿਚ ਬੰਦ ਸਨ। ਦਾਦਾ ਆ ਕੇ ਪੁੱਛਦੇ ਹਨ— 'ਕਰਤਾਰ ਸਿੰਘ, ਕਿਨ੍ਹਾਂ ਵਾਸਤੇ ਮਰ ਰਿਹਾ ਹੈਂ ? ਜੋ ਤੈਨੂੰ ਗਾਲ੍ਹਾਂ ਕੱਢਦੇ ਹਨ ? ਤੇਰੇ ਮਰਨ ਨਾਲ ਦੇਸ਼ ਦਾ ਕੁਝ ਫਾਇਦਾ ਹੋਵੇ, ਉਹ ਵੀ ਨਹੀਂ ਦਿਸਦਾ।

ਕਰਤਾਰ ਸਿੰਘ ਨੇ ਹੌਲੀ ਜਿਹੀ ਪੁੱਛਿਆ—'ਦਾਦਾ ਜੀ, ਫਲਾਣਾ ਬੰਦਾ ਕਿੱਥੇ ਗਿਆ ?'

'ਪਲੇਗ ਨਾਲ ਮਰ ਗਿਆ।'

'ਫਲਾਣਾ ਕਿੱਥੇ ਹੈ ?'

'ਹੈਜ਼ੇ ਨਾਲ ਮਰ ਗਿਆ।'

'ਤਾਂ ਕੀ ਤੁਸੀਂ ਵੀ ਚਾਹੁੰਦੇ ਸੀ ਕਿ ਕਰਤਾਰ ਸਿੰਘ ਵੀ ਬਿਸਤਰੇ ਤੇ ਮਹੀਨਿਆਂ ਪਿਆ ਰਹਿ ਕੇ ਦਰਦ ਨਾਲ ਤੜਫਦਾ ਹੋਇਆ ਕਿਸੇ ਰੋਗ ਨਾਲ ਮਰਦਾ ? ਕੀ ਉਸ ਮੌਤ ਨਾਲੋਂ ਇਹ ਮੌਤ ਚੰਗੀ ਨਹੀਂ ਜੋ ਦੇਸ਼ ਦੇ ਲੇਖੇ ਲੱਗੀ ਹੈ। ਆਖਰ ਮਰਨਾ ਤਾਂ ਸਾਰਿਆਂ ਨੇ ਹੀ ਹੈ ?'

ਦਾਦਾ ਚੁੱਪ ਹੋ ਗਏ।

ਅੱਜ ਦੁਨੀਆਂ ਵਿਚ ਫੇਰ ਸਵਾਲ ਖੜ੍ਹਾ ਹੁੰਦਾ ਹੈ, ਉਨ੍ਹਾਂ ਦੇ ਮਰਨ ਦਾ ਕੀ ਫਾਇਦਾ ਹੋਇਆ ? ਉਹ ਕਿਨ੍ਹਾਂ ਵਾਸਤੇ ਮਰੇ ? ਜਵਾਬ ਸਾਫ਼ ਹੈ। ਮਰਨ ਵਾਸਤੇ ਮਰੇ। ਉਨ੍ਹਾਂ ਦਾ ਆਦਰਸ਼ ਹੀ ਦੇਸ਼-ਸੇਵਾ ਵਿਚ ਮਰਨਾ ਸੀ, ਇਸ ਤੋਂ ਵੱਧ ਉਹ ਕੁਝ ਹੋਰ ਚਾਹੁੰਦੇ ਹੀ ਨਹੀਂ ਸੀ। ਮਰਨਾ ਵੀ ਅਗਿਆਤ ਰਹਿਕੇ ਹੀ ਚਾਹੁੰਦੇ ਸੀ। ਉਨ੍ਹਾਂ ਦਾ ਆਦਰਸ਼ ਸੀ: ਅਨਸੰਗ, ਅਨਆੱਨਰਡ ਅਤੇ ਅਨਵੇਪਟ ਮੌਤ।

'ਚਮਨ ਜ਼ਾਰੇ ਮੁਹੱਬਤ ਮੇਂ ਉਸੀ ਨੇ ਬਾਗ਼ਵਾਨੀ ਕੀ,
ਕਿ ਜਿਸ ਨੇ ਅਪਣੀ ਮੇਹਨਤ ਕੋ ਹੀ ਮੇਹਨਤ ਕਾ ਸਮਰ ਜਾਨਾ।
ਨਹੀਂ ਹੋਤਾ ਹੈ ਮੋਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ,
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ॥

ਡੇਢ ਸਾਲ ਤੱਕ ਮੁਕੱਦਮਾ ਚੱਲਿਆ। ਸ਼ਾਇਦ ਇਹ 1916 ਦਾ ਹੀ ਨਵੰਬਰ ਸੀ ਜਦੋਂ ਉਨ੍ਹਾਂ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਉਹ ਉਸ ਦਿਨ ਵੀ ਹਮੇਸ਼ਾ ਵਾਂਗ ਖੁਸ਼ ਸਨ। ਉਨ੍ਹਾਂ ਦਾ ਵਜ਼ਨ 10 ਪਾਊਂਡ ਵਧ ਗਿਆ ਸੀ। 'ਭਾਰਤ ਮਾਤਾ ਦੀ ਜੈ' ਕਹਿੰਦੇ ਹੋਏ ਉਹ ਫਾਂਸੀ ਦੇ ਤਖ਼ਤੇ ਤੇ ਚੜ੍ਹ ਗਏ।

# ਸ਼ਹੀਦ ਸਰਾਭਾ ਜੀ ਤੇ ਗਦਰ ਪ੍ਰੈੱਸ

"ਗ਼ਦਰ ਪਾਰਟੀ ਦੀ ਸਥਾਪਤੀ ਤੋਂ ਬਾਦ ਇਸ ਦੇ ਮੰਤਵ ਤੈਅ ਕੀਤੇ ਗਏ: 1) ਅਮਰੀਕਾ ਵਿਚ ਪਾਰਟੀ ਦੇ ਪ੍ਰਚਾਰ ਲਈ ਹਿੰਦੁਸਤਾਨੀ ਬੋਲੀਆਂ ਵਿਚ ਅਖ਼ਬਾਰ ਕੱਢਣਾ, 2) ਅਮਰੀਕਾ ਤੇ ਦੂਜੇ ਮੁਲਕਾਂ ਵਿਚ ਗਦਰ ਪਾਰਟੀ ਦੀਆਂ ਸ਼ਾਖਾਂ ਕਾਇਮ ਕਰਨਾ, 3) ਅਮਰੀਕਾ ਵਿਚ ਹੁਸ਼ਿਆਰ ਵਿਅਕਤੀਆਂ ਨੂੰ ਟ੍ਰੇਨਿਗ ਦੇ ਕੇ ਖੁਫ਼ੀਆ ਤੌਰ ਤੇ ਹਿੰਦੁਸਤਾਨ ਭੇਜਣਾ ਅਤੇ ਉਨ੍ਹਾਂ ਰਾਹੀਂ ਹਿੰਦੁਸਤਾਨ ਅੰਦਰ ਪਾਰਟੀ ਦੀਆਂ ਖੁਫ਼ੀਆ ਸ਼ਾਖਾਂ ਕਾਇਮ ਕਰਨਾ, 4) ਹਿੰਦੁਸਤਾਨੀ ਫ਼ੌਜੀ ਸਿਪਾਹੀਆਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਕੇ ਗ਼ਦਰ ਵਾਸਤੇ ਆਪਣੇ ਵਿਚਾਰਾਂ ਨਾਲ ਸਹਿਮਤ ਕਰਨਾ।

ਔਰੇਗਨ ਦੇ ਇਸ ਦੌਰੇ ਵਿਚ ਲਾਲਾ ਹਰਦਿਆਲ ਨੇ ਕੈਲੇਫੋਰਨੀਆਂ ਦੇ ਖੇਤਾਂ ਅਤੇ ਬਾਗਾਂ ਵਿਚ ਕੰਮ ਕਰਦੇ ਕੁਝ ਸਾਥੀਆਂ ਤੋਂ ਤਨ- ਮਨ- ਧਨ ਨਾਲ ਇਸ ਕਾਰਜ ਵਿਚ ਮਦਦ ਦੇਣ ਦਾ ਵਚਨ ਲਿਆ ਸੀ। ਉਨ੍ਹਾਂ 'ਚੋਂ ਕੁਝ ਨਾਮ ਹਨ-ਭਾਈ ਰੂੜ ਸਿੰਘ ਤੇ ਭਾਈ ਚੰਨਣ ਸਿੰਘ ਚੂਹੜਚੱਕ, ਪੰਡਤ ਜਗਤ ਰਾਮ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ, ਕਰਤਾਰ ਸਿੰਘ ਸਰਾਭਾ ਤੇ ਕਰਤਾਰ ਸਿੰਘ ਦੁੱਕੀ ਲਤਾਲਾ ਜਿਲ੍ਹਾ ਲੁਧਿਆਣਾ।

ਲਾਲਾ ਹਰਦਿਆਲ ਏਥੋਂ ਸਾਨਫਰਾਂਸਿਸਕੋ ਜਾ ਕੇ ਅਖ਼ਬਾਰ ਕੱਢਣ ਦਾ ਵਾਅਦਾ ਕਰਕੇ ਵਾਪਸ ਕੈਲੇਫੋਰਨੀਆਂ ਚਲੇ ਗਏ। ਮਈ, ਜੂਨ, ਜੁਲਾਈ, ਅਗਸਤ ਤਿੰਨ-ਚਾਰ ਮਹੀਨੇ ਲੰਘ ਗਏ ਪਰ ਗ਼ਦਰ ਅਖ਼ਬਾਰ ਨਾ ਨਿਕਲਿਆ। ਕਈ ਮੈਂਬਰ ਆਪਣੇ ਪਹਿਲੇ ਤਜ਼ਰਬੇ ਦੇ ਆਧਾਰ ਤੇ ਸਮਝਣ ਲੱਗ ਪਏ ਕਿ ਹਿੰਦੁਸਤਾਨ ਦੇ ਪੜ੍ਹੇ-ਲਿਖੇ ਦੇਸ਼ਭਗਤ ਕੇਵਲ ਗੱਲਾਂ ਮਾਰਨਾ ਤੇ ਪੈਸਾ ਬਟੋਰਨਾ ਹੀ ਜਾਣਦੇ ਹਨ, ਇਨ੍ਹਾਂ ਵਿਚ ਅਮਲੀ ਕੰਮ ਕਰਨ ਦੀ ਹਿੰਮਤ ਨਹੀਂ ਹੁੰਦੀ। ਲਾਲਾ ਜੀ ਨੂੰ ਚਿੱਠੀਆਂ ਲਿਖੀਆਂ ਗਈਆਂ ਤਾਂ ਜਵਾਬ ਆਇਆ ਕਿ ਬੀਮਾਰ ਹੋਣ ਕਰਕੇ ਅਖ਼ਬਾਰ ਪ੍ਰਕਾਸ਼ਿਤ ਨਹੀਂ ਕਰ ਸਕਿਆ। ਤੁਸੀਂ ਇਸ ਕੰਮ ਲਈ ਇਟਲੀ ਤੋਂ ਸ. ਅਜੀਤ ਸਿੰਘ ਨੂੰ ਬੁਲਾ ਲਉ। ਤਦ ਔਰੇਗਨ ਤੇ ਵਾਸ਼ਿੰਗਟਨ ਸੂਬਿਆਂ ਦੇ ਸਿਰਕੱਢ ਸਾਥੀ ਇੱਕੱਤਰ ਹੋਏ ਅਤੇ ਫੈਸਲਾ ਕੀਤਾ ਕਿ ਲਾਲਾ ਹਰਦਿਆਲ ਦਾ ਪਾਰਟੀ ਵਲੋਂ ਇਲਾਜ ਕੀਤਾ ਜਾਵੇ ਅਤੇ ਉਨ੍ਹਾਂ ਦੇ ਰੋਟੀ ਕੱਪੜੇ ਦੇ ਖ਼ਰਚ ਲਈ 25 ਡਾਲਰ ਮਾਹਵਾਰ ਦਿੱਤਾ ਜਾਵੇ। ਇਸ ਫੈਸਲੇ ਦੀ ਇਤਲਾਹ ਲਾਲਾ ਜੀ ਨੂੰ ਦਿੱਤੀ ਗਈ ਅਤੇ ਇਕ ਨੌਜਵਾਨ ਰਘੁਵੀਰ ਦਿਆਲ ਗੁਪਤਾ ਨੂੰ ਬਰਾਈਡਲਵੀਲ ਤੋਂ ਲਾਲਾ ਜੀ ਦੀ

ਖ਼ਬਰਸਾਰ ਲਈ ਸਾਨਫਰਾਂਸਿਸਕੋ ਭੇਜ ਦਿੱਤਾ।

ਤਦ ਲਾਲਾ ਜੀ ਨੇ ਕਰਤਾਰ ਸਿੰਘ ਸਰਾਭਾ ਨੂੰ ਨਾਲ ਲੈ ਕੇ ਗ਼ਦਰ ਅਖ਼ਬਾਰ ਦਾ ਪਹਿਲਾ ਪਰਚਾ ਕੱਢ ਕੇ ਡਾਕ ਵਿਚ ਭੇਜਿਆ। ਪਿਛਲੇ ਤਿੰਨ ਚਾਰ ਮਹੀਨੀਆਂ ਵਿਚ ਲੈਥੋ ਪ੍ਰੈੱਸ ਦਾ ਬੰਦੋਬਸਤ ਕਰ ਲਿਆ ਗਿਆ ਸੀ। ਦੋ-ਤਿੰਨ ਹਫਤੇ ਮਗਰੋਂ ਅਖ਼ਬਾਰ ਦਾ ਗੁਰਮੁਖੀ ਐਡੀਸ਼ਨ ਵੀ ਚੱਲ ਪਿਆ ਸੀ। ਅਖਬਾਰ ਦੀ ਮੰਗ ਬਹੁਤ ਸੀ ਪਰ ਪਰਚੇ ਬਹੁਤ ਥੋੜੇ ਆਇਆ ਕਰਦੇ ਸਨ ਕਿਉਂਕਿ ਛਪਾਈ ਦਾ ਕੰਮ ਅਜੇ ਹੱਥ-ਮਸ਼ੀਨ ਰਾਹੀਂ ਹੀ ਹੁੰਦਾ ਸੀ। ਵਧੇਰੇ ਪਰਚਿਆਂ ਦੀ ਮੰਗ ਦੇ ਜਵਾਬ ਵਿਚ ਲਾਲਾ ਜੀ ਨੇ ਲਿਖਿਆ ਕਿ ਬਿਜਲੀ ਨਾਲ ਚੱਲਣ ਵਾਲੀ ਇਕ ਪੁਰਾਣੀ ਮਸ਼ੀਨ 2200 ਡਾਲਰ ਨੂੰ ਮਿਲਦੀ ਹੈ। ਔਰੇਗਨ ਤੇ ਵਾਸ਼ਿੰਗਟਨ ਦੀਆਂ ਬਰਾਂਚਾਂ ਨੇ ਇਹ ਰਕਮ ਭੇਜ ਦਿੱਤੀ। ਪਰ ਮਸ਼ੀਨ ਦਾ ਸੌਦਾ 1125 ਡਾਲਰ ਵਿਚ ਹੀ ਹੋ ਗਿਆ....।"

"......ਲਾਲਾ ਠਾਕਰ ਦਾਸ (ਸੇਂਟ ਜਾਨ) ਨੇ ਚੋਣਵੇਂ ਮੈਂਬਰਾਂ ਅਤੇ ਪ੍ਰਧਾਨ ਨੂੰ ਇਕ ਖਤਰੇ ਤੋਂ ਜਾਣੂ ਕਰਵਾਇਆ। ਇਹ ਖਤਰਾ ਸੀ ਲਾਲਾ ਹਰਦਿਆਲ ਨੂੰ ਅਗਵਾ ਕਰਨ ਜਾਂ ਕਤਲ ਕਰਵਾ ਦੇਣ ਦਾ। ਤਦ ਇਹ ਤੈਅ ਹੋਇਆ ਕਿ ਲਾਲਾ ਹਰਦਿਆਲ ਦੀ ਜਿਸਮਾਨੀ ਰੱਖਿਆ ਲਈ ਕਿਸੇ ਮੈਂਬਰ ਨੂੰ ਪੱਕੀ ਤਰ੍ਹਾਂ ਨਿਯੁਕਤ ਕੀਤਾ ਜਾਵੇ। ਇਸ ਕਾਰਜ ਲਈ ਸਾਰਿਆਂ ਨੇ ਮੇਰਾ ਨਾਉਂ ਲਿਆ। ਪ੍ਰਧਾਨ ਭਾਈ ਸੋਹਣ ਸਿੰਘ ਦੀ ਚਿੱਠੀ ਮੈਨੂੰ ਅਕਤੂਬਰ ਮਹੀਨੇ ਦੇ ਅਖੀਰ ਵਿਚ ਮਿਲੀ ਜਿਸ ਵਿਚ ਲਿਖਿਆ ਸੀ ਕਿ ਸਾਰਾ ਕੰਮ ਛੱਡ ਕੇ ਫੌਰਨ ਸਾਨਫਰਾਂਸਿਸਕੋ ਪਹੁੰਚ। ਲਾਲਾ ਹਰਦਿਆਲ ਦੀ ਜਿਸਮਾਨੀ ਸੁਰੱਖਿਆ ਦਾ ਕੰਮ ਸੰਭਾਲ ਲਓ। ਸੋ ਮੈਂ ਆਪਣਾ ਕੰਮ ਛੱਡ ਕੇ ਪਹਿਲੀ ਨਵੰਬਰ 1913 ਨੂੰ ਸਾਨਫਰਾਂਸਿਸਕੋ ਪਹੁੰਚ ਕੇ ਇਹ ਡਿਊਟੀ ਸੰਭਾਲ ਲਈ।

ਹਿਲ ਸਟਰੀਟ ਦੇ 36 ਨੰਬਰ ਵਾਲੇ ਮਕਾਨ (ਗ਼ਦਰ ਆਸ਼ਰਮ) ਵਿਚ ਜਦੋਂ ਮੈਂ ਸਵੇਰ ਦੇ ਸੱਤ ਵਜੇ ਪੁੱਜਾ ਤਾਂ ਲਾਲਾ ਹਰਦਿਆਲ, ਰਘੁਬੀਰ ਦਿਆਲ ਗੁਪਤਾ ਅਤੇ ਕਰਤਾਰ ਸਿੰਘ ਸਰਾਭਾ ਅਜੇ ਸੁੱਤੇ ਪਏ ਸਨ। ਮੈਂ ਦਰਵਾਜਾ ਖੜਕਾਇਆ ਤਾਂ ਅੰਦਰੋਂ ਅੱਖਾਂ ਮਲਦਾ ਇਕ 18-19 ਸਾਲ ਦੇ ਦਾਹੜੀ-ਮੁੱਛਾਂ ਤੋਂ ਬਗੈਰ ਇਕ ਸੁਨੱਖੇ ਨੌਜਵਾਨ ਮੁੰਡੇ ਨੇ ਦਰਵਾਜ਼ਾ ਖੋਲਿਆ ਤਾਂ ਮੈਂ ਉਸ ਨੂੰ ਪਹਿਲਾ ਸਵਾਲ ਇਹ ਕੀਤਾ ਕਿ ਕੀ ਤੇਰਾ ਨਾਮ ਕਰਤਾਰ ਸਿੰਘ ਸਰਾਭਾ ਹੈ। ਉਸ ਦੇ ਹਾਂ ਕਹਿਣ ਤੇ ਅਸੀਂ ਦੋਵੇਂ ਇਕ-ਦੂਜੇ ਦੇ ਗਲ ਲੱਗੇ ਅਤੇ ਮੈਂ ਅੰਦਰ ਜਾ ਕੇ ਲਾਲਾ ਹਰਦਿਆਲ ਅਤੇ ਰਘੁਬੀਰ ਦਿਆਲ ਗੁਪਤਾ ਨੂੰ ਬੰਦੇ ਮਾਤਰਮ ਆਖਿਆ।

ਵੁਡ ਸਟਰੀਟ ਨੰਬਰ ਪੰਜ ਵਿਚ ਪ੍ਰੈਸ ਮਸ਼ੀਨ ਲਗਾਈ ਗਈ ਸੀ। ਇਕ ਅਮਰੀਕਨ ਗੋਰਾ ਪ੍ਰੈਸ ਦਾ ਕੰਮ ਕਰਨ ਅਤੇ ਕਰਤਾਰ ਸਿੰਘ ਆਦਿ ਨੂੰ ਇਹ ਕੰਮ ਸਿਖਲਾਉਣ ਵਾਸਤੇ ਅੱਧਾ ਡਾਲਰ ਪ੍ਰਤੀ ਘੰਟੇ ਉਜਰਤ ਉਤੇ ਮੁਲਾਜਮ ਰੱਖਿਆ ਹੋਇਆ ਸੀ। ਕਰਤਾਰ ਸਿੰਘ ਲੈਥੋ ਪ੍ਰੈਸ ਅਤੇ ਪ੍ਰੈਸ ਮਸ਼ੀਨ ਚਲਾਉਣ ਦਾ ਕੰਮ ਚੰਗੀ ਤਰ੍ਹਾਂ ਸਿੱਖ ਚੁੱਕਿਆ ਸੀ। ਰਘੁਬੀਰ

ਦਿਆਲ ਗੁਪਤਾ ਉਰਦੂ ਦੀ ਕਤਾਬਤ ਕਰਨ ਲੱਗ ਪਿਆ ਸੀ ਤੇ ਉਸ ਦਾ ਉਲਥਾ ਕਰਤਾਰ ਸਿੰਘ ਕਰ ਲੈਂਦਾ ਸੀ। ਮੈਨੂੰ ਵੀ ਕਾਫ਼ੀ ਸਮਾਂ ਮਿਲ ਜਾਂਦਾ ਸੀ ਕਿਉਂਕਿ ਲਾਲਾ ਹਰਦਿਆਲ ਬਹੁਤਾ ਸਮਾਂ ਇਥੇ ਹੀ ਰਹਿੰਦੇ ਸਨ। ਅਸੀਂ ਅਮਰੀਕਨ ਗੋਰੇ ਨੂੰ ਕੰਮ ਤੋਂ ਲਾਂਭੇ ਕਰਨ ਦਾ ਫੈਸਲਾ ਕਰ ਲਿਆ ਅਤੇ ਉਸ ਦੀ ਥਾਂ ਕੰਮ ਕਰਨ ਲਈ ਅਮਰ ਸਿੰਘ ਚੌਹਾਨ ਨੂੰ ਰੱਖ ਲਿਆ। ਇਸ ਤਰ੍ਹਾਂ ਹੁਣ ਪ੍ਰੈੱਸ ਦਾ ਕੰਮ ਵਾਲੰਟੀਅਰ ਤੌਰ ਤੇ ਖੁਦ ਹਿਦੁਸਤਾਨੀ ਕਰਨ ਲੱਗੇ। ਇਹੋ ਅਮਰ ਸਿੰਘ ਚੌਹਾਨ ਜਦ ਹਿੰਦੁਸਤਾਨ ਵਿਚ ਗ਼ਦਰ ਕਰਨ ਲਈ ਆਇਆ ਤਾਂ ਗ਼ਦਰ ਦੀ ਅਸਫਲਤਾ ਦੇ ਮਗਰੋਂ ਗਿਰਫ਼ਤਾਰ ਹੋ ਗਿਆ। ਤਦ ਉਸ ਨੇ ਆਪਣੀ ਜਾਨ ਬਚਾਉਣ ਲਈ ਆਪਣੇ ਸਾਥੀਆਂ ਵਿਰੁੱਧ ਵਾਅਦਾ ਮੁਆਫ਼ ਗਵਾਹ ਬਣਨਾ ਕਬੂਲ ਕਰ ਲਿਆ ਸੀ। ਇਸ ਦਾ ਪਿੰਡ ਕਸਬਾ ਨਵਾਂ ਸ਼ਹਿਰ ਦੁਆਬਾ ਸੀ......"

## ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਦੇ ਕੰਮ ਦੀ ਸਿੱਖਿਆ

"ਹਿੰਦੁਸਤਾਨ ਵਿਚ ਹਥਿਆਰਬੰਦ ਬਗ਼ਾਵਤ ਦਾ ਨਾਅਰਾ ਤਾਂ ਗ਼ਦਰ ਅਖ਼ਬਾਰ ਵਿਚ ਦਿੱਤਾ ਜਾ ਚੁੱਕਾ ਸੀ ਪਰ ਹਥਿਆਰ ਕਿੱਥੇ ਤੇ ਕਿਵੇਂ ਬਣਨਗੇ ਅਤੇ ਕਿੱਥੇ ਇੱਕਠੇ ਕੀਤੇ ਜਾਣਗੇ, ਇਹੋ ਜਿਹੀਆਂ ਗੱਲਾਂ ਤਾਂ ਅਖ਼ਬਾਰ ਵਿਚ ਨਹੀਂ ਸੀ ਲਿਖੀਆਂ ਜਾ ਸਕਦੀਆਂ। ਇਹ ਕੰਮ ਜਨਰਲ ਸਕੱਤਰ ਅਤੇ ਕਾਰਜਕਾਰਨੀ ਦੇ ਕੁਝ ਮੈਂਬਰਾਂ ਦੇ ਜ਼ੁੰਮੇ ਲਾਇਆ ਗਿਆ ਸੀ। ਅੰਗਰੇਜ਼ਾਂ ਅਤੇ ਜਰਮਨੀ ਦੀ ਦੁਸ਼ਮਨੀ ਕਰਕੇ ਪਾਰਟੀ ਦੇ ਜਨਰਲ ਸਕੱਤਰ ਦੇ ਸੰਬੰਧ ਸਾਨਫਰਾਂਸਿਸਕੋ ਸਥਿਤ ਜਰਮਨ ਰਾਜਦੂਤ ਨਾਲ ਕਾਇਮ ਕੀਤੇ ਗਏ ਸਨ। ਮਕਸਦ ਉਸ ਤੋਂ ਕਿਸੇ ਨਾ ਕਿਸੇ ਕਿਸਮ ਦੀ ਮਦਦ ਪ੍ਰਾਪਤ ਕਰਨਾ ਸੀ। ਜਰਮਨ ਰਾਜਦੂਤ ਵੀ ਇਸ ਕੰਮ ਵਿਚ ਦਿਲਚਸਪੀ ਲੈਂਦਾ ਸੀ। ਉਸ ਸਮੇਂ ਹਥਿਆਰਬੰਦੀ ਦੇ ਸਿਲਸਿਲੇ ਵਿਚ ਹਵਾਈ ਜਹਾਜ਼ ਦਾ ਕੰਮ ਵੀ ਸ਼ਾਮਿਲ ਹੋ ਗਿਆ ਸੀ। ਅਮਰੀਕਾ ਅੰਦਰ ਅੰਗਰੇਜ਼ਾਂ ਵਿਰੁੱਧ ਹਥਿਆਰ ਇੱਕਤਰ ਕਰਨ ਦਾ ਕੰਮ ਨਹੀਂ ਸੀ ਹੋ ਸਕਦਾ। ਹਥਿਆਰਾਂ ਲਈ ਅੰਗਰੇਜ਼ਾਂ ਦੇ ਕਿਸੇ ਦੁਸ਼ਮਨ ਮੁਲਕ ਵਿਚ ਹੀ ਪ੍ਰਬੰਧ ਹੋ ਸਕਦਾ ਸੀ। ਪਰ ਹਵਾਈ ਜਹਾਜ਼ ਸਿੱਖਣ ਦੀ ਅਮਰੀਕਾ ਵਿਚ ਮਨਾਹੀ ਨਹੀਂ ਸੀ। ਇਸ ਲਈ ਕਾਰਜਕਾਰਨੀ ਨੇ ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਦਾ ਕੰਮ ਸਿਖਾਉਣ ਲਈ ਫਰਾਂਸਿਸਕੋ ਦੇ ਨੇੜੇ ਹੀ ਇਕ ਜਹਾਜੀ ਫੈਕਟਰੀ ਵਿਚ ਭੇਜ ਦਿੱਤਾ। ਕਰਤਾਰ ਸਿੰਘ ਸਰਾਭਾ ਦੇ ਚਲੇ ਜਾਣ ਮਗਰੋਂ ਸੰਪਾਦਕ ਦੀ ਡਿਊਟੀ ਦੇ ਨਾਲ ਹੀ ਗੁਰਮੁਖੀ ਅਖ਼ਬਾਰ ਦੀ ਛਪਵਾਈ ਦਾ ਕੰਮ ਵੀ ਮੇਰੇ ਜ਼ੁੰਮੇ ਲੱਗ ਗਿਆ ਜਿਹੜਾ ਪਹਿਲਾਂ ਕਰਤਾਰ ਸਿੰਘ ਕਰਿਆ ਕਰਦਾ ਸੀ। ਉਸ ਵੇਲੇ ਅਖ਼ਬਾਰ ਵਾਸਤੇ ਲੇਖ ਤਾਂ ਪੰਡਤ ਰਾਮਚੰਦਰ ਪਸ਼ਾਵਰੀ ਹੀ ਲਿੱਖ ਦਿਆ ਕਰਦੇ ਸਨ ਜੋ ਸੰਪਾਦਕੀ ਬੋਰਡ ਦੇ ਮੈਂਬਰ ਵੀ ਸਨ ਅਤੇ ਆਪਣੀ ਔਰਤ ਸਮੇਤ ਉਥੇ ਰਹਿੰਦੇ ਸਨ। ਉਨ੍ਹਾਂ ਦੋਹਾਂ ਦੇ ਗੁਜਾਰੇ ਵਾਸਤੇ ਖਰਚ ਪਾਰਟੀ ਫੰਡ 'ਚੋਂ ਹੁੰਦਾ ਸੀ। ਮੈਨੂੰ ਕੇਵਲ ਸੰਪਾਦਕ ਦੀ ਕਾਨੂੰਨੀ ਡਿਊਟੀ ਹੀ ਨਿਭਾਉਣੀ ਪੈਂਦੀ ਸੀ। ਗੁਰਮੁਖੀ ਅਖ਼ਬਾਰ

ਵਾਸਤੇ ਕਵਿਤਾ ਲਿਖਣ ਦਾ ਕੰਮ ਵੀ ਮੇਰੇ ਜ਼ੁੰਮੇ ਸੀ। ਉਰਦੂ ਅਖ਼ਬਾਰ ਵਾਸਤੇ ਰਾਜਸੀ ਕਵਿਤਾ ਹੁਣ ਪੰਡਤ ਜਗਤ ਰਾਮ ਲਿਖ ਦਿੰਦੇ ਸਨ....."

"......ਉਧਰ ਕਰਤਾਰ ਸਿੰਘ ਸਰਾਭਾ ਜੰਗ ਛਿੜਨ ਕਰਕੇ ਹਵਾਈ ਜਹਾਜ਼ ਚਲਾਉਣਾ ਸਿੱਖਣ ਦਾ ਕੰਮ ਅਧੂਰਾ ਛੱਡ ਕੇ ਹੀ ਚਲਾ ਆਇਆ ਸੀ। ਉਹ ਰਘੁਬੀਰ ਦਿਆਲ ਗੁਪਤਾ, ਅਮਰੀਕੀ ਇਨਕਲਾਬੀ ਗੋਰਾ ਜੈਕ ਅਤੇ ਆਪਣੇ ਦੋ ਤਿੰਨ ਪੰਜਾਬੀ ਮਿੱਤਰਾਂ ਨੂੰ ਨਾਲ ਲੈ ਕੇ ਪਾਰਟੀ ਫੈਸਲੇ ਦੀ ਉਡੀਕ ਕੀਤੇ ਬਿਨਾਂ ਹੀ ਹਿੰਦੁਸਤਾਨ ਨੂੰ ਚੱਲ ਪਿਆ ਸੀ। ਇਹ ਜੱਥਾ ਕੋਲੰਬੋ ਦੇ ਰਾਹ ਹਿੰਦੁਸਤਾਨ ਦਾਖਲ ਹੋਇਆ ਸੀ। ਅਮਰੀਕਨ ਗੋਰੇ ਪਾਸ ਪਾਸਪੋਰਟ ਨਾ ਹੋਣ ਕਰਕੇ ਉਸ ਨੂੰ ਵਾਪਸ ਮੋੜ ਦਿੱਤਾ ਸੀ।

*– ਹਰਨਾਮ ਸਿੰਘ ਟੁੰਡੀਲਾਟ*

# ਸ਼ਹੀਦ ਸਰਾਭਾ ਵਿਰੁੱਧ ਅਦਾਲਤੀ ਫੈਸਲਾ

ਕਰਤਾਰ ਸਿੰਘ ਪੁੱਤਰ ਮੰਗਲ ਸਿੰਘ ਜੱਟ, ਪਿੰਡ ਸਰਾਭਾ, ਥਾਣਾ ਰਾਏਕੋਟ, ਜ਼ਿਲ੍ਹਾ-ਲੁਧਿਆਣਾ।

ਇਹ ਮੁਲਜ਼ਮ, ਜਿਸ ਨੇ ਆਪਣੇ ਖ਼ਿਲਾਫ਼ ਆਇਦ ਦੋਸ਼ਾਂ ਨੂੰ ਗ਼ਲਤ ਕਿਹਾ (ਪੰਨਾ-545), ਨੇ ਆਪਣੀ ਉਮਰ 18.5 ਸਾਲ ਦੱਸੀ; ਪਰ ਉਹ ਨਿਸ਼ਚੇ ਹੀ ਇਸ ਤੋਂ ਵੱਧ ਉਮਰ ਦਾ ਸੀ ਸ਼ਾਇਦ 20 ਸਾਲ ਤੋਂ ਵੱਧ ਦਾ। ਉਸ ਦੀ ਉਮਰ ਦੇ ਬਾਵਜੂਦ ਉਹ 61 ਦੋਸ਼ੀਆਂ ਵਿਚੋਂ ਸਭ ਤੋਂ ਵਧੇਰੇ ਅਹਿਮ ਸੀ; ਅਤੇ ਉਸ ਦੀ ਮਿਸਲ ਸਭ ਤੋਂ ਮੋਟੀ ਸੀ। ਵਿਹਾਰਕ ਤੌਰ ਤੇ ਅਮਰੀਕਾ, ਸਫ਼ਰ ਦੌਰਾਨ ਅਤੇ ਭਾਰਤ ਵਿਚ ਸਾਜ਼ਿਸ਼ ਦਾ ਕੋਈ ਵੀ ਅਜਿਹਾ ਹਿੱਸਾ ਨਹੀਂ ਸੀ ਜਿਸ ਵਿਚ ਇਸ ਮੁਲਜ਼ਮ ਨੇ ਕੋਈ ਭੂਮਿਕਾ ਨਾ ਨਿਭਾਈ ਹੋਵੇ। ਪੂਰੀ ਸੁਣਵਾਈ ਦੌਰਾਨ ਉਹ ਸਰਕਾਰੀ ਵਕੀਲ ਦੇ ਸਵਾਲਾਂ ਨੂੰ ਸੁਣਨ ਤੋਂ ਜਾਂ (ਇਕ ਜਾਂ ਦੋ ਸਵਾਲਾਂ ਨੂੰ ਛੱਡ ਕੇ) ਜ਼ਿਰ੍ਹਾ ਕਰਨ ਤੋਂ ਵੀ ਇਨਕਾਰੀ ਰਿਹਾ; ਭਾਵੇਂ ਉਸ ਨੇ ਦੋ ਲੰਬੇ ਬਿਆਨ ਦਿੱਤੇ (ਪੰਨੇ 443 ਅਤੇ 480)। ਉਸ ਨੇ 23 ਜਨਵਰੀ ਦੀ ਸਾਹਨੇਵਾਲ ਡਕੈਤੀ ਵਿਚ ਸ਼ਾਮਿਲ ਹੋਣਾ ਮੰਨਿਆ (ਜਿਸ ਦੌਰਾਨ ਖੁਸ਼ੀ ਰਾਮ ਦਾ ਕਤਲ ਹੋ ਗਿਆ ਸੀ ਸ਼ਹੀਦ ਸਰਾਭਾ ਵਿਰੁੱਧ ਅਦਾਲਤੀ ਫੈਸਲਾ) ਅਤੇ ਉਸ ਨੇ ਅਮਰੀਕਾ ਵਿਚ ਹਰ ਦਿਆਲ ਨਾਲ ਸਬੰਧ ਹੋਣਾ ਅਤੇ ਸਾਨਫਰਾਂਸਿਸਕੋ ਵਿਚ 'ਗ਼ਦਰ ਪ੍ਰੈੱਸ' ਵਿਚ ਆਪਣੀ ਪੁਜੀਸ਼ਨ ਹੋਣ ਬਾਰੇ ਮੰਨਿਆ।

ਉਸ ਦੇ ਖ਼ਿਲਾਫ਼ ਗਵਾਹੀਆਂ ਬੜੀਆਂ ਹੀ ਜ਼ਿਆਦਾ ਹਨ, ਪਰ ਉਸ ਨੂੰ ਇਨਸਾਫ ਮਿਲੇ ਇਸ ਖ਼ਾਤਰ ਸਾਨੂੰ ਇਨਾਂ ਦੀ ਚਰਚਾ ਵਿਸਥਾਰ ਵਿਚ ਕਰਨੀ ਚਾਹੀਦੀ ਹੈ।

ਉਸ ਦੇ ਬਿਆਨ ਮੁਤਾਬਕ ਉਹ 'ਨਿੱਪਨ ਮਾਰੂ' ਜਹਾਜ਼ ਰਾਹੀਂ ਅਮਰੀਕਾ ਤੋਂ ਤੁਰਿਆ ਅਤੇ 15 ਜਾਂ 16 ਸਤੰਬਰ ਨੂੰ ਕਿਸੇ ਹੋਰ ਜਹਾਜ ਰਾਹੀਂ ਹਾਂਗਕਾਂਗ ਤੋਂ ਕੋਲੰਬੋ ਪੁੱਜਾ, ਜਿਸ ਬਾਰੇ (ਉਸ ਦਾ ਕਹਿਣਾ ਹੈ) ਕਿ ਉਸ ਜਹਾਜ਼ ਦਾ ਨਾਂ ਚੇਤੇ ਨਹੀਂ।

ਉਸ ਦੇ ਖ਼ਿਲਾਫ਼ ਛੇ ਵਾਦਾਮਾਫ ਗਵਾਹ ਇੱਛਰ ਸਿੰਘ, ਪੁਲੀਸ ਦਾ ਜਾਸੂਸ ਅਤੇ 24 ਹੋਰ ਗਵਾਹ ਹਨ। ਸ਼ਨਾਖਤੀ ਪ੍ਰੇਡ ਵੇਲੇ ਵਾਦਾਮਾਫ਼ ਗਵਾਹ ਨਵਾਬ ਖਾਂ ਹਾਜਰ ਨਹੀਂ ਸੀ; ਪਰ 18 ਅਪ੍ਰੈਲ ਦੀ ਸ਼ਨਾਖਤੀ ਪ੍ਰੇਡ ਵਿਚ ਮੁਲਜ਼ਮ ਦੀ ਸ਼ਨਾਖਤ ਅਮਰ ਸਿੰਘ, ਮੂਲਾ ਸਿੰਘ ਤੇ ਸੁੱਚਾ ਸਿੰਘ ਨੇ ਕਰ ਲਈ ਸੀ।

ਸ਼ਨਾਖਤੀ ਪ੍ਰੇਡ ਦੌਰਾਨ ਹੀ ਉਸ ਦੀ ਸ਼ਨਾਖ਼ਤ ਗਵਾਹ ਇੱਛਰ ਸਿੰਘ, ਅਤੇ ਸਰਕਾਰੀ

ਗਵਾਹ 36, 43 ਅਤੇ 283 ਨੇ, ਅਦਾਲਤ ਵਿਚ, ਉਕਤ ਸਾਰੇ ਬੰਦਿਆਂ ਨੇ, ਵਾਦਾਮਾਫ਼ ਗਵਾਹ ਨਵਾਬ ਖਾਨ, ਅਤੇ ਸਰਕਾਰੀ ਗਵਾਹ 44, 61, 62, 63, 75, 223 ਅਤੇ ਵਿਦਿਆਰਥੀਆਂ ਨੇ, ਜਿਨ੍ਹਾਂ ਨੇ ਉਸ ਦਾ ਨਾਂ ਵੀ ਦੱਸਿਆ ਉਹ ਸਰਕਾਰੀ ਗਵਾਹ 227, 228, 230, 231 ਸਨ। ਸਰਕਾਰੀ ਗਵਾਹ 74 ਨੇ (ਆਪਣੀ ਗਵਾਹੀ ਦੇ ਬਾਵਜੂਦ ਵੀ) ਅਸਲ ਵਿਚ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਅਦਾਲਤ ਵਿਚ ਮੁਲਜ਼ਮ ਨੂੰ ਪਛਾਣ ਨਹੀਂ ਸਕਿਆ।

ਇਕਬਾਲੀ ਗਵਾਹ ਅਮਰ ਸਿੰਘ ਨੇ ਕਿਹਾ ਕਿ ਨਵੰਬਰ 1913 ਵਿਚ ਮੁਲਜ਼ਮ 'ਗ਼ਦਰ ਪ੍ਰੈੱਸ' ਦੇ ਅਮਲੇ ਵਿਚ ਸੀ, ਜਿੱਥੇ ਇਕਬਾਲੀ ਗਵਾਹ ਖੁਦ ਵੀ ਕੰਮ ਕਰਦਾ ਸੀ ਅਤੇ ਅਮਰ ਸਿੰਘ ਦੀ ਕਹਾਣੀ ਇਸ ਤਰ੍ਹਾਂ ਚੱਲਦੀ ਹੈ :

ਮੁਲਜ਼ਮ ਲਾਡੋਵਾਲ ਮੀਟਿੰਗ ਅਤੇ ਮੋਗਾ ਮੀਟਿੰਗ ਵਿਚ ਸ਼ਾਮਲ ਹੁੰਦਾ ਹੈ, ਜਿੱਥੇ ਉਹ ਮਦਦ ਕਰਨ ਲਈ ਤਿਆਰ ਹੋਣ ਵਾਸਤੇ ਮੁਲਜ਼ਮ ਗੁਜਰ ਸਿੰਘ ਦਾ ਨਾਂ ਲੈਂਦਾ ਹੈ ਅਤੇ ਇਸ ਨੁਕਤੇ ਤੇ ਨਵਾਬ ਖਾਨ ਦੀ ਤਾਈਦ ਕਰਦਾ ਹੈ। ਉਹ ਸੁਝਾਓ ਦਿੰਦਾ ਹੈ ਕਿ ਹਥਿਆਰ ਖਰੀਦਣ ਲਈ ਪੈਸਾ ਇਕੱਠਾ ਕਰਨ ਵਾਸਤੇ ਡਾਕੇ ਮਾਰੇ ਜਾਣ ਅਤੇ ਉਹ 12 ਨਵੰਬਰ ਦੀ ਫਗਵਾੜਾ ਮੀਟਿੰਗ ਬਾਰੇ ਜਗਤ ਰਾਮ ਦਾ ਸੰਦੇਸ਼ ਵੀ ਦਿੰਦਾ ਹੈ। ਫੇਰ ਉਹ ਲਾਹੌਰ ਮੁੜਦਾ ਹੈ ਜਿੱਥੇ ਉਹ ਨਕਲੀ ਨਾਂ ਨਾਲ 'ਹਿੰਦੂ ਹੋਟਲ' ਵਿਚ ਰਹਿੰਦਾ ਹੈ ਸ਼ਾਇਦ ਨੌਰੰਗ ਸਿੰਘ ਦੇ ਨਾਂ ਨਾਲ। ਉਹ ਹਥਿਆਰਾਂ ਲਈ ਕਲਕੱਤੇ ਜਾਂਦਾ ਹੈ। ਉਹ ਗਵਾਹ ਨੂੰ ਲਾਹੌਰ ਵਿਖੇ ਦੱਸਦਾ ਹੈ ਕਿ ਜਗਤ ਰਾਮ ਹਥਿਆਰ ਲੈਣ ਪੇਸ਼ਾਵਰ ਗਿਆ ਹੋਇਆ ਹੈ ਅਤੇ ਸਲਾਹ ਦਿੰਦਾ ਹੈ ਕਿ ਲਾਹੌਰ ਦਾ ਅਸਲਾਖਾਨਾ ਲੁੱਟਿਆ ਜਾਵੇ। ਮੋਗਾ ਮੀਟਿੰਗ ਵਿਚ ਉਹ ਆਪਣੀ ਯੋਜਨਾ ਨੂੰ ਸਿਰੇ ਲਾਉਣ ਲਈ ਇੰਤਜ਼ਾਮਾਂ ਦੀ ਤਫਸੀਲ ਦਿੰਦਾ ਹੈ ਅਤੇ ਬੱਦੋਵਾਲ ਮੁੱਲਾਂਪੁਰ ਮੀਟਿੰਗ ਵਿਚ ਫੈਸਲਾ ਕੀਤਾ ਜਾਂਦਾ ਹੈ ਕਿ ਲਾਹੌਰ ਛਾਉਣੀ ਵਿਚ ਬੰਦੇ ਇਕੱਠੇ ਕੀਤੇ ਜਾਣ ਅਤੇ ਇਸੇ ਮੁਲਜ਼ਮ ਨੂੰ ਟੈਲੀਗ੍ਰਾਫ ਦੀਆਂ ਤਾਰਾਂ ਕੱਟਣ ਲਈ ਔਜ਼ਾਰ ਲਿਆਉਣ ਵਾਸਤੇ ਕਿਹਾ ਜਾਂਦਾ ਹੈ।

ਇਸ ਤੋਂ ਬਾਦ ਉਹ ਲਾਹੌਰ ਵਿਚ ਗਵਾਹ ਨੂੰ ਲਾਹੌਰ ਛਾਉਣੀ ਦੀ ਯੋਜਨਾ ਅਸਫਲ ਹੋਣ ਬਾਰੇ ਦੱਸਦਾ ਹੈ ਕਿਉਂਕਿ ਉੱਥੇ ਫੌਜੀਆਂ ਦੀ ਬਦਲੀ ਹੋ ਗਈ ਸੀ; ਅਤੇ ਉਸ ਨੂੰ ਲਾਹੌਰ ਛਾਉਣੀ ਭੇਜਿਆ ਜਾਂਦਾ ਹੈ ਕਿ ਜੋ ਬੰਦੇ ਉੱਥੇ ਇਕੱਠੇ ਹੋਏ ਹੋਣ ਉਨ੍ਹਾਂ ਨੂੰ ਵਾਪਿਸ ਲੈ ਆਂਦਾ ਜਾਵੇ। ਉਹ ਗਵਾਹ ਨੂੰ ਨਵੰਬਰ ਦੇ ਅਖੀਰ ਵਿਚ ਮਿਲਦਾ ਹੈ ਅਤੇ, 30 ਨਵੰਬਰ ਦੇ ਗੇੜ ਵਿਚ ਗਵਾਹ ਉਸ ਨੂੰ ਜਲੰਧਰ ਸ਼ਹਿਰ ਦੇ ਪਲੇਟਫਾਰਮ ਤੇ ਮਿਲਦਾ ਹੈ ਜਿੱਥੇ ਉਸ ਨਾਲ ਇਕ ਬੰਗਾਲੀ ਵੀ ਸੀ। ਉੱਥੇ ਬਾਗ ਵਿਚ ਬੰਗਾਲੀ ਨਾਲ ਹਥਿਆਰਾਂ, ਬੰਬਾਂ ਤੇ ਪੈਸੇ ਬਾਰੇ ਗੱਲ ਹੁੰਦੀ ਹੈ, ਅਤੇ ਬੰਗਾਲੀ ਮੁਲਜ਼ਮ ਨੂੰ ਇਕ ਰਿਵਾਲਵਰ ਤੇ ਕੁਝ ਕਾਰਤੂਸ ਦਿੰਦਾ ਹੈ। ਇਕਬਾਲੀ ਗਵਾਹ ਮੁਲਜ਼ਮ ਨਾਲ ਇਕ ਹੋਰ ਮੀਟਿੰਗ ਬਾਰੇ ਦੱਸਦਾ ਹੈ ਅਤੇ ਨਾਲ ਹੀ ਉਸ ਨਾਲ ਮੁਲਜ਼ਮ ਨਿਧਾਨ ਸਿੰਘ ਅਤੇ ਪਿੰਗਲੇ ਸਮੇਤ ਕਪੂਰਥਲਾ ਦੀ ਮੀਟਿੰਗ ਬਾਰੇ ਦੱਸਦਾ ਹੈ ਜਿਸ

ਵਿਚ ਪਿੰਗਲੇ ਕਹਿੰਦਾ ਹੈ ਕਿ 'ਬੰਗਾਲੀ ਪਾਰਟੀ' ਦਾ ਇਕ ਬੰਗਾਲੀ ਉਨ੍ਹਾਂ ਨਾਲ ਸਹਿਯੋਗ ਕਰੇਗਾ। ਮੁਲਜ਼ਮ ਉਨ੍ਹਾਂ ਨੂੰ ਦੱਸਦਾ ਹੈ (ਪੰਨਾ 69) ਕਿ ਇਕਬਾਲੀ ਗਵਾਹ ਮੂਲਾ ਸਿੰਘ ਅਮਰੀਕਾ ਤੋਂ ਆ ਗਿਆ ਹੈ ਅਤੇ ਫੈਸਲਾ ਹੁੰਦਾ ਹੈ ਕਿ ਮੂਲਾ ਸਿੰਘ ਨੂੰ ਮਿਲਿਆ ਜਾਵੇ (ਜਿਸ ਦਾ ਪਤਾ ਮੁਲਜ਼ਮ ਨੇ ਮਾਰਫਤ ਮੁਲਜ਼ਮ ਹਰਦਿੱਤ ਸਿੰਘ ਅਤੇ ਨੌਰੰਗ ਸਿੰਘ ਦਿੱਤਾ) ਅਤੇ ਇਨਕਲਾਬ ਦੇ ਇੰਤਜ਼ਾਮਾਂ ਬਾਰੇ ਦੱਸਿਆ। ਫੇਰ ਮੁਲਜ਼ਮ ਉੱਥੋਂ ਮੁਲਜ਼ਮ ਪਰਮਾਨੰਦ II ਨਾਲ ਜਲੰਧਰ ਨੂੰ ਚਲਾ ਜਾਂਦਾ ਹੈ ਅਤੇ ਕਰੀਬ ਦਸੰਬਰ ਦੇ ਅਖੀਰ ਵੇਲੇ ਅੰਮ੍ਰਿਤਸਰ ਵਿਚ ਇਕ ਮੀਟਿੰਗ ਵਿਚ ਸ਼ਾਮਿਲ ਹੁੰਦਾ ਹੈ ਜਿਥੇ ਮਥਰਾ ਸਿੰਘ (ਢਗੋੜਾ) ਨਾਲ ਮੁਲਾਕਾਤ ਹੁੰਦੀ ਹੈ : ਅਤੇ 'ਬੰਗਾਲੀ ਪਾਰਟੀ' ਜਾਇਨ ਕਰਨ ਦਾ ਫੈਸਲਾ ਕੀਤਾ ਜਾਂਦਾ ਹੈ। ਜਨਵਰੀ ਦੇ ਮੱਧ ਵਿਚ ਮੁਲਜ਼ਮ ਬਾਬਾ ਅਟਲ ਹਾਊਸ, ਅੰਮ੍ਰਿਤਸਰ ਵਿਚ ਇਕ ਮੀਟਿੰਗ ਵਿਚ ਸ਼ਾਮਿਲ ਹੁੰਦਾ ਹੈ ਜਿੱਥੇ ਮੁਲਜ਼ਮਾਨ ਰਾਸ ਬਿਹਾਰੀ, ਪਿੰਗਲੇ, ਮਥਰਾ ਸਿੰਘ, ਰੋਆ, ਇਹ ਇਕਬਾਲੀ ਗਵਾਹ ਅਤੇ 'ਕੈਮਿਸਟ' ਵੀ ਹਾਜ਼ਰ ਸਨ, ਅਤੇ ਰਾਸ ਬਿਹਾਰੀ ਸਲਾਹ ਦਿੰਦਾ ਹੈ ਕਿ ਲਾਹੌਰ ਵਿਚ ਇਕ ਘਰ ਕਿਰਾਏ ਤੇ ਲੈ ਲਿਆ ਜਾਵੇ (ਜਿਸ ਦਾ ਪ੍ਰਬੰਧ ਕਰਨ ਲਈ ਇਸ ਇਕਬਾਲੀ ਗਵਾਹ ਅਤੇ ਮੁਲਜ਼ਮ ਰਾਮ ਸਰਨ ਦਾਸ ਨੂੰ ਭੇਜਿਆ ਗਿਆ) ਇਸ ਗਵਾਹ ਅਨੁਸਾਰ ਬਾਦ ਵਿਚ ਮੁਲਜ਼ਮ ਉਸ ਨੂੰ ਲਾਹੌਰ ਵਿਚ ਇਕ ਵਿਦਿਆਰਥੀ ਧਨਰਾਜ ਕੋਲ ਕੁਝ ਕੈਮਿਕਲ ਲੈਣ ਭੇਜਦਾ ਹੈ ਤਾਂ ਕਿ ਕੇਦਾਰ ਨਾਥ ਦਾ ਥਹੁ-ਪਤਾ ਕੱਢਿਆ ਜਾ ਸਕੇ। ਗਵਾਹ ਮੁਲਜ਼ਮ ਨੂੰ 'ਰਾਘੋ ਫਾਊਂਡਰੀ' ਦੇ ਮਾਲਕ ਬਾਰੇ ਆਪਣੇ ਸ਼ੱਕ ਨੂੰ ਦੱਸਦਾ ਹੈ ਅਤੇ ਪੇਸ਼ਕਸ਼ ਕਰਦਾ ਹੈ ਕਿ ਪੈਸੇ ਦਾ ਪ੍ਰਬੰਧ ਡਾਕੇ ਮਾਰਕੇ ਕੀਤਾ ਜਾਵੇ। ਉਹ ਹੋਰ ਸਾਜ਼ਿਸ਼ੀਆਂ ਦੀਆਂ ਮੀਟਿੰਗਾਂ ਵਿਚ ਵੀ ਸ਼ਾਮਲ ਹੁੰਦਾ ਹੈ ਅਤੇ ਡਾਕੇ ਦੀ ਕਾਰਵਾਈ ਲਈ ਭਗੌੜੇ ਰਾਮ ਰੱਖਾ ਤੇ ਹੋਰਨਾਂ ਨਾਲ ਲੁਧਿਆਣੇ ਨੂੰ ਚਲਾ ਜਾਂਦਾ ਹੈ ਅਤੇ ਹਿਰਦਾ ਰਾਮ ਵਲੋਂ ਬਣਾਏ ਬੰਬ ਵੀ ਨਾਲ ਲੈ ਜਾਂਦਾ ਹੈ। 28 ਜਨਵਰੀ ਦੇ ਗੇੜ ਵਿਚ ਉਹ ਗਹਿਣੇ ਲੈ ਕੇ (ਜੋ ਸਾਹਨੇਵਾਲ ਤੇ ਮਨਸੂਰਾਂ ਡਾਕਿਆਂ ਵਿਚ ਲੁੱਟੇ ਸਨ) ਅੰਮ੍ਰਿਤਸਰ ਮੁੜਦਾ ਹੈ ਜੋ ਪੰਘਰਾਉਣ ਲਈ ਮੂਲਾ ਸਿੰਘ ਇਕਬਾਲੀ ਗਵਾਹ ਨੂੰ ਦੇ ਦਿੱਤੇ ਜਾਂਦੇ ਹਨ।

ਉਹ ਮੁਲਜ਼ਮ ਕਿਰਪਾਲ ਸਿੰਘ ਵਿਦਿਆਰਥੀ ਦੀ ਮੁਲਾਕਾਤ ਆਪਣੇ ਵਿਚੋਂ ਇਕ ਦੱਸ ਕੇ ਕਰਵਾਉਂਦਾ ਹੈ। 15 ਫਰਵਰੀ ਨੂੰ ਅਸੀਂ ਉਸ ਨੂੰ ਰਾਸ ਬਿਹਾਰੀ, ਪਿੰਗਲੇ ਅਤੇ ਹੋਰਨਾਂ ਨਾਲ ਮਕਾਨ ਨੰ: 2 ਲਾਹੌਰ ਵਿਚ ਮਿਲੇ ਜਿੱਥੇ ਉਹ 'ਗਦਰ ਦੀ ਗੂੰਜ' ਬਾਰੇ ਲਿਖਣ ਵਿਚ ਰੁੱਝੇ ਹੋਏ ਸਨ (ਜਾਸੂਸ ਦੇ ਬਿਆਨ ਨਾਲ ਮੇਲੋ) ਅਤੇ ਉਸੇ ਸ਼ਾਮ ਨੂੰ ਉਹ ਝੰਡਿਆਂ ਲਈ ਰੰਗਦਾਰ ਕੱਪੜੇ ਲਿਆਉਂਦਾ ਹੈ। 16 ਫਰਵਰੀ ਨੂੰ ਉਹ ਸਾਜ਼ਿਸ਼ੀਆਂ ਦੀ ਇਕ ਮੀਟਿੰਗ ਵਿਚ ਮਕਾਨ ਨੰ: 1 ਵਿਚ ਸ਼ਾਮਿਲ ਹੁੰਦਾ ਹੈ, 16 ਫਰਵਰੀ ਦੀ ਸ਼ਾਮ ਉਸ ਨੂੰ ਪਿੰਗਲੇ ਨਾਲ ਲੁਧਿਆਣਾ ਤੇ ਫ਼ਿਰੋਜ਼ਪੁਰ ਭੇਜਿਆ ਜਾਂਦਾ ਹੈ ਅਤੇ ਉਸ ਦੇ ਹੱਥ ਝੰਡੇ ਅਤੇ 'ਗਦਰ ਦੀ ਗੂੰਜ' ਦੀਆਂ ਕਾਪੀਆਂ ਭੇਜੀਆਂ ਜਾਂਦੀਆਂ ਹਨ ਤਾਂ ਕਿ ਬੰਦੇ ਇਕੱਠੇ ਕੀਤੇ ਜਾਣ ਤੇ ਫੌਜਾਂ ਨੂੰ ਤੁੱਖਣਾ ਦੇ ਕੇ ਨਾਲ ਮਿਲਾਇਆ ਜਾਵੇ, ਅਤੇ ਉਹ ਇਕ ਪੁਲਿਸ ਜਾਸੂਸ ਤੇ ਸ਼ੱਕ ਪੈਣ

ਕਾਰਨ 18 ਨੂੰ ਮੁੜ ਆਉਂਦਾ ਹੈ ਅਤੇ ਗਦਰ ਦੀ ਤਰੀਕ 21 ਤੋਂ 19 ਕਰਨ ਦਾ ਸੁਝਾਓ ਦਿੰਦਾ ਹੈ ਅਤੇ ਦਿਸੇ ਮੁਤਾਬਕ ਉਸ ਦੇ ਹੱਥ ਝੰਡੇ, ਗਦਰ ਸੰਦੇਸ਼ ਦੀਆਂ ਕਾਪੀਆਂ, ਫਾਈਲਾਂ ਅਤੇ ਪਲਾਇਰਜ਼ ਦੇ ਕੇ ਉਸ ਨੂੰ ਫਿਰੋਜ਼ਪੁਰ ਭੇਜਿਆ ਜਾਂਦਾ ਹੈ (ਸਰਕਾਰੀ ਗਵਾਹ 385 ਦੀ ਗਵਾਹੀ ਨਾਲ ਮੇਲੋ)।

ਅਸੀਂ ਕਿਹਾ ਹੈ ਕਿ ਜਿਰ੍ਹਾ ਵਿਚ ਇਕ ਵੀ ਸਵਾਲ ਨਹੀਂ ਪੁੱਛਿਆ ਗਿਆ ; ਅਤੇ ਅਮਰ ਸਿੰਘ ਨੇ ਇਸ ਤਰ੍ਹਾਂ ਦਾ ਵਿਸਤ੍ਰਿਤ ਬਿਆਨ ਕਿੱਥੋਂ ਲੱਭ ਲੈਣਾ ਸੀ ? ਜਿਵੇਂ ਜਿਵੇਂ ਅਸੀਂ ਚਲਾਂਗੇ ਇਸ ਗੁਨਾਹ ਨੂੰ ਸਾਬਿਤ ਕਰਨ ਵਾਲੇ ਸਬੂਤ ਸਪਸ਼ਟ ਹੁੰਦੇ ਜਾਣਗੇ।

ਇਕਬਾਲੀ ਗਵਾਹ ਮੂਲਾ ਸਿੰਘ, ਜਿਸ ਦਾ ਕਹਿਣਾ ਹੈ ਕਿ ਮੁਲਜ਼ਮ 'ਗਦਰ ਪ੍ਰੈਸ' ਦੇ ਅਮਲੇ ਵਿਚ ਸੀ, ਦੱਸਦਾ ਹੈ ਕਿ ਦਸੰਬਰ ਦੇ ਸ਼ੁਰੂ ਵਿਚ ਉਸ ਨੇ ਮੁਲਜ਼ਮ ਭਾਈ ਪਰਮਾਨੰਦ ਤੋਂ ਮੁਲਜ਼ਮ ਦਾ ਪਤਾ ਜਾਣਨਾ ਚਾਹਿਆ। ਉਸ ਨੂੰ ਮੁਲਜ਼ਮ ਜਗਤ ਸਿੰਘ ਸੁਰ ਸਿੰਘ ਵਾਲਾ, ਤੋਂ ਪਤਾ ਲੱਗਾ ਕਿ ਇਹ ਮੁਲਜ਼ਮ ਅਤੇ ਨਿਧਾਨ ਸਿੰਘ ਕਪੂਰਥਲਾ ਗਏ ਹੋਏ ਹਨ ਅਤੇ ਬਾਦ ਵਿਚ ਦਸੰਬਰ ਦੇ ਅਖੀਰ ਵਿਚ ਉਹ ਉਨ੍ਹਾਂ ਨੂੰ ਅਮ੍ਰਿਤਸਰ ਵਿਚ ਮਿਲਦਾ ਹੈ ਅਤੇ ਉਸ ਨੂੰ ਪਿੰਗਲੇ, ਅਮਰ ਸਿਘ ਅਤੇ ਪਰਮਾਨੰਦ II ਦੇ ਆਉਣ ਦਾ ਪਤਾ ਲੱਗਦਾ ਹੈ। ਗਵਾਹ ਜ਼ਿਕਰ ਕਰਦਾ ਹੈ ਕਿ ਮੁਲਜ਼ਮ ਧਰਮਸਾਲਾ ਵਿਚ ਸਾਜ਼ਿਸ਼ੀਆਂ ਦੀ ਇਕ ਮੀਟਿੰਗ ਵਿਚ ਹਾਜ਼ਰ ਸੀ ਅਤੇ ਉਸ ਨੇ ਦੱਸਿਆ ਕਿ ਮੁਲਜ਼ਮ ਨੇ ਸੁਝਾਇਆ ਸੀ ਕਿ ਭਾਈ ਪਰਮਾਨੰਦ ਪੈਸਾ ਦੇ ਸਕਦਾ ਹੈ। ਇਸ ਗਵਾਹ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਮੁਲਜ਼ਮ ਬੰਗਾਲ ਵਿਚੋਂ ਇਸ ਕਰਕੇ ਹਥਿਆਰ ਹਾਸਲ ਨਹੀਂ ਕਰ ਸਕਿਆ ਸੀ ਕਿਉਂਕਿ ਉਸ ਉੱਤੇ ਜਾਸੂਸ ਹੋਣ ਦਾ ਸ਼ੱਕ ਹੋ ਗਿਆ ਸੀ। ਪਰ ਉਸ ਨੇ ਗਵਾਹ ਨੂੰ ਦੱਸਿਆ ਸੀ ਕਿ ਉਸ ਨੇ ਮਾਲਵੇ ਦੇ ਆਪਣੇ ਲੋਕਾਂ ਨੂੰ 2 ਪਿਸਤੌਲ ਲਿਆ ਦਿੱਤੇ ਸਨ। ਮਥਰਾ ਸਿੰਘ ਨੇ ਬੰਬ ਬਣਾਉਣੇ ਸਨ ਅਤੇ ਕਰੀਬ ਦੋ ਕੁ ਦਿਨਾਂ ਬਾਦ ਮੁਲਜ਼ਮ ਨੇ ਗਵਾਹ ਨੂੰ ਦੱਸਿਆ ਕਿ ਮਾਲਵਾ ਖਿੱਤੇ ਦੀ ਡਕੈਤੀ ਵਿਚ 1000 ਰੁਪਏ ਮਿਲੇ ਹਨ ਅਤੇ ਉਨ੍ਹਾਂ ਵਿਚੋਂ 750 ਰੁਪਏ ਉਸ ਨੇ ਆਪਣੇ ਬੰਦਿਆਂ ਨੂੰ ਦੇ ਦਿੱਤੇ ਤਾਂ ਕਿ ਬੀਕਾਨੇਰ ਤੋਂ ਹਥਿਆਰ ਅਤੇ ਜਾਨਵਰ ਖਰੀਦ ਲੈਣ ਅਤੇ ਉਸ ਨੇ ਬਕਾਇਆ 250 ਰੁਪਏ ਗਵਾਹ ਨੂੰ ਦੇ ਦਿੱਤੇ ਜਿਨ੍ਹਾਂ ਵਿਚ 150 ਰੁਪਏ ਜੁਬੇਵਾਲ ਵਿਚ ਮਥਰਾ ਸਿੰਘ, ਨਿਧਾਨ ਸਿੰਘ ਅਤੇ ਪਰਮਾਨੰਦ II ਨੂੰ ਬੰਬ ਬਣਾਉਣ ਲਈ ਦੇ ਦਿੱਤੇ ਗਏ। ਫੇਰ ਮੁਲਜ਼ਮ ਨੂੰ ਫੌਜੀਆਂ ਨੂੰ ਪੱਕਾ ਕਰਨ ਲਈ ਫਿਰੋਜ਼ਪੁਰ ਭੇਜਿਆ ਜਾਂਦਾ ਹੈ, ਅਤੇ ਉਹ 10 ਜਨਵਰੀ ਨੂੰ ਇਸ ਸੂਚਨਾ ਨਾਲ ਮੁੜਦਾ ਹੈ ਕਿ ਜੇ ਮਿਤੀ ਨਿਸ਼ਚਿਤ ਹੋ ਜਾਂਦੀ ਹੈ ਤਾਂ ਫਿਰੋਜ਼ਪੁਰ ਦੇ ਫੌਜੀ ਉਨ੍ਹਾਂ ਦਾ ਸਾਥ ਦੇਣਗੇ। ਤੇ ਫੇਰ ਉਸ ਨੂੰ ਲੁਧਿਆਣੇ ਭੇਜਿਆ ਜਾਂਦਾ ਹੈ। ਫੇਰ ਉਸ ਨੂੰ ਮੁਲਜ਼ਮ ਲਾਲ ਸਿੰਘ ਲਈ ਆਰੀ ਲੈਣ ਵਾਸਤੇ ਲਾਹੌਰ ਭੇਜਿਆ ਜਾਂਦਾ ਹੈ ਅਤੇ 2 ਪਿਸਤੌਲ ਲਿਆਉਣ ਲਈ ਲੁਧਿਆਣੇ, 11 ਜਨਵਰੀ ਦੇ ਗੇੜ ਵਿਚ ਉਹ ਨਾਨਕ ਸਿੰਘ ਦੇ ਚੁਬਾਰੇ ਵਿਚ ਅੰਮ੍ਰਿਤਸਰ ਵਿਖੇ ਗਵਾਹ ਨੂੰ ਮਿਲਦਾ ਹੈ (ਇਸ ਤਰੀਕ ਅਤੇ ਥਾਂ ਦਾ ਜ਼ਿਕਰ ਫੈਸਲੇ ਵਿਚ ਵਾਰ ਵਾਰ ਆਉਂਦਾ ਹੈ) ; ਅਤੇ ਗਵਾਹ ਨੂੰ ਦੱਸਦਾ ਹੈ ਕਿ ਉਹ ਇਕ ਪਿਸਤੌਲ ਤੇ

ਕਾਰਤੂਸ ਲੈ ਕੇ ਆਇਆ ਹੈ ਜੋ ਉਹ ਗਵਾਹ ਕੋਲ ਛੱਡ ਜਾਂਦਾ ਹੈ ਅਤੇ ਫੇਰ ਉਹ ਆਪਣੇ ਫੌਜੀ ਹਮਾਇਤੀਆਂ ਨੂੰ ਮਿਲਣ ਲਈ ਫਿਰੋਜ਼ਪੁਰ ਦੀਆਂ ਰਜਮੈਂਟਾਂ ਵਿਚ ਚਲਾ ਜਾਂਦਾ ਹੈ। ਜਨਵਰੀ ਦੇ ਮੱਧ ਵਿਚ ਉਹ 'ਭਰੋਸੇਯੋਗ ਲੋਕਾਂ' ਦਾ ਵੇਰਵਾ ਲੈ ਕੇ ਵਾਪਸ ਪਰਤਦਾ ਹੈ, ਅਤੇ ਮੁਸੰਮਤ ਅਤਰੀ ਦੇ ਘਰ ਦੀ ਚੋਣ ਨੂੰ ਮਨਜ਼ੂਰੀ ਦਿੰਦਾ ਹੈ। ਫੇਰ ਉਹ ਮੁਲਜ਼ਮ ਹਰਨਾਮ ਸਿੰਘ ਸ਼ਾਲੇਟ, ਬਲਵੰਤ ਸਿੰਘ ਸਤਿਆਬਲੋ ਅਤੇ ਹੋਰਨਾਂ ਨਾਲ ਲੋਹੀਆਂ ਵਾਲੇ ਪਾਸੇ ਇਕ ਡਕੈਤੀ ਲਈ ਚਲਾ ਜਾਂਦਾ ਹੈ ਅਤੇ ਨਾਲ 4 ਬੰਬ, ਇਕ ਰਿਵਾਲਵਰ ਤੇ ਇਕ ਆਟੋਮੈਟਿਕ ਪਿਸਤੌਲ ਲੈ ਜਾਂਦਾ ਹੈ। 15 ਤੋਂ 30 ਜਨਵਰੀ ਦੌਰਾਨ ਉਹ ਵੀ ਉਨ੍ਹਾਂ ਵਿਚੋਂ ਇਕ ਹੁੰਦਾ ਹੈ ਜੋ ਅਮ੍ਰਿਤਸਰ ਵਿਚ ਇਸ ਗਵਾਹ ਦੇ ਘਰ ਰਾਸ ਬਿਹਾਰੀ ਨੂੰ ਮਿਲਣ ਆਉਂਦੇ ਹਨ, ਅਤੇ ਫਰਵਰੀ ਦੇ ਸ਼ੁਰੂ ਵਿਚ (ਅਮਰ ਸਿੰਘ ਇਕਬਾਲੀ ਗਵਾਹ ਇਹ ਤਰੀਕ 28 ਜਨਵਰੀ ਦੱਸਦਾ ਹੈ) ਉਹ ਮਨਸੂਰਾਂ ਡਕੈਤੀ ਦੇ ਜ਼ੇਵਰ ਗਵਾਹ ਨੂੰ ਪੰਘਰਾਉਣ ਲਈ ਦਿੰਦਾ ਹੈ ਅਤੇ ਉਦੋਂ ਮੌਕੇ ਤੇ ਹਾਜ਼ਰ ਹੁੰਦਾ ਹੈ ਜਦੋਂ ਬਿਲੇ ਲਾਉਣ ਲਈ ਸੋਨੇ ਦੀਆਂ ਸਲਾਖਾਂ ਅਮਰ ਸਿੰਘ ਨੂੰ ਦਿੱਤੀਆਂ ਜਾਂਦੀਆਂ ਹਨ। ਮਨਸੂਰਾਂ ਡਕੈਤੀ ਤੋਂ ਮੁਲਜ਼ਮ ਕੰਨ ਵਿਚ ਜ਼ਖ਼ਮ ਲੈ ਕੇ ਮੁੜਦਾ ਹੈ, ਅਤੇ ਦੱਸਦਾ ਹੈ ਕਿ ਕੁਝ ਸਥਾਨਕ ਲੋਕਾਂ ਅਤੇ ਵਿਦਿਆਰਥੀਆਂ ਨੇ ਵੀ ਇਸ ਵਿਚ ਹਿੱਸਾ ਲਿਆ ਸੀ (ਮੁਲਜ਼ਮ ਕਿਰਪਾਲ ਸਿੰਘ ਇਕ ਵਿਦਿਆਰਥੀ ਹੈ)। 30 ਜਨਵਰੀ ਦੇ ਗੇੜ ਵਿਚ ਰਾਸ ਬਿਹਾਰੀ ਰਾਉ ਭਗੌੜੇ ਨੂੰ ਕਹਿੰਦਾ ਹੈ ਕਿ ਮੁਲਜ਼ਮ ਅਤੇ ਪਿੰਗਲੇ ਨੂੰ ਅਲਾਹਾਬਾਦ ਜਾਂ ਮੇਰਟ ਲੈ ਜਾ ਅਤੇ ਹਮਾਇਤੀਆਂ ਨੂੰ ਮਿਲਾ ਦੇ (ਸਰਕਾਰੀ ਗਵਾਹ 206 ਦੁਆਰਾ) ਅਤੇ ਗਵਾਹ ਮੁਲਜ਼ਮ ਨੂੰ ਖਰਚੇ ਲਈ 200 ਰੁਪਏ ਦਿੰਦਾ ਹੈ। 6 ਫਰਵਰੀ ਦੇ ਗੇੜ ਵਿਚ ਰਾਉ ਵਾਪਸ ਆਉਂਦਾ ਹੈ ਅਤੇ ਦੱਸਦਾ ਹੈ ਕਿ ਉਹ ਮੁਲਜ਼ਮ ਅਤੇ ਪਿੰਗਲੇ ਨੂੰ ਮੇਰਠ ਛੱਡ ਆਇਆ ਹੈ। 12 ਫਰਵਰੀ ਨੂੰ ਮੁਲਜ਼ਮ ਲਾਹੌਰ ਵਿਚ ਰਾਸ ਬਿਹਾਰੀ ਦੇ ਘਰ ਇਕ ਮੀਟਿੰਗ ਵਿਚ ਹਾਜ਼ਰ ਹੁੰਦਾ ਹੈ ਜਦੋਂ ਗ਼ਦਰ ਦੀ ਮਿਤੀ 21 ਫਰਵਰੀ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਫੈਸ਼ਲਾ ਕੀਤਾ ਜਾਂਦਾ ਹੈ ਕਿ ਸਾਡਾ ਰਾਸ਼ਟਰੀ ਝੰਡਾ ਵੀ ਹੋਣਾ ਚਾਹੀਦਾ ਹੈ।

ਇਕਬਾਲੀ ਗਵਾਹ ਜਵਾਲਾ ਸਿੰਘ 23 ਨਵੰਬਰ ਦੇ ਗੇੜ ਵਿਚ ਬੱਦੋਵਾਲ ਮਿਲਦਾ ਹੈ ਅਤੇ 25 ਨਵੰਬਰ ਨੂੰ ਲਾਹੌਰ ਛਾਉਣੀ ਦੇ ਅਸਲਾਖਾਨੇ ਤੇ ਹਮਲਾ ਕਰਨ ਲਈ ਨਿਧਾਨ ਸਿੰਘ ਉਸ ਨੂੰ ਮੁਲਜ਼ਮ ਦੇ ਨਾਂ ਇਕ ਚਿੱਠੀ ਦਿੰਦਾ ਹੈ : ਪਰ ਇਕੱਠੇ ਹੋਏ ਲੋਕ ਫਿਰੋਜ਼ਪੁਰ ਚਲੇ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਅਗਲੇ ਦਿਨ ਨਿਧਾਨ ਸਿੰਘ ਤੋਂ ਅਸਲਾਖਾਨੇ ਦੀ ਚਾਬੀ ਲੈਣ ਵਿਚ ਅਸਫਲ ਰਹਿਣ ਬਾਰੇ ਪਤਾ ਲੱਗਦਾ ਹੈ ਅਤੇ ਉਹ ਮੁੜ 30 ਨਵੰਬਰ ਨੂੰ ਫਿਰੋਜ਼ਪੁਰ ਛਾਉਣੀ ਵਿਚ ਇਕੱਠੇ ਹੋਣ ਦਾ ਫੈਸਲਾ ਕਰਦੇ ਹਨ।

ਇਕਬਾਲੀ ਗਵਾਹ ਨਵਾਬ ਖਾਨ ਸਾਨੂੰ ਦੱਸਦਾ ਹੈ ਕਿ 1912 ਦੇ ਅੰਤ ਦੇ ਗੇੜ ਵਿਚ ਅਸਟੋਰੀਆ ਵਿਖੇ ਉਸ ਨੇ ਇਸ ਮੁਲਜ਼ਮ ਨੂੰ ਉਸ ਦੀ ਸੋਚ ਕਾਰਨ ਫੜ ਲਿਆ ਸੀ ਪਰ ਸਾਨੂੰ ਇਸ ਗੱਲ ਵਿਚ ਸ਼ੱਕ ਲੱਗਾ। ਇਹ ਇਕਬਾਲੀ ਗਵਾਹ ਇਕ ਵਹਿਮੀ ਬੰਦਾ ਹੈ; ਅਤੇ ਖਿਆਲ ਇਹ ਹੈ ਕਿ ਇਸ ਮੁਲਜ਼ਮ ਨੇ ਇਹ ਸੋਚ ਬੰਗਾਲ ਵਿਚ ਅਪਣਾਈ ਸੀ ਜਿੱਥੇ ਉਹ

ਪੜ੍ਹਿਆ ਸੀ। ਮੁਲਜ਼ਮ ਬਾਰੇ ਉਹ ਇਸ ਤਰ੍ਹਾਂ ਦੱਸਦਾ ਹੈ : 1912 ਦੇ ਅੰਤ ਦੇ ਗੇੜ ਵਿਚ ਮੁਲਜ਼ਮ ਅਸਟੋਰੀਆ ਦੀ ਇਕ ਮੀਟਿੰਗ ਵਿਚ ਬੋਲਿਆ ਜਦੋਂ 'ਹਿੰਦੁਸਤਾਨੀ ਐਸੋਸ਼ਿਏਸ਼ਨ' ਬਣੀ ਹੈ; ਅਤੇ 1913 ਦੇ ਸ਼ੁਰੂ ਵਿਚ ਉਹ ਕੈਲੀਫੋਰਨੀਆ ਚਲਾ ਗਿਆ। ਮਈ 1912 ਦੀ ਅਸਟੋਰੀਆ ਮੀਟਿੰਗ ਵਿਚ ਹਰਦਿਆਲ ਸ੍ਰੋਤਿਆਂ ਨੂੰ ਦੱਸਦਾ ਹੈ ਕਿ ਇਸ ਮੁਲਜ਼ਮ ਅਤੇ ਜਗਤ ਰਾਮ ਨੇ ਵੁਡਲੈਂਡ (ਕੈਲੀਫੋਰਨੀਆ) ਵਿਚ ਇਕ ਸਫਲ ਮੀਟਿੰਗ ਕੀਤੀ ਹੈ ਅਤੇ ਉਹ ਸੈਕਰਾਮੈਂਟੋ ਵਿਚ ਹੋਰ ਵੀ ਵੱਡੀ ਮੀਟਿੰਗ ਕਰਨ ਜਾ ਰਹੇ ਹਨ। ਜਗਤ ਰਾਮ ਵਲੋਂ ਆਯੋਜਿਤ ਕੀਤੀ ਸਟਾੱਕਟਨ ਮੀਟਿੰਗ ਵਿਚ ਮੁਲਜ਼ਮ ਵੀ ਸ਼ਾਮਲ ਹੋਇਆ ਹੈ (ਜਿੱਥੇ ਬਾਇਸਕੋਪ ਨਾਲ ਸੀਨ ਵਿਖਾਏ ਗਏ) ਅਤੇ ਇਕ ਸਪੀਚ ਕੀਤੀ ਹੈ ਅਤੇ ਮੀਟਿੰਗ ਨੂੰ ਹਰਦਿਆਲ ਤੇ ਛੱਡ ਦਿੰਦਾ ਹੈ। ਭਾਰਤ ਵਿਚ ਆਉਣ ਤੇ ਮੁਲਜ਼ਮ ਗਵਾਹ ਨੂੰ ਇਕ ਸੰਦੇਸ਼ ਭੇਜਦਾ ਹੈ ਕਿ ਉਹ ਉਸ ਨੂੰ 8 ਨਵੰਬਰ ਨੂੰ ਜਾਂ ਤਾਂ ਲੁਧਿਆਣਾ ਮਿਲੇ ਜਾ 12 ਨੂੰ ਫਗਵਾੜੇ ਦੇ ਨੇੜੇ। (ਅਮਰ ਸਿੰਘ ਅਨੁਸਾਰ) ਉਹ ਅਤੇ ਇਕਬਾਲੀ ਗਵਾਹ ਨੇ 17 ਨਵੰਬਰ ਨੂੰ ਲਾਡੋਵਾਲ ਮਿਲਣਾ ਸੀ ਜਦੋਂ ਮੁਲਜ਼ਮ ਨੂੰ ਮਾਂਝੇ ਵਿਚ ਇਕ ਤਹਿਸੀਲ ਲੁੱਟਣ ਲਈ ਕਿਹਾ ਗਿਆ, ਅਤੇ ਉਸ ਨੇ ਜਗਤ ਰਾਮ ਨੂੰ 200 ਗੰਡਾਸਿਆਂ ਲਈ ਕੁਝ ਨੋਟ ਦਿੱਤੇ। 19 ਨਵੰਬਰ ਨੂੰ ਮੋਗਾ ਵਿਖੇ ਮੁਲਜ਼ਮ ਇਸ ਗਵਾਹ ਨੂੰ ਦੱਸਦਾ ਹੈ ਕਿ ਮੁਲਜ਼ਮ ਭਾਈ ਪਰਮਾਨੰਦ ਵੀ ਲਾਹੌਰ ਛਾਉਣੀ ਤੇ ਹਮਲੇ ਦੇ ਹੱਕ ਵਿਚ ਹੈ; ਅਤੇ ਉਸ ਨੇ ਇਕ ਸਿੱਖ ਹੌਲਦਾਰ ਦੀ ਮਦਦ ਦਾ ਪ੍ਰਬੰਧ ਕਰ ਲਿਆ ਹੈ; ਅਤੇ ਮੁਲਜ਼ਮ ਗੁਜਰ ਸਿੰਘ ਮਦਦ ਲਈ ਤਿਆਰ ਹੈ। (ਮੋਲੋ ਇਹ ਕਿਵੇਂ ਅਮਰ ਸਿੰਘ ਦੇ ਬਿਆਨ ਦੀ ਤਾਈਦ ਕਰਦਾ ਹੈ)। 23 ਨਵੰਬਰ ਨੂੰ ਬੱਦੋਵਾਲ ਮਿਲਣ ਦਾ ਮੁਲਜ਼ਮ ਪ੍ਰਬੰਧ ਕਰਦਾ ਹੈ ਅਤੇ ਲਾਹੌਰ ਮੈਗਜ਼ੀਨ ਤੇ ਹਮਲਾ ਕਰਨ ਦੀ ਯੋਜਨਾ ਤਿਆਰ ਕਰਦਾ ਹੈ। ਰੇਲ ਵਿਚ ਉਹ ਇਕ ਰੰਗਰੂਟ ਪਾਰਟੀ ਨੂੰ ਸੰਬੋਧਨ ਕਰਦਾ ਹੈ (ਨਵਾਬ ਖਾਨ ਨੇ ਇਹ ਘਟਨਾ ਘੜਨ ਬਾਰੇ ਕਿਉਂ ਸੋਚਣਾ ਸੀ ?) ਅਤੇ ਉਹ ਨਿਸ਼ਚਿਤ ਮਿਤੀ ਤੇ ਬੱਦੋਵਾਲ ਸਟੇਸ਼ਨ ਪਹੁੰਚ ਜਾਂਦਾ ਹੈ। 24 ਜਾਂ 26 ਨਵੰਬਰ ਨੂੰ ਲਾਹੌਰ ਛਾਉਣੀ ਤੇ ਹਮਲਾ ਕਰਨ ਦੀ ਯੋਜਨਾ ਵਿਚਾਰੀ ਜਾਂਦੀ ਹੈ ਅਤੇ ਮੁਲਜ਼ਮ ਨਿਧਾਨ ਸਿੰਘ ਨੂੰ ਖਰਚੇ ਲਈ ਪੈਸੇ ਦਿੰਦਾ ਹੈ ਅਤੇ ਦੱਸਦਾ ਹੈ ਕਿ ਬਾਗ਼ੀ ਅਜੀਤ ਸਿੰਘ ਦੇ ਭਰਾ ਤੋਂ 1000 ਰੁਪਏ ਮਿਲੇ ਹਨ ਜਿਨ੍ਹਾਂ ਵਿਚੋਂ 500 ਉਸਨੇ ਜਗਤ ਰਾਮ ਨੂੰ ਦੇ ਦਿੱਤੇ ਹਨ। ਉਹ ਗਵਾਹ ਨੂੰ ਆਪਣੇ ਬੰਦਿਆਂ ਦੇ ਖਰਚੇ ਲਈ 100 ਰੁਪਏ ਦਿੰਦਾ ਹੈ। ਅਤੇ ਕਾਂਸ਼ੀ ਰਾਮ (ਫਿਰੋਜ਼ਪੁਰ ਦੇ ਕਾਤਲ) ਹੱਥੀਂ ਉਹ 25 ਨਵੰਬਰ ਨੂੰ ਲੁਧਿਆਣਾ ਵਿਚ ਇਸ ਇਕਬਾਲੀ ਗਵਾਹ ਨੂੰ ਸੁਨੇਹਾ ਭੇਜਦਾ ਹੈ ਕਿ ਲਾਹੌਰ ਛਾਉਣੀ ਤੇ ਹਮਲੇ ਦੀ ਯੋਜਨਾ ਅੱਗੇ ਪਾ ਦਿੱਤੀ ਗਈ ਹੈ ਅਤੇ 26 ਤਰੀਕ ਨੂੰ ਇਕ ਇਕੱਠ ਕੀਤਾ ਜਾਵੇਗਾ। 2 ਦਸੰਬਰ ਨੂੰ ਗਵਾਹ ਨੂੰ ਸੁਨੇਹਾ ਮਿਲਦਾ ਹੈ ਕਿ ਉਹ ਉਸ ਨੂੰ ਅਗਲੇ ਦਿਨ ਲੁਧਿਆਣਾ ਰੇਲਵੇ ਸਟੇਸ਼ਨ ਤੇ ਮਿਲੇ ਅਤੇ ਉਹ ਉਸ ਨਾਲ ਫਗਵਾੜੇ ਅਤੇ ਨੰਗਲ ਕਲਾਂ ਤਕ ਜਾਂਦਾ ਹੈ। ਨੰਗਲ ਕਲਾਂ ਵਿਖੇ 6 ਦਸੰਬਰ ਨੂੰ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਮੁਲਜ਼ਮ ਆਪਣੇ ਲੁਧਿਆਣੇ ਦੇ ਬੰਦਿਆਂ ਨੂੰ 10 ਦਸੰਬਰ ਨੂੰ ਫਗਵਾੜੇ ਦੇ ਨੇੜੇ ਲੈ ਆਵੇਗਾ ਅਤੇ

ਮੁਲਜ਼ਮ ਤੇ ਇਕਬਾਲੀ ਗਵਾਹ (ਜਿਸਨੂੰ ਮੁਲਜ਼ਮ ਨੇ ਇਕ ਗੰਡਾਸੀ ਦਿੱਤੀ ਸੀ) ਉਸ ਤਰੀਕ ਨੂੰ ਉੱਥੇ ਮਿਲਣਗੇ। 11 ਦਸੰਬਰ ਨੂੰ ਬੁਰੋਬਾਰੀਆਂ ਵਿਖੇ ਮੁਲਜ਼ਮ ਨੇ ਸਲਾਹ ਦਿੱਤੀ ਕਿ ਚਹੇੜੂ ਦੇ ਦੋਨੋ ਪਾਸੇ ਟੈਲੀਗ੍ਰਾਫ ਸੰਚਾਰ ਦੀਆਂ ਲਾਈਨਾਂ ਕੱਟ ਦਿੱਤੀਆਂ ਜਾਣ, ਮਿਲਟਰੀ ਪੁਲ ਗਾਰਦ ਤੇ ਹਮਲਾ ਕਰ ਦਿੱਤਾ ਜਾਵੇ। ਉਸ ਨੇ ਭੀਵਾਲ ਦੇ ਇਕ ਧਨੀ ਬ੍ਰਾਹਮਣ ਨੂੰ ਵੀ ਲੁੱਟਣ ਦੀ ਸਲਾਹ ਦਿੱਤੀ (ਜੋ ਸਰਕਾਰ ਦਾ ਹਾਮੀ ਸੀ) ਪਰ ਇਹ ਡਕੈਤੀ ਅਸਫਲ ਹੋ ਜਾਂਦੀ ਹੈ, ਅਤੇ ਫੇਰ 19 ਤਰੀਕ ਨੂੰ ਚਹੇੜੂ ਮਿਲਣ ਦਾ ਫੈਸਲਾ ਹੁੰਦਾ ਹੈ ਤਾਂਕਿ ਪੁਲ ਗਾਰਦ ਤੇ ਹਮਲਾ ਕੀਤਾ ਜਾਵੇ। 14 ਦਸੰਬਰ ਦੇ ਗੇੜ ਵਿਚ ਮੁਲਜ਼ਮ ਅਤੇ ਗਵਾਹ ਜੰਡਿਆਲੇ ਦੇ ਇਕ ਸਰਦਾਰ ਨੂੰ ਮਿਲੇ ਜਿਸ ਦਾ ਸਵਾਗਤ ਮੁਲਜ਼ਮ ਨੇ ਖੱਬੇ ਹੱਥ ਨਾਲ ਕੀਤਾ (ਇਕ ਸੰਕੇਤ ਦੇ ਤੌਰ ਤੇ) ; ਜੋ ਕੁਝ ਪੈਸੇ ਤੇ ਮੁਲਜ਼ਮ ਨੂੰ ਇਕ ਨੀਲੀ ਪਸ਼ਮੀਨੇ ਦੀ ਚਾਦਰ ਵੀ ਦਿੰਦਾ ਹੈ। ਲਾਹੌਰ ਨੂੰ ਜਾਂਦਿਆਂ ਮੁਲਜ਼ਮ ਇਸ ਇਕਬਾਲੀ ਗਵਾਹ ਨੂੰ ਦੱਸਦਾ ਹੈ ਕਿ ਉਸਦੇ ਅਮਰੀਕਾ ਵਿਚ ਹਰਦਿਆਲ ਅਤੇ 'ਗਦਰ ਪ੍ਰੈੱਸ' ਨਾਲ ਵੀ ਸਬੰਧ ਹਨ; ਕਿ ਕਿਵੇਂ ਉਹ ਜਹਾਜ਼ਰਾਨੀ ਸਿੱਖਣ ਨਿਊ ਯਾਰਕ ਗਿਆ ਅਤੇ ਕਿਵੇਂ ਉਸਨੇ ਜਹਾਜ਼ ਸਮਾਰਨਾ ਸਿੱਖਿਆ; ਤੇ ਕਿਵੇਂ ਉਹ ਭਾਰਤ ਪਰਤ ਆਇਆ ਇਕ ਭਾਰਤੀ ਅਰਾਜਕਤਾਵਾਦੀ ਗੁਪਤਾ ਅਤੇ ਇਕ ਅਮਰੀਕੀ ਅਰਾਜਕਤਾਵਾਦੀ ਜੈਕ ਨਾਲ। ਅਤੇ ਕੋਬ ਵਿਖੇ ਕਾਮਾਗਾਟਾ ਮਾਰੂ ਜਹਾਜ਼ ਤੇ ਗੁਰਦਿੱਤ ਸਿਘ ਨੂੰ ਮਿਲਿਆ। ਇਸ ਇਕਬਾਲੀ ਗਵਾਹ ਅਨੁਸਾਰ ਮੁਲਜ਼ਮ ਨੇ ਇਸੇ ਵੇਲੇ ਉਸ ਨੂੰ ਇਹ ਵੀ ਦੱਸਿਆ ਕਿ ਮੁਲਜ਼ਮ ਭਾਈ ਪਰਮਾਨੰਦ ਨੇ ਇਕ ਰਿਵਾਲਵਰ ਵੀ ਦਿੱਤਾ ਸੀ, ਅਤੇ ਇਕ ਬੰਗਾਲੀ ਤੋਂ ਹਥਿਆਰ ਲੈਣ ਲਈ ਇਕ ਚਿੱਠੀ ਅਤੇ 2000 ਰੁਪਏ ਦੇ ਕੇ ਉਸ ਨੂੰ ਕਲਕੱਤੇ ਭੇਜਿਆ ਸੀ; ਪਰ ਇਹ ਉਸ ਨੂੰ ਮਿਲ ਨਾ ਸਕੇ ਇਸ ਕਰਕੇ ਉਸਨੇ ਇਹ ਪੈਸੇ ਭਾਈ ਪਰਮਾਨੰਦ ਨੂੰ ਮੋੜ ਦਿੱਤੇ ਅਤੇ ਦੱਸਿਆ ਕਿ ਬੰਗਾਲ ਪਾਰਟੀ ਕਪੂਰਥਲਾ ਪਾਰਟੀ ਨਾਲ ਸਖ਼ਤੀ ਨਾਲ ਪੇਸ਼ ਆਈ। ਫੇਰ ਇਕ ਵਾਰੀ ਭਾਈ ਪਰਮਾਨੰਦ ਨੇ ਉਸਨੂੰ ਬਾਗ਼ੀ ਅਜੀਤ ਸਿੰਘ ਦੇ ਭਰਾ ਕਿਸ਼ਨ ਸਿੰਘ ਕੋਲ ਭੇਜਿਆ ਸੀ ਜਿਸ ਨੇ 1000 ਰੁਪਏ ਦਿੱਤੇ ਸਨ ਜਿਸ ਵਿਚੋਂ ਭਾਈ ਪਰਮਾਨੰਦ ਨੇ ਪੇਸ਼ਾਵਰ ਤੋਂ ਹਥਿਆਰ ਖਰੀਦਣ ਲਈ ਮੁਲਜ਼ਮ ਜਗਤ ਸਿੰਘ ਨੂੰ 500 ਰੁਪਏ ਦਿੱਤੇ ਸੀ। ਇਨ੍ਹਾਂ 500 ਰੁਪਿਆਂ ਬਾਰੇ ਗਵਾਹਾਂ ਦੇ ਦਿਮਾਗ ਵਿਚ ਕੁਝ ਦੁਚਿੱਤੀ ਜਾਪਦੀ ਹੈ; ਪਰ ਇਹ ਨਹੀਂ ਪਤਾ ਲੱਗਦਾ ਕਿ ਇਸ ਵਿਚ ਅਸਲੋਂ ਕੋਈ ਘਾਟ ਹੈ, (ਜ਼ਿਰ੍ਹਾ ਦਾ ਪੰਨਾ 136 ਤੇ 144) 17 ਦਸੰਬਰ ਨੂੰ ਮੁਲਜ਼ਮ ਗਵਾਹ ਨੂੰ ਕੁੱਪ ਰੇਲਵੇ ਸਟੇਸ਼ਨ ਤੇ ਮੌਜੂਦ ਰਹਿਣ ਲਈ ਕਹਿੰਦਾ ਹੈ ਅਤੇ 19 ਨੂੰ ਮਿਲਟਰੀ ਪੁਲ ਗਾਰਦ ਤੇ ਕਈ ਹਮਲਿਆਂ ਦੀ ਯੋਜਨਾ ਬਣਾਉਂਦਾ ਹੈ ਅਤੇ ਖੁਦ ਉਹ ਅਮਰ ਸਿੰਘ ਅਤੇ ਹੋਰਨਾਂ ਨਾਲ ਬਈਂ ਸਰਫਲ ਗਾਰਦ ਤੇ ਹਮਲਾ ਕਰਨ ਬਾਰੇ ਦੱਸਦਾ ਹੈ। ਇਕਬਾਲੀ ਗਵਾਹ ਇਹ ਕਹਿ ਕੇ ਖ਼ਤਮ ਕਰਦਾ ਹੈ ਕਿ 18 ਫਰਵਰੀ ਦੀ ਆਪਣੀ ਗੱਲਬਾਤ ਵਿਚ ਮੁਲਜ਼ਮ ਨੰਦ ਸਿੰਘ ਨੇ ਦੱਸਿਆ ਸੀ ਕਿ ਇਹ ਮੁਲਜ਼ਮ ਮਨਸੂਰਾਂ ਅਤੇ ਚੱਬਾ ਡਾਕਿਆਂ ਵਿਚ ਸ਼ਾਮਲ ਸੀ। ਨੰਦ ਸਿੰਘ ਖੁਦ ਇਨ੍ਹਾਂ ਵਿਚੋਂ ਕਿਸੇ ਡਾਕੇ ਵੇਲੇ ਨਹੀਂ ਸੀ ਅਤੇ ਹੋ ਸਕਦਾ ਹੈ ਕਿ ਅਧੂਰੀ ਜਾਣਕਾਰੀ ਨਾਲ ਗੱਲ ਕਰ

ਰਿਹਾ ਹੋਵੇ ਕਿਉਂਕਿ ਭਾਵੇਂ ਮੁਲਜ਼ਮ ਨੇ ਮਨਸੂਰਾਂ ਅਤੇ ਸਾਹਨੇਵਾਲ ਡਕੈਤੀਆਂ ਵਿਚ ਜ਼ਰੂਰ ਹਿੱਸਾ ਲਿਆ ਪਰ ਉਹ ਚੌਬਾ ਡਕੈਤੀ ਵਿਚ ਸਪਸ਼ਟ ਸ਼ਾਮਲ ਨਹੀਂ ਸੀ।

ਸਰਕਾਰੀ ਗਵਾਹ 198 ਗਵਾਹ ਇੰਛਰ ਸਿੰਘ ਨੇ ਸਿਰਫ ਇਹ ਕਿਹਾ ਕਿ ਸਾਹਨੇਵਾਲ ਅਤੇ ਮਨਸੂਰਾਂ ਡਕੈਤੀਆਂ ਵਿਚ ਅਨਾਰਕਲੀ ਦੇ ਕਤਲ ਵਿਚ ਇਹ ਮੁਲਜ਼ਮ ਲਿਪਤ ਸੀ।

ਇਕਬਾਲੀ ਗਵਾਹ ਸੁੱਚਾ ਸਿੰਘ ਇਕ ਹੋਰ ਗਵਾਹ ਹੈ ਜਿਸ ਕੋਲ ਮੁਲਜ਼ਮ ਦੇ ਖ਼ਿਲਾਫ਼ ਲੰਬੀ ਕਹਾਣੀ ਹੈ। ਮੁਲਜ਼ਮ ਸਭ ਤੋਂ ਪਹਿਲਾਂ ਉਸ ਨੂੰ ਖ਼ੁਦ ਗਵਾਹ ਦੇ ਆਪਣੇ ਬੋਰਡਿੰਗ ਹਾਊਸ ਵਿਚ ਮਿਲਦਾ ਹੈ ਅਤੇ 'ਗ਼ਦਰ ਦੀ ਗੂੰਜ' ਬਾਰੇ ਗੱਲ ਕਰਦਾ ਹੈ (ਪੰਨਾ 272) ਅਤੇ ਇਸ ਤਰ੍ਹਾਂ ਵਿਦਿਆਰਥੀ ਦੇ ਦਿਮਾਗ ਨੂੰ ਜ਼ਹਿਰੀਲਾ ਬਣਾਉਂਦਾ ਹੈ। ਇਹ ਇਕਬਾਲੀ ਗਵਾਹ ਦੱਸਦਾ ਹੈ ਕਿ ਮੁਲਜ਼ਮ ਸਵੇਰੇ ਉੱਠ ਕੇ ਇਹੀ ਦੁਹਰਾਉਂਦਾ ਸੀ ਕਿ 'ਮਾਰੋ ਫ਼ਿਰੰਗੀ'। ਅਤੇ ਉਹ ਕਹਿੰਦਾ ਸੀ ਕਿ ਉਸ ਦਾ 'ਧਰਮ ਯੂਰਪੀਨਾਂ ਨੂੰ ਮਾਰਨਾ' ਹੈ। ਬੋਰਡਿੰਗ ਹਾਊਸ ਵਿਚ ਗਵਾਹ ਕੋਲ ਹਮੇਸ਼ਾ ਮੁਲਜ਼ਮ ਹਰਨਾਮ ਸਿੰਘ ਆਉਂਦਾ ਰਹਿੰਦਾ ਸੀ ਅਤੇ ਉਹ ਇਕ ਚਰਚਾ ਬਾਰੇ ਦੱਸਦਾ ਹੈ ਜੋ ਮੁਲਜ਼ਮ ਅਤੇ ਸ਼ਾਮ ਲਾਲ (ਪਿੰਗਲੇ) ਵਿਚਕਾਰ ਬੰਬਾ ਬਾਰੇ ਸੀ। ਮੁਲਜ਼ਮ ਗਵਾਹ ਨੂੰ ਇਕ ਸ਼ਿਆਹੀ ਦੀ ਦਵਾਤ ਦਾ ਬੰਬ ਦਿਖਾਉਂਦਾ ਹੈ ਅਤੇ ਰਾਮ ਰੱਖਾ ਭਰੌੜੇ ਦਾ ਰਿਵਾਲਵਰ ਵੀ; ਸਾਹਨੇਵਾਲ ਦੇ ਡਾਕੇ ਲਈ ਬੰਦੇ ਇਕੱਠੇ ਕਰਦਾ ਹੈ ਅਤੇ ਉੱਥੋਂ ਵਾਪਸੀ ਤੇ ਯਾਦ ਲਈ ਇਕ ਕਲਮਾ ਰੁਪਈਆ (ਐਗਜ਼ੀਬਿਟ ਪੰਨਾ 239) ਦਿੰਦਾ ਹੈ (ਅਨੁਸਾਰ ਸਰਕਾਰੀ ਗਵਾਹ. 215 ਅਤੇ 231 ਇਹ ਰੁਪਈਆ ਸੀ)

ਮੁਲਜ਼ਮ ਗਵਾਹ ਨੂੰ ਸਾਹਨੇਵਾਲ ਦੀ ਡਕੈਤੀ ਦੀ ਖ਼ਬਰ ਵਾਲੇ ਅਖ਼ਬਾਰ ਲੈਣ ਭੇਜਦਾ ਹੈ। ਮੁਲਜ਼ਮ ਮਨਸੂਰਾਂ ਡਕੈਤੀ ਵਿਚ ਹਿੱਸਾ ਲੈਂਦਾ ਹੈ, ਉਸ ਕੋਲ ਰਿਵਾਲਵਰ ਹੁੰਦਾ ਹੈ ਅਤੇ ਇੱਥੋਂ ਉਹ ਜੇਵਰ ਲੈ ਕੇ ਆਉਂਦਾ ਹੈ (ਇਸ ਤੱਥ ਨੂੰ ਅਮਰ ਸਿੰਘ ਤੇ ਮੂਲਾ ਸਿੰਘ ਹੋਰ ਮਜ਼ਬੂਤ ਕਰਦੇ ਹਨ) ਇਕ ਫਰਵਰੀ ਦੇ ਰੋੜ ਵਿਚ ਮੁਲਜ਼ਮ ਗਵਾਹ ਨੂੰ ਇਕ ਚਿੱਠੀ ਭੇਜਦਾ ਹੈ ਕਿ ਇਕ ਜਿੰਮੇਵਾਰੀ ਦਾ ਕੰਮ ਕਰਨ ਲਈ ਲੁਧਿਆਣਾ ਛੱਡ ਦੇਵਾਂ, ਅਤੇ 2 ਫਰਵਰੀ ਨੂੰ ਉਹ ਅਮ੍ਰਿਤਸਰ ਵਿਚ ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿਚ ਲੈ ਜਾਂਦਾ ਹੈ, ਅਤੇ ਫੇਰ ਬਾਬਾ ਅਟਲ ਹਾਊਸ ਵਿਚ ਜਿਥੇ ਉਹ ਉਹਨੂੰ ਰਾਸ ਬਿਹਾਰੀ ਬੋਸ ਨੂੰ ਮਿਲਾਉਂਦਾ ਹੈ। ਮੁਲਜ਼ਮ ਅਨਾਰਕਲੀ ਦੇ ਕਾਤਲ ਨੂੰ ਕਹਿੰਦਾ ਹੈ ਕਿ 10 ਫਰਵਰੀ ਤਕ ਉਹ ਰਿਵਾਲਵਰ ਦੇ ਕਾਰਤੂਸ ਹਾਸਲ ਕਰ ਲਵੇ ਅਤੇ ਲੁਧਿਆਣਾ ਜਾਣ ਲਈ ਰੇਲ ਫੜਨ ਵੇਲੇ ਗਵਾਹ ਨਾਲ ਸਟੇਸ਼ਨ ਜਾਂਦੇ ਹੋਏ ਇਕ ਬੰਦੇ ਨੂੰ ਕਹਿੰਦਾ ਹੈ (ਲੱਗਦਾ ਹੈ ਉਹ ਮੁਲਜ਼ਮ ਹਿਰਦਾ ਰਾਮ ਸੀ) ਕਿ 4 ਦਵਾਤ ਬੰਬ ਬਣਾ ਲਵੇ। 3 ਫਰਵਰੀ ਦੀ ਸਵੇਰ ਮੁਲਜ਼ਮ ਅਤੇ ਗਵਾਹ ਮੇਰਠ ਪੁੱਜਦੇ ਹਨ (ਮੂਲਾ ਸਿੰਘ ਇਕਬਾਲੀ ਗਵਾਹ ਅਤੇ ਸਰਕਾਰੀ ਗਵਾਹ. 206 ਨੂੰ ਮੇਲੋ) ਅਤੇ ਮੁਲਜ਼ਮ ਪਿੰਗਲੇ ਸਮੇਤ ਉੱਥੇ ਫੌਜੀਆਂ ਨੂੰ ਸ਼ਹਿ ਦੇਣ ਲਈ ਤੁਰ ਜਾਂਦੇ ਹਨ। 5, 6 ਅਤੇ 7 ਨੂੰ ਇਹ ਤਿੰਨੇ ਆਗਰਾ, ਕਾਨਪੁਰ ਅਤੇ ਅਲਾਹਾਬਾਦ ਵਿਚ ਉਹੀ ਦਾਅਪੇਚ ਅਜ਼ਮਾਉਂਦੇ ਹਨ ਅਤੇ 7 ਤਰੀਕ ਸ਼ਾਮ ਨੂੰ ਬਨਾਰਸ ਪਹੁੰਚ ਜਾਂਦੇ ਹਨ (ਜਿੱਥੇ ਉਹ ਰਾਓ ਨੂੰ ਮਿਲਦੇ ਹਨ)। ਉਥੇ ਉਹ

ਚੱਬਾ ਡਕੈਤੀ ਬਾਰੇ ਪਾਇਓਨੀਅਰ ਵਿਚ ਪੜ੍ਹਦੇ ਹਨ; ਮੁਲਜ਼ਮ ਦੱਸਦਾ ਹੈ ਕਿ ਇਕ ਸਿੱਖ ਗਨਰ ਮਿਲ ਸਕਦਾ ਹੈ ਅਤੇ ਫੌਜੀਆਂ ਨੂੰ ਸ਼ਹਿ ਦੇਣ ਲਈ ਹੋਰ ਯਤਨ ਕੀਤੇ ਜਾ ਸਕਦੇ ਹਨ। ਮੁਲਜ਼ਮ 'ਗ਼ਦਰ ਦੀ ਗੂੰਜ' ਦੀ ਕਾਪੀ ਦੇ ਕੇ ਗਵਾਹ ਨੂੰ ਫੈਜ਼ਾਬਾਦ ਭੇਜਦਾ ਹੈ; ਅਤੇ ਗਵਾਹ ਮੁੜ ਪਿੰਗਲੇ ਅਤੇ ਮੁਲਜ਼ਮ ਨੂੰ ਲਖਨਊ ਆ ਮਿਲਦਾ ਹੈ। 11 ਫਰਵਰੀ ਨੂੰ ਪਿੰਗਲੇ ਗਵਾਹ ਨੂੰ ਮਕਾਨ ਨੰ: 2 ਵਿਚ ਲੈ ਜਾਂਦਾ ਹੈ ਜਿਥੇ ਉਸ ਨੂੰ ਇਹ ਮੁਲਜ਼ਮ ਰਾਸ ਬਿਹਾਰੀ ਅਤੇ ਪਰਮਾਨੰਦ II ਮਿਲਦੇ ਹਨ। 13 ਫਰਵਰੀ ਨੂੰ ਗਵਾਹ ਲੁਧਿਆਣਾ ਵਿਚ ਦਲੀਪ ਸਿੰਘ ਦੇ ਘਰ ਮੁਲਜ਼ਮ ਨੂੰ ਮਿਲਦਾ ਹੈ; ਅਤੇ ਗਵਾਹ ਨੂੰ ਸਾਈਕਲ ਵਾਸਤੇ ਕਰਜ਼ਾ ਲੈਣ ਲਈ ਭੇਜਿਆ ਜਾਂਦਾ ਹੈ (ਸਰਕਾਰੀ ਗਵਾਹ. 223 ਨੂੰ ਮੇਲੋ) ; ਅਤੇ ਉਸੇ ਰਾਤ ਦੱਸਿਆ ਜਾਂਦਾ ਹੈ ਕਿ ਡੁਪਲੀਕੇਟਰ ਕਿਵੇਂ ਵਰਤਿਆ ਜਾਂਦਾ ਹੈ। 14 ਫਰਵਰੀ ਦੀ ਸਵੇਰ ਮੁਲਜ਼ਮ ਸਾਈਕਲ ਉੱਤੇ ਲੋਹਟ ਬੱਦੀ ਨੂੰ ਚਲਾ ਜਾਂਦਾ ਹੈ ਅਤੇ ਗਵਾਹ ਉਸ ਨੂੰ ਸ਼ਾਮ ਨੂੰ ਦਲੀਪ ਸਿੰਘ ਦੇ ਬੋਰਡਿੰਗ ਹਾਊਸ ਵਿਚ ਮਿਲਦਾ ਹੈ, ਉਦੋਂ ਮੁਲਜ਼ਮ ਦਲੀਪ ਸਿੰਘ ਨੂੰ ਪੁੱਛਦਾ ਹੈ ਕਿ ਕੀ ਅਜੇ ਮਨਸੂਰਾਂ ਤੋਂ ਲੁੱਟੀ ਚਾਂਦੀ ਪੰਘਰਾਈ ਨਹੀਂ ? 17 ਤਰੀਕ ਦੀ ਸਵੇਰ ਉਹ ਭਗੌੜੇ ਮੁਲਜ਼ਮ ਅਨੋਖ ਸਿੰਘ ਨਾਲ ਪੂਰਨ ਸਿੰਘ ਦੇ ਘਰ ਆਉਂਦਾ ਹੈ, ਤੇ ਗਵਾਹ ਨੂੰ ਦੱਸਦਾ ਹੈ ਕਿ ਗਦਰ ਦੀ ਤਰੀਕ 19 ਫਰਵਰੀ ਮਿੱਥੀ ਗਈ ਹੈ ਤੇ ਨਾਲ ਪਰਚੇ ਅਤੇ ਝੰਡੇ ਲਿਆਉਂਦਾ ਹੈ; ਅਤੇ ਰਾਸ ਬਿਹਾਰੀ ਤੋਂ ਹਿਦਾਇਤਾਂ ਲੈਣ ਲਈ ਗਵਾਹ ਨੂੰ ਲਾਹੌਰ ਭੇਜ ਦਿੰਦਾ ਹੈ। ਉਸੇ ਰਾਤ ਮੁਲਜ਼ਮ ਅੰਬਾਲੇ ਦੇ ਉਪਕਰਨਾਂ ਨੂੰ ਪੂਰਾ ਕਰਨ ਲਈ ਗਵਾਹ ਨੂੰ ਪਲਾਇਰਜ਼ ਵੀ ਦਿੰਦਾ ਹੈ।

ਇਸ ਮੁਲਜ਼ਮ ਦੇ ਖ਼ਿਲਾਫ਼ ਗਵਾਹਾਂ ਦੇ ਬਹੁਤ ਲੰਬੇ ਚੌੜੇ ਬਿਆਨ ਹਨ ; ਅਤੇ ਕੋਈ ਵੀ ਅਕਲਮੰਦ ਵਿਅਕਤੀ ਇਨ੍ਹਾਂ ਨੂੰ ਸੁਣਕੇ ਅੰਦਾਜ਼ਾ ਲਾ ਸਕਦਾ ਹੈ ਕਿ ਇਹ ਘੜੀਆਂ ਹੋਈਆਂ ਗੱਲਾਂ ਨਹੀਂ ਹਨ।

ਇਕਬਾਲੀ ਗਵਾਹ ਉਮਰਾਓ ਸਿੰਘ ਜੋ ਸਾਨੂੰ ਮੁਲਜ਼ਮ ਦੇ ਗ਼ਦਰ ਪ੍ਰੈਸ ਨਾਲ ਸਬੰਧਾਂ ਬਾਰੇ ਦੱਸਦਾ ਹੈ, ਕਹਿੰਦਾ ਹੈ ਕਿ ਮੁਲਜ਼ਮ ਬਲਵੰਤ ਸਿੰਘ ਨੇ ਉਸ ਨੂੰ ਸਾਹਨੇਵਾਲ ਡਕੈਤੀ ਵਿਚ ਜੋੜ ਲਿਆ; ਅਤੇ ਕਿ ਉਸਨੇ ਖੁਦ ਮੁਲਜ਼ਮ ਨੂੰ ਸੁੱਚਾ ਸਿੰਘ ਦੇ ਘਰ ਪਿਸਤੌਲ ਸਾਫ ਕਰਦੇ ਦੇਖਿਆ ਸੀ। ਗਵਾਹ ਨੇ ਖੁਦ ਵੀ ਮਨਸੂਰਾਂ ਡਕੈਤੀ ਵਿਚ ਹਿੱਸਾ ਲਿਆ ਸੀ; ਅਤੇ ਉਸ ਨੇ ਇਸ ਮੁਲਜ਼ਮ ਨੂੰ ਡਕੈਤੀ ਵਿਚ ਸ਼ਾਮਲ ਬੰਦਿਆਂ ਵਿਚ ਜੋੜ ਲਿਆ, ਜਿਸ ਕੋਲ 2 ਬੰਬ ਸਨ ਅਤੇ ਇਕ ਪਿਸਤੌਲ ਜੋ ਮੁਲਜ਼ਮ ਵਰਤਦਾ ਹੈ। ਇਹ ਇਕ ਹੋਰ ਗਵਾਹ ਹੈ ਜੋ ਇਸ ਗੁਨਾਹ ਨੂੰ ਮਜ਼ਬੂਤ ਕਰਦਾ ਹੈ ਕਿ ਮੁਲਜ਼ਮ ਨੇ ਡਕੈਤੀ ਦੇ ਮਾਲ ਵਿਚੋਂ ਸੋਨਾ ਆਪਣੇ ਕੋਲ ਰੱਖ ਲਿਆ। ਉਹ ਇਸ ਦੋਸ਼ ਨੂੰ ਵੀ ਮਜ਼ਬੂਤ ਕਰਦਾ ਹੈ ਕਿ ਮੁਲਜ਼ਮ ਵਲੋਂ ਭੇਜੀ ਗਈ ਚਿੱਠੀ ਸੁੱਚਾ ਸਿੰਘ ਨੂੰ ਫਰਵਰੀ ਦੇ ਸ਼ੁਰੂ ਵਿਚ ਮਿਲੀ, ਜਿਸ ਵਿਚ ਗਵਾਹ ਨੂੰ ਅਤੇ ਹੋਰਨਾਂ ਨੂੰ ਫੌਰਨ ਅਮ੍ਰਿਤਸਰ ਬੁਲਾਇਆ ਗਿਆ ਸੀ ਕਿਉਂਕਿ ਰਜਮੈਂਟਾਂ ਵਿਚ ਬਗਾਵਤ ਦਾ ਪ੍ਰਚਾਰ ਕਰਨ ਲਈ ਉਨ੍ਹਾਂ ਦੀ ਲੋੜ ਸੀ।

ਸਰਕਾਰੀ ਗਵਾਹ 16 (ਡਿਪਟੀ ਸੁਪਰਡੰਟ ਪੁਲੀਸ) ਦਾ ਕਹਿਣਾ ਹੈ ਕਿ ਇਕਬਾਲੀ

ਗਵਾਹ ਮੂਲਾ ਸਿੰਘ ਨੇ 12 ਤੋਂ 14 ਮਾਰਚ ਨੂੰ ਰਿਕਾਰਡ ਕਰਵਾਏ ਆਪਣੇ ਬਿਆਨ ਵਿਚ ਦੱਸਿਆ ਹੈ ਕਿ ਮੁਲਜ਼ਮ ਨਿਧਾਨ ਸਿੰਘ ਕਪੂਰਥਲੇ ਆਇਆ ਸੀ।

ਸਰਕਾਰੀ ਗਵਾਹ 17 ਨੇ (ਇੰਸਪੈਕਟਰ ਅਹਿਮਦ ਖਾਨ) ਅਮਰ ਸਿੰਘ ਇਕਬਾਲੀ ਗਵਾਹ ਦੀ ਇਸ ਗੱਲ ਦੀ ਤਸਦੀਕ ਕੀਤੀ ਕਿ ਮੁਲਜ਼ਮ ਨੌਰੰਗ ਸਿੰਘ ਦੇ ਨਾਂ ਥੱਲੇ ਹਿੰਦੂ ਹੋਟਲ, ਲਾਹੌਰ ਵਿਖੇ ਰੁਕਿਆ ਸੀ ਤੇ ਸਾਡੇ ਕੋਲ ਉਸ ਹੋਟਲ ਦਾ ਰਜਿਸਟਰ ਹੈ (ਐਗਜ਼ੀਬਿਟ ਪੀ. 128)। ਗਵਾਹ ਮੁਲਜ਼ਮ ਦੀ ਗ੍ਰਿਫ਼ਤਾਰੀ ਦੀ ਗੱਲ ਵੀ ਕਰਦਾ ਹੈ ਅਤੇ ਝੰਡਿਆਂ ਲਈ ਕੱਪੜੇ ਦੀ ਖਰੀਦ ਦਾ ਵੀ। ਸਰਕਾਰੀ ਗਵਾਹ 38 ਜਿਸ ਨੇ ਮੁਲਜ਼ਮ ਦੀ ਜੇਲ੍ਹ ਪ੍ਰੇਡ ਅਤੇ ਅਦਾਲਤ ਵਿਚ ਸ਼ਨਾਖ਼ਤ ਕੀਤੀ, ਆਪਣੀਆਂ ਕਿਤਾਬਾਂ ਤੋਂ 15 ਅਤੇ 17 ਫਰਵਰੀ ਨੂੰ ਕੱਪੜੇ ਦੀ ਵਿਕਰੀ ਸਾਬਿਤ ਕਰਦਾ ਹੈ; ਅਤੇ ਇਕ ਝੰਡੇ ਦੇ ਨੀਲੇ ਕੱਪੜੇ ਨੂੰ ਪਛਾਣ ਗਿਆ ਹੈ।

ਸਰਕਾਰੀ ਗਵਾਹ 43 ਅਤੇ 44 ਹਿੰਦੂ ਹੋਟਲ ਦਾ ਨੌਕਰ ਤੇ ਮਾਲਕ ਹਨ। ਉਨ੍ਹਾਂ ਨੇ ਮੁਲਜ਼ਮ ਨੂੰ ਨੌਰੰਗ ਸਿੰਘ ਵਜੋਂ ਪਛਾਣ ਲਿਆ ਅਤੇ ਅਸੀਂ ਦੇਖਦੇ ਹਾਂ ਕਿ ਉਹ ਹੋਟਲ ਵਿਚ 5 ਅਕਤੂਬਰ ਅਤੇ 24 ਨਵੰਬਰ, 1914 ਨੂੰ ਰੁਕਿਆ ਸੀ।

ਸਰਕਾਰੀ ਗਵਾਹ 61 (22 ਵੀਂ ਕੈਵੇਲਰੀ ਦਾ ਰਿਸਾਲਦਾਰ) ਅਤੇ ਸਰਕਾਰੀ ਗਵਾਹ 62 ਅਤੇ 63 ਨੇ ਮੁਲਜ਼ਮ ਜਗਤ ਸਿੰਘ ਅਤੇ ਹਰਨਾਮ ਸਿੰਘ, ਟੁੰਡਾ ਨਾਲ ਮੁਲਜ਼ਮ ਨੂੰ ਫੜਿਆ ਸੀ ਅਤੇ ਅਸੀਂ ਉਨ੍ਹਾਂ ਦੀ ਟਿੱਪਣੀ ਨੂੰ ਦੂਜੇ ਦੋਹਾਂ ਦੇ ਵੱਖਰੇ ਕੇਸਾਂ ਵਿਚ ਸਬੂਤ ਵਜੋਂ ਲਵਾਂਗੇ। ਸਰਕਾਰੀ ਗਵਾਹ 72, ਪੁਲੀਸ ਦਾ ਜਾਸੂਸ ਮਜ਼ਬੂਤੀ ਦੇਣ ਵਾਲਾ ਸਬੂਤ ਦਿੰਦਾ ਹੈ ਕਿ ਮੁਲਜ਼ਮ ਨੇ ਝੰਡਿਆਂ ਦਾ ਰੰਗਦਾਰ ਕੱਪੜਾ ਫਰਵਰੀ ਵਿਚ ਲਿਆਂਦਾ ਸੀ; ਅਤੇ ਉਹ ਐਗਜ਼ੀਬਿਟ ਪੀ. 24 ਏ ਦੀ ਸ਼ਨਾਖ਼ਤ ਕਰਦਾ ਹੈ। ਉਹ ਇਹ ਵੀ ਦੱਸਦਾ ਹੈ ਕਿ ਇਹ ਫੈਸਲਾ ਹੋਇਆ ਸੀ ਕਿ ਮੁਲਜ਼ਮ ਫਿਰੋਜ਼ਪੁਰ ਜਾਵੇ, ਅਤੇ ਕਹਿੰਦਾ ਹੈ ਕਿ ਮੁਲਜ਼ਮ ਉਦੋਂ ਹਾਜ਼ਰ ਸੀ ਜਦੋਂ ਉਹ (ਜਾਸੂਸ) ਪੈਸੇ, ਸਾਹਿਤ ਅਤੇ ਇਕ ਝੰਡਾ ਲੈ ਕੇ ਦੱਧਰ ਅਤੇ ਮਰਹਾਨਾ ਭੇਜਿਆ ਗਿਆ ਸੀ।

ਸਰਕਾਰੀ ਗਵਾਹ 74, (ਜੋ ਮੰਨਦਾ ਹੈ ਕਿ ਮੁਲਜ਼ਮ ਉਸ ਦੇ ਨੇੜੇ ਰਹਿੰਦਾ ਸੀ ਪਰ ਉਸ ਨੇ ਕਿਸੇ ਸਬੰਧ ਤੋਂ ਇਨਕਾਰ ਕੀਤਾ ਅਤੇ ਦੱਸਿਆ ਕਿ ਅਸਲ ਵਿਚ ਹੀ ਉਹ ਅਦਾਲਤ ਵਿਚ ਉਸ ਦੀ ਸ਼ਨਾਖ਼ਤ ਨਹੀਂ ਕਰ ਸਕਿਆ ਸੀ) ਮੰਨਦਾ ਹੈ ਕਿ ਮੁਲਜ਼ਮ ਨੇ ਉਸ ਦੇ ਪਿੰਡ ਸਿਰਫ ਇਕ ਰਾਤ ਕੱਟੀ ਸੀ ਜਦੋਂ ਉਹ ਅਜੇ ਅਮਰੀਕਾ ਤੋਂ ਮੁੜਿਆ ਹੀ ਸੀ।

ਸਰਕਾਰੀ ਗਵਾਹ 75 (ਮੁਲਜ਼ਮ ਦੇ ਪਿੰਡ ਦਾ ਲੰਬੜਦਾਰ) ਇਸ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਕਹਿੰਦਾ ਹੈ ਕਿ ਮੁਲਜ਼ਮ ਰਾਜੋਆਣਾ ਵਿਚ ਆਪਣੀ ਭੈਣ ਨੂੰ ਮਿਲਣ ਗਿਆ ਸੀ (ਜਿਸ ਥਾਂ ਦਾ ਜ਼ਿਕਰ ਇਕ ਅਸਫਲ ਡਕੈਤੀ ਵਾਲੀ ਥਾਂ ਵਜੋਂ ਕੀਤਾ ਗਿਆ ਹੈ)। ਮੁਲਜ਼ਮ 10 ਦਿਨਾਂ ਬਾਦ ਪਰਤਿਆ ਸੀ ਅਤੇ ਇਕ ਦਿਨ ਲਈ ਹੀ ਟਿਕਿਆ। ਜ਼ਿਰ੍ਹਾ ਵਿਚ ਗਵਾਹ ਨੇ ਕਿਹਾ ਕਿ ਉਸਨੇ ਕਦੀ ਨਹੀਂ ਸੁਣਿਆ ਕਿ ਮੁਲਜ਼ਮ ਨੇ ਪਿੰਡ ਵਾਲਿਆਂ ਨੂੰ

ਪਾਰਟੀ ਵਿਚ ਸ਼ਾਮਲ ਹੋਣ ਲਈ ਕਿਹਾ ਹੋਵੇ। ਉਸ ਨੇ ਅਦਾਲਤ ਵਿਚ ਮੁਲਜ਼ਮ ਦੀ ਸ਼ਨਾਖ਼ਤ ਕਰ ਲਈ ਹਾਲਾਂਕਿ ਮੁਲਜ਼ਮ ਨੇ ਐਨਕਾਂ ਲਾਈਆਂ ਹੋਈਆਂ ਸਨ ਅਤੇ ਨਿੱਕੀ ਗੋਲ ਟੋਪੀ ਪਹਿਨੀ ਹੋਈ ਸੀ। ਸਰਕਾਰੀ ਗਵਾਹ 195 (ਇੰਸਪੈਕਟਰ ਅਮੀਰ ਅਲੀ) ਦਾ ਕਹਿਣਾ ਹੈ ਕਿ ਅਮਰ ਸਿੰਘ ਨੇ ਬਿਆਨ ਦਿੱਤਾ ਹੈ ਕਿ ਉਹ ਅਤੇ ਮੁਲਜ਼ਮ ਗਦਰ ਪ੍ਰੈੱਸ ਵਿਚ ਮੁਫ਼ਤ ਕੰਮ ਕਰਦੇ ਸਨ। ਸਰਕਾਰੀ ਗਵਾਹ 206 (12ਵੀਂ ਕੈਵੇਲਰੀ ਦਾ ਜਮੇਦਾਰ) ਸੁੱਚਾ ਸਿੰਘ ਇਕਬਾਲੀ ਗਵਾਹ, ਦਲਪਤ ਸਿੰਘ (ਯਾਨੀ ਪਿੰਗਲੇ) ਅਤੇ ਇਸ ਮੁਲਜ਼ਮ ਦੀ ਮੇਰਠ ਵਿਖੇ ਫੇਰੀ ਦਾ ਸਬੂਤ ਪੇਸ਼ ਕਰਦਾ ਹੈ, ਅਤੇ ਇਲਾਨੇ-ਜੰਗ ਦੀ ਉਰਦੂ ਕਾਪੀ ਪੇਸ਼ ਕਰਦਾ ਹੈ (ਐਗਜ਼ੀਬਿਟ ਪੀ 235)

ਸਰਕਾਰੀ ਗਵਾਹ 223, 227, 230 ਅਤੇ 231 ਸਾਰੇ ਹੀ ਵਿਦਿਆਰਥੀ ਹਨ ਜੋ ਸੁੱਚਾ ਸਿੰਘ ਇਕਬਾਲੀ ਗਵਾਹ ਦਾ ਆਉਣਾ ਸਾਈਕਲ ਦਾ ਕਰਜ਼ਾ ਲੈਣ, ਕਲਮਾ ਰੁਪਿਆ, ਮੁਲਜ਼ਮ ਵਲੋਂ ਬਗਾਵਤ ਵਾਲੀਆਂ ਗੱਲਾਂ ਕਰਨ ਅਤੇ ਬੰਬਾਂ ਬਾਰੇ ਦੱਸਣ ਦੀ ਗੱਲ ਨੂੰ ਮਜ਼ਬੂਤੀ ਦਿੰਦੇ ਹਨ ਉਨ੍ਹਾਂ ਵਿਚੋਂ ਕਈ ਨੇ ਮੁਲਜ਼ਮ ਦਾ ਸਾਹਨੇਵਾਲ ਅਤੇ ਮਨਸੂਰਾਂ ਡਕੈਤੀਆਂ ਨਾਲ ਸਬੰਧ ਹੋਣ ਦੀ ਗੱਲ ਕਹੀ, ਉਨ੍ਹਾਂ ਵਿਚੋਂ ਇਕ ਨੇ ਕਈ ਤਸਵੀਰਾਂ ਵਿਚੋਂ ਭਗੌੜੇ ਡਾਕਟਰ ਮਥਰਾ ਸਿੰਘ ਦੀ ਤਸਵੀਰ ਦੀ ਸ਼ਨਾਖ਼ਤ ਵੀ ਕਰ ਲਈ (ਐਗਜ਼ੀਬਿਟ ਪੀ. 32); ਅਤੇ ਅਸੀਂ ਦੇਖਦੇ ਹਾਂ ਕਿ ਇਹ ਮੁਲਜ਼ਮ ਕਹਿੰਦਾ ਹੁੰਦਾ ਸੀ ਕਿ ਬੰਗਾਲ ਪਾਰਟੀ ਵੀ ਨਾਲ ਲੱਗੇਗੀ, ਜਰਮਨੀ ਮਦਦ ਕਰੇਗਾ, ਅਤੇ ਕਿ ਹਰਦਿਆਲ ਫੌਜ ਲੈ ਕੇ ਆ ਜਾਏਗਾ।

ਸਰਕਾਰੀ ਗਵਾਹ 385 (ਰਜਮੈਂਟ ਦਾ ਇਕ ਜਮਾਂਦਾਰ), 386 (ਕੈਪਟਨ ਕਾਰਗਿਲ), 387, 388, 389 ਅਤੇ 394 ਫ਼ਿਰੋਜ਼ਪੁਰ ਦੇ ਗਵਾਹ ਹਨ। ਜਿਸ ਰਜਮੈਂਟ ਨਾਲ ਜਮਾਂਦਾਰ ਦਾ ਸਬੰਧ ਹੈ ਉਹ ਹਾਂਗ ਕਾਂਗ ਵਿਚ ਹੈ ; ਅਤੇ 1913 ਦੇ ਅਖ਼ੀਰ ਵਿਚ ਇਹ ਜ਼ਰੂਰੀ ਸਮਝਿਆ ਗਿਆ ਕਿ ਉਥੋਂ ਦੇ ਗੁਰਦੁਆਰੇ ਵਿਚ ਫੌਜੀਆਂ ਦਾ ਜਾਣਾ ਰੋਕਿਆ ਜਾਵੇ। ਰਜਮੈਂਟ ਦਾ ਡਿਪੋ ਫ਼ਿਰੋਜ਼ਪੁਰ ਵਿਚ ਸੀ, ਅਤੇ ਇਹ ਪਤਾ ਲੱਗਣ ਤੇ ਕਿ ਕੁਝ ਬੰਦੇ ਮੀਟਿੰਗ ਵਿਚ ਸ਼ਾਮਲ ਹੋ ਰਹੇ ਸਨ, ਫਰਵਰੀ 19 ਨੂੰ ਕੁਝ ਸਿਪਾਹੀ ਰਜਮੈਂਟ ਵਿਚੋਂ ਕੱਢ ਦਿੱਤੇ ਗਏ (ਮਕਾਨ ਨੰ: 1 ਤੇ ਛਾਪਾ ਮਾਰਨ ਵਾਲੇ ਦਿਨ)। ਇਨ੍ਹਾਂ ਵਿਚੋਂ ਇਕ ਬੰਦਾ (ਕੈਪਟਨ ਕਾਰਗਿਲ ਦੀ ਗਵਾਹੀ ਅਨੁਸਾਰ) ਲਾਈਨਜ਼ ਵਿਚ ਪਰਤਿਆ ਅਤੇ ਉਸ ਨੂੰ ਭਾਰੀ ਲਾਠੀ ਸਮੇਤ 29 ਫਰਵਰੀ ਨੂੰ ਫੜ ਲਿਆ ਗਿਆ। ਸਰਕਾਰੀ ਗਵਾਹ 387 ਅਤੇ 388 ਇਸ ਗੱਲ ਨੂੰ ਮਜ਼ਬੂਤ ਕਰਨ ਵਾਲੀ ਗਵਾਹੀ ਦਿੰਦੇ ਹਨ। ਸਰਕਾਰੀ ਗਵਾਹ 389 (ਮਿਸਟਰ ਲਾਮਾਕਰੌਫਟ ਪੁਲੀਸ ਇੰਸਪੈਕਟਰ ਫ਼ਿਰੋਜ਼ਪੁਰ ਕੈਂਟ) ਦਾ ਕਹਿਣਾ ਹੈ ਕਿ ਕਾਂਸਟੇਬਲ (ਹੁਣ ਹੈੱਡ ਕਾਂਸਟੇਬਲ) ਮੌਲਾ ਬਖ਼ਸ਼ ਨੇ ਉਹਨੂੰ ਦੱਸਿਆ ਕਿ ਕਰੀਬ 30 ਸ਼ੱਕੀ ਬੰਦੇ ਛਾਉਣੀ ਵਿਚ ਪੁੱਜੇ ਹਨ ਜਿਨ੍ਹਾਂ ਦੀ ਟਰੇਨਿੰਗ ਲੁਧਿਆਣਾ ਹੋਈ ਸੀ। ਉਸ ਰਾਤ ਟੈਰੀਟੋਰੀਅਲਾਂ ਨੇ ਛਾਉਣੀ ਦੀ ਗਸ਼ਤ ਕੀਤੀ ਅਤੇ ਬਾਦ ਵਿਚ ਇਕ ਭਾਰਤੀ ਅਫਸਰ ਗ਼ਦਰ ਸੰਦੇਸ਼ਾ ਦੀ ਇਕ ਕਾਪੀ ਲੈ ਕੇ ਆਇਆ ਜੋ ਦੋ ਡਿਪੂਆਂ ਦੀ ਸੜਕ ਤੇ ਪਈ ਮਿਲੀ ਦੱਸੀ ਗਈ। ਸਰਕਾਰੀ ਗਵਾਹ ਮੌਲਾ

ਬਖ਼ਸ਼ ਵੀ ਇਸ ਗੱਲ ਦੀ ਤਾਈਦ ਕਰਦਾ ਹੈ ਕਿ 19 ਫਰਵਰੀ ਨੂੰ ਆਏ ਬੰਦਿਆਂ ਵਿਚੋਂ ਉਹ ਕਿਸੇ ਨੂੰ ਪਛਾਣਦਾ ਨਹੀਂ।

ਇਸ ਸਭ ਕਾਸੇ ਦੇ ਨਾਲ-ਨਾਲ, ਇੰਦਰ ਸਿੰਘ ਗੰਥੀ ਦੇ ਮੰਨਣ ਅਨੁਸਾਰ ਅਸੀਂ ਦੇਖਦੇ ਹਾਂ ਕਿ ਮੁਲਜ਼ਮ ਦਾ ਜ਼ਿਕਰ ਗ਼ਦਰ ਪਾਰਟੀ ਦੇ ਇਕ ਉੱਭਰਵੇਂ ਮੈਂਬਰ ਵਜੋਂ ਸਾਮ੍ਹਣੇ ਆਉਂਦਾ ਹੈ। ਮੁਲਜ਼ਮ (ਪੰਨਾ 385 ਤੇ 387) ; ਅਤੇ ਮੁਲਜ਼ਮ ਦੀ ਉਮਰ ਉੱਥੇ ਕਰੀਬ 27 ਸਾਲ ਦੱਸੀ ਜਾਂਦੀ ਹੈ। ਉਹ ਵਾਕਈ 18½ ਸਾਲ ਦਾ ਨਹੀਂ ਜਿਵੇਂ ਕਿ ਉਹ ਕਹਿਣਾ ਚਾਹੁੰਦਾ ਹੈ। ਉਸ ਦਾ ਜ਼ਿਕਰ ਨੰਦ ਸਿੰਘ ਦੇ ਕਬੂਲਣ ਵਿਚ ਵੀ ਹੈ (ਪੰਨਾ 409, 413, 415 ਅਨੁਸਾਰ) ਜੋ ਕਿ ਸਰਕਾਰੀ ਗਵਾਹਾਂ ਦੇ ਬਿਆਨਾਂ ਦੀ ਤਾਈਦ ਕਰਦਾ ਹੈ।

ਮੁਲਜ਼ਮ ਦਾ ਬਿਆਨ ਇਸ ਰਿਕਾਰਡ ਦੇ ਪੰਨਾ 443 ਅਤੇ 480 ਤੇ ਮਿਲ ਜਾਵੇਗਾ। ਸਾਹਨੇਵਾਲ ਡਕੈਤੀ (ਜਿਸ ਵਿਚ ਕਾਂਸ਼ੀ ਰਾਮ ਦਾ ਕਤਲ ਹੋਇਆ ਸੀ) ਵਿਚ ਆਪਣੇ ਸ਼ਾਮਲ ਹੋਣ ਬਾਰੇ ਕਬੂਲਣ ਤੇ ਉਸ ਨੇ ਇਸ ਬਾਰੇ ਆਪਣੇ ਤੌਰ ਤੇ ਦੱਸਿਆ। ਉਸ ਅਨੁਸਾਰ ਉਨ੍ਹਾਂ ਨੂੰ ਪੈਸਾ ਇਸ ਲਈ ਚਾਹੀਦਾ ਸੀ ਕਿ ਆਪਣੇ ਦੁੱਖੜੇ ਸੁਣਾਉਣ ਲਈ ਉਨ੍ਹਾਂ ਨੇ ਇਕ ਅਖ਼ਬਾਰ ਕੱਢਣਾ ਸੀ, ਉਹ ਅਤੇ ਉਨ੍ਹਾਂ ਦੀ ਪਾਰਟੀ ਲਈ, ਉਨ੍ਹਾਂ ਕੋਲ ਤਿੰਨ ਪਿਸਤੌਲ ਸਨ (ਇਕ ਟੁੱਟਿਆ ਹੋਇਆ), ਕੁਝ ਕਾਰਤੂਸ ਸਨ, ਅਤੇ ਦੋ ਦਵਾਤ ਬੰਬ ਸਨ (ਜੋ ਮਥਰਾ ਸਿੰਘ ਨੇ ਬਣਾਏ ਸਨ), ਜੋ ਖ਼ਤਰਨਾਕ ਨਹੀਂ ਸਮਝੇ ਜਾਂਦੇ ਸਨ ਅਤੇ ਸਿਰਫ ਲੋੜ ਪੈਣ ਤੇ ਡਰਾਵੇ ਲਈ ਹੀ ਸਨ। ਦਲੀਪ ਸਿੰਘ (ਮਰ ਗਿਆ ਇਕਬਾਲੀ ਗਵਾਹ) ਜੁੰਡਲੀ ਨੂੰ ਸਾਹਨੇਵਾਲ ਲੈ ਗਿਆ। ਮੁਲਜ਼ਮ ਮੁਤਾਬਕ ਉਸ ਨੇ ਖ਼ੁਦ ਡਕੈਤੀ ਵਿਚ ਹਿੱਸਾ ਨਹੀਂ ਲਿਆ ਬਲਕਿ ਥਾਣਾ ਕੋਲ ਖੜ੍ਹਾ ਰਿਹਾ ਤਾਂ ਕਿ ਲੋੜ ਪੈਣ ਤੇ ਆਪਣੇ ਸਾਥੀਆਂ ਨੂੰ ਸੁਚੇਤ ਕਰਨ ਲਈ ਬੰਬ ਸੁੱਟ ਸਕੇ। ਖੁਸ਼ੀ ਰਾਮ ਦੀ ਮੌਤ ਅਣਜਾਣੇ ਵਿਚ ਹੀ ਹੋਈ ਸੀ ਕਿਉਂਕਿ ਅਨਾਰਕਲੀ ਦੇ ਕਾਤਲ ਨੇ ਉਸ ਨੂੰ ਬੰਬ ਸੁੱਟਿਆ ਸੀ ਤਾਂ ਕਿ ਉਹ ਬਚ ਕੇ ਨਿੱਕਲ ਸਕੇ। ਅਨਾਰਕਲੀ ਦੇ ਕਾਤਲ ਤੇ ਸਾਰਾ ਦੋਸ਼ ਮੜ੍ਹਨ ਦਾ ਇਹ ਇਕ ਨਵਾਂ ਵਿਚਾਰ ਸੀ ਜਿਸ ਦੇ ਗੁਨਾਹਾਂ ਦਾ ਅੰਤ ਉਸਦੇ ਫਾਂਸੀ ਚੜ੍ਹਨ ਨਾਲ ਹੋ ਚੁੱਕਾ ਸੀ। ਪਰ ਅਸੀਂ ਇਸ ਡਕੈਤੀ ਦੀ ਇਹ ਕਥਾ ਮੰਨਣ ਲਈ ਤਿਆਰ ਨਹੀਂ ਹਾਂ ਜੋ ਕਥਾ ਕਿ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਤੋਂ ਲਾਹਾ ਲੈਣ ਲਈ ਘੜੀ ਗਈ ਸੀ (ਇਸ ਨੁਕਤੇ ਬਾਰੇ ਫੈਸਲੇ ਵਿਚ ਕਿਸੇ ਹੋਰ ਥਾਂ ਵਿਚਾਰ ਕੀਤੀ ਗਈ ਹੈ)।

ਮੁਲਜ਼ਮ ਨੇ ਅਮਰੀਕਾ ਵਿਚ ਗਦਰ ਪਾਰਟੀ ਨਾਲ ਆਪਣੇ ਸਬੰਧਾਂ ਬਾਰੇ ਅਤੇ ਹਰਦਿਆਲ ਨਾਲ ਆਪਣੀ ਵਾਕਫ਼ੀ ਬਾਰੇ ਪੂਰੀ ਤਰ੍ਹਾਂ ਕਬੂਲ ਕਰ ਲਿਆ ਹੈ। ਉਸ ਨੇ ਅਸਟੋਰੀਆ ਅਤੇ ਸੈਕਰੋਮੈਂਟੋ ਵਿਚ ਮੀਟਿੰਗਾਂ ਵਿਚ ਆਪਣਾ ਸ਼ਾਮਲ ਹੋਣਾ ਵੀ ਕਬੂਲ ਕੀਤਾ ਹੈ ਅਤੇ ਉਸ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਤਕਰੀਰਾਂ ਨੂੰ ਬਗਾਵਤ ਨਹੀਂ ਮੰਨਿਆ ਜਾਂਦਾ। ਉਸ ਨੂੰ ਕਿਹਾ ਗਿਆ ਸੀ ਕਿ ਉਹ ਭਾਰਤ ਵਿਚ ਵੀ ਯੁਗਾਂਤਰ ਆਸ਼ਰਮ ਵਰਗਾ ਹੀ ਇਕ ਆਸ਼ਰਮ ਸਥਾਪਤ ਕਰੇ; ਅਤੇ ਜੇ ਲੋੜ ਹੋਵੇ ਤਾਂ ਚੁੱਪ-ਚਾਪ ਸਾਹਿਤ ਵੀ ਵੰਡੇ। ਉਹ ਲੋਹਟਵਾਲ ਅਤੇ ਬੱਦੋਵਾਲ ਦੀਆ ਮੀਟਿੰਗਾਂ ਵਿਚ ਸ਼ਾਮਿਲ ਹੋਇਆ ਸੀ ਪਰ

ਮੋਗਾ ਵਿਚ ਨਹੀਂ (ਉਸਦਾ ਕਹਿਣਾ ਹੈ)। ਉਹ ਕਬੂਲ ਕਰਦਾ ਹੈ ਕਿ ਉਹ ਨੌਰੰਗ ਸਿੰਘ ਦੇ ਨਾਂ ਹੇਠ ਹਿੰਦੂ ਹੋਟਲ ਵਿਚ ਰਿਹਾ ਸੀ। ਉਹ ਇਨਕਾਰ ਕਰਦਾ ਹੈ ਕਿ ਕਦੀ ਵੀ ਲਾਹੌਰ ਛਾਉਣੀ ਤੇ ਹਮਲੇ ਦੀ ਕੋਈ ਯੋਜਨਾ ਬਣਾਈ ਗਈ ਸੀ ਅਤੇ ਉਸਦਾ ਕਹਿਣਾ ਹੈ ਕਿ ਨਵਾਬ ਖ਼ਾਨ, ਜਿਸ ਉੱਤੇ ਉਸ ਨੂੰ ਸਦਾ ਹੀ ਜਸੂਸ ਹੋਣ ਦਾ ਸ਼ੱਕ ਰਿਹਾ ਹੈ, ਉਨ੍ਹਾਂ ਨੂੰ ਸ਼ਹਿ ਦਿੰਦਾ ਰਿਹਾ ਹੈ ਕਿ ਉਹ ਤੇ ਉਸ ਦੇ ਸਾਥੀ ਕਿਸੇ ਛਾਉਣੀ ਤੇ ਹਮਲਾ ਕਰਨ ਤਾਂ ਕਿ ਉਨ੍ਹਾਂ ਨੂੰ ਗਿਰਫ਼ਤਾਰ ਕੀਤਾ ਜਾ ਸਕੇ। ਉਹ ਜਲੰਧਰ ਗਿਆ ਜ਼ਰੂਰ ਸੀ ਪਰ ਕਿਸੇ ਬੰਗਾਲੀ ਨੂੰ ਨਹੀਂ ਮਿਲਿਆ। ਉਹ ਗੰਡਾ ਸਿੰਘ ਭਰੋੜੇ ਬਾਰੇ ਅਮਰੀਕਾ ਵਿਚ ਜਾਣਕਾਰੀ ਰੱਖਦਾ ਸੀ। ਉਹ ਪਿੰਗਲੇ ਮੁਲਜ਼ਮ ਪਰਮਾਨੰਦ II ਅਤੇ ਇਕਬਾਲੀ ਗਵਾਹ ਅਮਰ ਸਿੰਘ ਨਾਲ ਕਪੂਰਥਲੇ ਗਿਆ ਸੀ ਅਤੇ ਉੱਥੇ ਮੁਲਜ਼ਮ ਰਾਮ ਸਰਨ ਦਾਸ ਨੂੰ ਮਿਲਿਆ ਸੀ ਜਿਸ ਨੂੰ ਸਿਰਫ ਅਖ਼ਬਾਰ ਦੀ ਯੋਜਨਾ ਵਿਚ ਸਹਿਯੋਗ ਕਰਨ ਲਈ ਕਿਹਾ ਗਿਆ ਸੀ ਪਰ ਉਹ ਮੁੱਕਰ ਗਿਆ ਸੀ। ਉਹ, ਪਿੰਗਲੇ ਅਤੇ ਪਰਮਾਨੰਦ II ਸੰਤ ਗੁਲਾਬ ਦੀ ਧਰਮਸ਼ਾਲਾ ਵਿਚ ਗਏ ਜ਼ਰੂਰ ਸਨ ਪਰ ਸਿਰਫ ਮੂਲਾ ਸਿੰਘ ਇਕਬਾਲੀ ਗਵਾਹ ਨੂੰ ਮਿਲਣ, ਅਤੇ ਅਖਬਾਰ ਦੇ ਪ੍ਰਾਜੈਕਟ ਸਬੰਧੀ ਗੱਲਬਾਤ ਕਰਨ ਲਈ। ਪਰ ਮੁਲਜ਼ਮ ਸਰਕਾਰ ਦੇ ਖਿਲਾਫ ਗੁਰੀਲਾ ਜੰਗ ਦੀ ਮੂਲਾ ਸਿੰਘ ਦੀ ਸਲਾਹ ਨਾਲ ਸਹਿਮਤ ਨਹੀਂ ਸੀ। ਉਸ ਨੇ ਮੂਲਾ ਸਿੰਘ ਨੂੰ 200 ਰੁਪਏ ਅਖਬਾਰ ਦੇ ਫੰਡ ਲਈ ਜਮ੍ਹਾਂ ਕਰਨ ਵਾਸਤੇ ਦਿੱਤੇ ਸਨ ਨਾ ਕਿ ਕਿਸੇ ਬੰਗਾਲੀ ਮਾਹਿਰ ਦੇ ਖਰਚੇ ਵਾਸਤੇ। 15 ਜਾਂ 16 ਜਨਵਰੀ ਨੂੰ ਉਹ ਬਾਬਾ ਅਟਲ ਹਾਊਸ ਵਿਚ ਸੀ ਪਰ ਉਸ ਨੇ ਮੂਲਾ ਸਿੰਘ ਤੇ ਅਮਰ ਸਿੰਘ ਨਾਲ ਅਖ਼ਬਾਰੀ ਮਾਮਲਿਆਂ ਬਾਰੇ ਹੀ ਵਿਚਾਰ-ਵਟਾਂਦਰਾ ਕੀਤਾ ਸੀ। 27 ਜਨਵਰੀ ਦੇ ਗੇੜ ਵਿਚ ਇਸੇ ਘਰ ਵਿਚ ਪਿੰਗਲੇ ਨੇ ਰਾਸ ਬਿਹਾਰੀ ਬੋਸ ਨਾਲ ਉਸਦੀ ਮੁਲਾਕਾਤ ਕਰਵਾਈ ਸੀ, ਉਹ ਵੀ ਸਿਰਫ ਇਸ ਲਈ ਕਿ ਅਖ਼ਬਾਰ ਬੰਗਾਲੀ ਵਿਚ ਕੱਢਣ ਦੀ ਵੀ ਇੱਛਾ ਸੀ। ਜਨਵਰੀ ਵਿਚ ਉਹ ਲੁਧਿਆਣਾ ਵਿਚ ਨਿਧਾਨ ਸਿੰਘ ਅਤੇ ਹੋਰਨਾਂ ਨੂੰ ਵੀ ਮਿਲਿਆ ਸੀ ਪਰ ਉੱਥੇ ਬੰਬ ਬਣਾਉਣ ਦੀ ਕੋਈ ਗੱਲ ਨਹੀਂ ਹੋਈ। ਉਹ ਝੱਬੇਵਾਲ ਕਦੀ ਨਹੀਂ ਗਿਆ ਪਰ ਸਾਹਨੇਵਾਲ ਅਤੇ ਮਨਸੂਰਾਂ ਡਕੈਤੀ ਵਿਚ ਉਸ ਨੇ ਜ਼ਰੂਰ ਹਿੱਸਾ ਲਿਆ ਸੀ। ਉਹ ਮੰਨਦਾ ਹੈ ਕਿ ਉਹ ਪਿੰਗਲੇ ਅਤੇ ਸੁੱਚਾ ਸਿੰਘ ਮੇਰਠ, ਆਗਰੇ, ਕਾਨਪੁਰ, ਅਲਾਹਾਬਾਦ ਅਤੇ ਲਖਨਊ ਗਏ ਸੀ ਪਰ ਉਹ ਫੌਜੀਆਂ ਨੂੰ ਇਸ ਗੱਲ ਲਈ ਤਿਆਰ ਕਰਨ ਗਏ ਸੀ ਕਿ ਉਹ ਆਪਣੇ ਦੁੱਖੜੇ ਦੱਸਣ ਲਈ ਵਾਇਸਰਾਏ ਕੋਲ ਜਾਣ ਵਾਲੇ ਡੈਪੂਟੇਸ਼ਨ ਦੇ ਪੱਖ ਵਿਚ ਆਪਣਾ ਜ਼ੋਰ ਵਰਤਣ। ਉਹ ਮੰਨਦਾ ਹੈ ਕਿ ਉਹ ਸੁੱਚਾ ਸਿੰਘ ਨਾਲ ਬਾਬਾ ਅਟਲ ਹਾਊਸ ਗਿਆ ਸੀ ਜਿਥੇ ਉਸ ਨੇ ਰਾਸ ਬਿਹਾਰੀ ਨੂੰ ਦੇਖਿਆ ਜੋ ਖੁਦ ਨੂੰ ਸਤੀਸ਼ ਚੰਦਰ ਦੱਸਦਾ ਹੁੰਦਾ ਸੀ ਅਤੇ 12 ਫਰਵਰੀ ਨੂੰ ਉਹ ਗਵਾਲ ਮੰਡੀ ਹਾਊਸ, ਲਾਹੌਰ ਵਿਚ ਸੀ। ਉਹ ਮੰਨਦਾ ਹੈ ਕਿ ਉਸਨੇ ਗਰਲਜ਼ ਸਕੂਲ ਲੋਹਟ ਬੱਦੀ ਜਾਣ ਲਈ ਸਾਈਕਲ ਮੰਗਿਆ ਸੀ। 15 ਫਰਵਰੀ ਨੂੰ ਉਹ ਹਾਊਸ ਨੰਬਰ ਇਕ ਵਿਚ ਮੌਜੂਦ ਸੀ ਪਰ ਫੈਸਲਾ ਇਹ ਕੀਤਾ ਗਿਆ ਸੀ ਕਿ ਅਖ਼ਬਾਰ ਦੇ ਕੰਮ ਸਬੰਧੀ ਫੇਰ 21 ਨੂੰ ਮਿਲਿਆ ਜਾਵੇ। ਕਿਉਂ ਜੋ ਕਿਰਪਾਲ ਸਿੰਘ ਗਵਾਹ ਤੇ ਮੁਖਬਰ ਹੋਣ

ਦਾ ਸ਼ੱਕ ਸੀ ਇਸ ਲਈ ਤਰੀਕ 19 ਕਰ ਦਿੱਤੀ ਗਈ ਸੀ, ਤਾਂ ਕਿ ਦੇਖਿਆ ਜਾ ਸਕੇ ਕਿ ਉਹ ਕੀ ਕਦਮ ਚੁੱਕਦਾ ਹੈ।

ਉਸਨੇ ਝੰਡਿਆਂ ਲਈ ਕੱਪੜਾ ਖਰੀਦਿਆ ਸੀ; ਇਹ ਝੰਡਾ 'ਯੁਗਾਂਤਰ ਆਸ਼ਰਮਾਂ' ਦਾ ਚਿੰਨ੍ਹ ਸੀ ਜੋ ਆਜ਼ਾਦੀ, ਭਾਈਚਾਰੇ ਅਤੇ ਬਰਾਬਰੀ ਨੂੰ ਦਰਸਾਉਂਦਾ ਹੈ। ਇਕ ਹੀ ਝੰਡਾ ਬਣਾਉਣ ਦੀ ਸੋਚੀ ਗਈ ਸੀ ਪਰ ਕਿਉਂਕਿ ਕੱਪੜਾ ਵਾਧੂ ਆ ਗਿਆ ਸੀ ਇਸ ਲਈ ਹੋਰ ਝੰਡੇ ਬਣਾ ਲਏ ਗਏ-(ਕਿੰਨਾ ਬੇਹੂਦਾ ਸਪਸ਼ਟੀਕਰਨ ਹੈ)। ਇਹ ਸਹੀ ਹੈ ਕਿ ਉਹ ਮੁਲਜ਼ਮ ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡਾ ਨਾਲ ਚੱਕ ਨੰ: 5 ਵਿਚ ਗ੍ਰਿਫ਼ਤਾਰ ਹੋਇਆ ਸੀ ਪਰ ਭਾਈ ਪਰਮਾਨੰਦ ਨੂੰ ਉਸ ਨੇ ਜੇਲ੍ਹ ਤੋਂ ਪਹਿਲਾਂ ਨਹੀਂ ਦੇਖਿਆ ਸੀ। ਉਹ ਮੰਨਦਾ ਹੈ ਕਿ ਉਹ ਪੁਲੀਸ ਤੋਂ ਬਚਣ ਦੀ ਕੋਸ਼ਿਸ਼ ਕਰਦਾ ਸੀ।

ਉਹ 17 ਨਵੰਬਰ ਨੂੰ ਲਾਡੋਵਾਲ ਵਿਖੇ ਇਕਬਾਲੀ ਗਵਾਹ ਅਮਰ ਸਿੰਘ, ਮੁਲਜ਼ਮ ਜਗਤ ਰਾਮ ਅਤੇ ਪ੍ਰਿਥੀ ਸਿੰਘ ਨੂੰ ਮਿਲਿਆ ਸੀ ਪਰ ਇਹ ਮਿਲਣੀ ਅਖ਼ਬਾਰ ਦੇ ਕੰਮ ਸਬੰਧੀ ਸੀ; ਅਤੇ ਇਹ ਵੀ ਮੰਨਦਾ ਹੈ ਕਿ ਇਕਬਾਲੀ ਗਵਾਹ ਅਮਰ ਸਿੰਘ, ਨਵਾਬ ਖਾਨ, ਮੁਲਜ਼ਮ ਨਿਧਾਨ ਸਿੰਘ ਅਤੇ ਕਾਂਸ਼ੀ ਰਾਮ (ਫਿਰੋਜ਼ਸ਼ਾਹ ਦਾ ਕਾਤਲ) ਵੀ ਬੱਦੋਵਾਲ ਵਿਖੇ ਸਨ। ਉਹ ਰੇਲ ਵਿਚ ਇਕ ਸਿਪਾਹੀ ਨਾਲ ਦੁੱਖਾਂ ਬਾਰੇ ਗੱਲ ਕਰਨ ਦੀ ਨਿੱਕੀ ਜਿਹੀ ਘਟਨਾ ਨੂੰ ਵੀ ਮੰਨਦਾ ਹੈ (ਨਵਾਬ ਖਾਨ ਦੇ ਬਿਆਨ ਅਨੁਸਾਰ)। ਉਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਉਸ ਨੇ ਨੌਰੰਗ ਸਿੰਘ ਮੁਲਜ਼ਮ ਦੀ ਦੁਕਾਨ ਕਦੀ ਨਹੀਂ ਦੇਖੀ।

ਇਹ ਮੁਲਜ਼ਮ ਦੇ ਕੇਸ ਦਾ ਭਰਪੂਰ ਪੂਰਨ ਰਿਕਾਰਡ ਹੈ ਅਤੇ ਇਹ ਦੇਖਿਆ ਜਾ ਸਕਦਾ ਹੈ ਕਿ ਖੁਦ ਉਸ ਦੇ ਬਿਆਨ ਹੀ ਪ੍ਰਾਸੀਕਿਊਸ਼ਨ ਦੇ ਗਵਾਹਾਂ ਦੀ ਗਵਾਹੀ ਦੀ ਸਚਾਈ ਨੂੰ ਕਿਸ ਤਰ੍ਹਾਂ ਸਾਬਤ ਕਰ ਦਿੰਦੇ ਹਨ। ਬਚਾਉ ਪੱਖ ਦੇ ਕੋਈ ਗਵਾਹ ਨਹੀਂ ਹਨ; ਸਾਰੇ ਮੁਕੱਦਮੇ ਵਿਚ ਵਿਸ਼ੇਸ਼ ਤੌਰ ਤੇ ਕੋਈ ਜ਼ਿਰ੍ਹਾ ਹੋਈ ਹੀ ਨਹੀਂ; ਅਤੇ ਸਾਡੇ ਸਾਮ੍ਹਣੇ ਮੁਲਜ਼ਮ ਨੇ ਖੁਦ ਆਪਣੇ ਕੇਸ ਤੇ ਜ਼ਿਰ੍ਹਾ ਕਰਨ ਦੀ ਕੋਈ ਇੱਛਾ ਜ਼ਾਹਿਰ ਨਹੀਂ ਕੀਤੀ ਅਤੇ ਨਾ ਹੀ ਉਸ ਲਈ ਨਿਯੁਕਤ ਕੀਤੇ ਵਕੀਲ ਨੂੰ ਜ਼ਿਰ੍ਹਾ ਦੀ ਇਜਾਜ਼ਤ ਦਿੱਤੀ। ਸਿਰਫ ਇਹ ਕਹਿਣਾ ਰਹਿ ਜਾਂਦਾ ਹੈ ਕਿ ਮੁਲਜ਼ਮ ਦਾ ਗੁਨਾਹ ਧੁਰ ਤਕ ਸਾਬਿਤ ਹੋ ਜਾਂਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਉਹ ਨੌਜਵਾਨ ਹੈ; ਪਰ ਉਹ ਨਿਸ਼ਚੇ ਹੀ ਇਨ੍ਹਾਂ ਸਾਰਿਆਂ ਵਿਚ ਹੀ ਸਭ ਤੋਂ ਵੱਧ ਮਾੜਾ ਹੈ ਜਿਸ ਤੇ ਕੋਈ ਦਿਆ ਕਰਨੀ ਜਾਂ ਵਿਖਾਉਣੀ ਨਹੀਂ ਬਣਦੀ।

# ਕੀ ਸਰਾਭੇ ਦੀ ਫਾਂਸੀ ਟਲ ਵੀ ਸਕਦੀ ਸੀ ?

(ਲਾਰਡ ਹਾਰਡਿੰਗ, ਵਾਇਸਰਾਏ ਦੀ ਕੌਂਸਲ ਵੱਲੋਂ ਕੀਤੀ ਘੋਖ ਦੀ ਖ਼ੁਫੀਆ ਕਾਰਵਾਈ ਦੀ ਰੌਸ਼ਨੀ ਵਿਚ)

ਇਹ ਸਵਾਲ ਏਨਾ ਬੇਮਤਲਬ ਨਹੀਂ ਜਿੰਨਾ ਕਿ ਪਹਿਲੀ ਨਜ਼ਰੇ ਲਗਦਾ ਹੈ। ਵਾਕਈ ਸ਼ਹੀਦ ਸਰਾਭਾ ਗ਼ਦਰ ਲਹਿਰ ਦੀ ਧੜਕਣ ਸੀ ਤੇ ਨਾਲੇ ਉਸ ਨੇ ਜੱਜਾਂ ਸਾਹਮਣੇ ਬੜ/ਫਖਰ ਨਾਲ ਸਭ ਕੁਝ ਕਬੂਲ ਕੀਤਾ ਸੀ। ਅਸੀਂ ਸਹਿਜੇ ਕੀਤੇ ਇਹ ਕਦੇ ਕਿਆਸ ਵੀ ਨਹੀਂ ਕਰ ਸਕਦੇ ਕਿ ਉਸ ਵੇਲੇ ਦੀ ਜਾਬਰ ਸਰਕਾਰ ਜਿਸ ਨੇ ਇਨ੍ਹਾਂ ਸੂਰਬੀਰਾਂ ਨੂੰ ਫਾਹੇ ਲਾਉਣ ਲਈ ਸਪੈਸ਼ਲ ਅਦਾਲਤ ਬਣਾਈ ਸੀ, ਜਿਸ ਅੱਗੇ ਨਾ ਵਕੀਲ, ਨਾ ਦਲੀਲ ਅਤੇ ਨਾ ਹੀ ਕੋਈ ਅਪੀਲ ਸੀ। ਸਾਧਾਰਨ ਫੌਜਦਾਰੀ ਕਾਨੂੰਨ ਪ੍ਰਣਾਲੀ ਦੀਆਂ ਸਰਕਾਰ ਤੇ ਲਾਗੂ ਕੁਝ ਬੰਦਸ਼ਾਂ ਤੋਂ ਵੀ ਛੋਟ ਦੇ ਦਿੱਤੀ ਗਈ ਸੀ। ਕਿਸੇ ਤਰ੍ਹਾਂ ਦੀ ਨਰਮੀ ਦੀ ਇਸ ਸਰਕਾਰ ਤੋਂ ਕੋਈ ਆਸ ਨਹੀਂ ਸੀ। ਦੂਜੇ ਸ਼ਬਦਾਂ ਵਿਚ ਜੇ ਸਰਾਭੇ ਨੂੰ ਫਾਂਸੀ ਨਹੀਂ ਲਾਉਣੀ ਤਾਂ ਫਿਰ ਲਾਉਣੀ ਕਿਸ ਨੂੰ ਹੈ।

ਜਿਵੇਂ ਕਿ ਗਿਆਨਵਾਨ ਪਾਠਕ ਜਾਣੂ ਹਨ, ਪਹਿਲੇ ਲਾਹੌਰ ਸਾਜਿਸ਼ ਕੇਸ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ ਸੀ ਜਿਸ ਵਿਚ ਕੁੱਲ 61 ਮੁਲਜ਼ਮ ਸਨ ਜਿਨ੍ਹਾਂ ਵਿਚੋਂ 24 ਨੂੰ ਫਾਂਸੀ ਤੇ 26 ਨੂੰ ਉਮਰ ਕੈਦ-ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ ਸੀ।

ਜਦੋਂ ਇਹ ਫੈਸਲਾ ਪੰਜਾਬ ਦੇ ਬਦਨਾਮ ਗਵਰਨਰ ਸਰ ਮਾਈਕਲ ਉਡਵਾਇਰ (ਜਿਸ ਨੂੰ 1940 ਵਿਚ ਸ਼ਹੀਦ ਊਧਮ ਸਿੰਘ ਨੇ ਮਾਰਿਆ ਸੀ) ਨੇ ਚੌਵੀ ਦੇ ਚੌਵੀ ਫਾਂਸੀ ਵਾਲਿਆਂ ਦੇ ਮਾਮਲੇ 'ਤੇ ਨਜ਼ਰਸਾਨੀ ਕੀਤੀ ਤੇ ਉਸ ਨੇ ਸਿਰਫ਼ ਇਕ ਵਿਅਕਤੀ ਸ੍ਰੀ ਕਾਲਾ ਸਿੰਘ (ਤਰਖਾਣ) ਵਾਸੀ ਸ਼ਹਿਰ ਅੰਮ੍ਰਿਤਸਰ 'ਤੇ ਨਜ਼ਰੇ ਇਨਾਇਤ ਕਰ ਕੇ ਮਾਮਲਾ ਸੰਤੋਖ ਦਿੱਤਾ।

ਫੇਰ ਇਹ ਮਿਸਲ ਲਾਰਡ ਹਾਰਡਿੰਗ ਗਵਰਨਰ ਜਨਰਲ (ਵਾਇਸਰਾਏ, ਜਿਸ ਉਪਰ ਇਨਕਲਾਬੀਆਂ ਨੇ ਸੰਨ 1913 ਵਿਚ ਦਿੱਲੀ ਚਾਂਦਨੀ ਚੌਕ ਵਿਖੇ ਹਮਲਾ ਕੀਤਾ ਸੀ ਜਦੋਂ ਉਹ ਹਾਥੀ 'ਤੇ ਸਵਾਰ ਹੋ ਕੇ ਕਲਕੱਤੇ ਤੋਂ ਦਿੱਲੀ ਰਾਜਧਾਨੀ ਬਦਲਣ ਦੇ ਜਸ਼ਨ ਦਾ ਲਾੜਾ ਸਜਿਆ ਹੋਇਆ ਸੀ) ਦੀ ਘੋਖ ਵਾਸਤੇ ਦਿੱਲੀ ਭੇਜੀ ਗਈ। ਇਹ ਮਿਸਲ 20 ਸਤੰਬਰ,1915

ਉਪਰੰਤ ਗਈ ਹੋਵੇਗੀ ਕਿਉਂਕਿ ਉਸ ਤਰੀਕ ਦੇ ਪੰਜਾਬ ਗਵਰਨਰ ਦੇ ਉਸ 'ਤੇ ਦਸਤਖਤ ਕੀਤੇ ਹੋਏ ਹਨ।

ਪਰ ਇੰਜ ਕਰਨ ਦੀ ਲੋੜ ਹੀ ਕੀ ਸੀ ? ਕਾਨੂੰਨ ਅਨੁਸਾਰ ਗਵਰਨਰ ਦੀ ਘੋਖ ਪੜਤਾਲ ਤੋਂ ਪਿੱਛੋਂ ਇਹ ਮਾਮਲਾ ਇੱਥੇ ਹੀ ਨਿਬੜ ਜਾਂਦਾ ਪਰ ਜਿਵੇਂ ਕਿ ਬਾਬਾ ਸੋਹਨ ਸਿੰਘ ਭਕਨਾ ਨੇ 'ਜੀਵਨ ਸੰਗਰਾਮ' ਦੇ ਸਫਾ 51 'ਤੇ ਲਿਖਿਆ ਹੈ ਕਿ ਸ੍ਰੀ ਰਘੁਨਾਥ ਸਹਾਏ ਤੇ ਕੁਝ ਹੋਰ ਦੇਸ਼ ਭਗਤ ਵਕੀਲਾਂ ਨੇ ਇਸ ਮੁਕੱਦਮੇ ਦਾ ਡਰਾਮਾ ਅੱਖੀਂ ਵੇਖਿਆ ਸੀ, ਉਨ੍ਹਾਂ ਨੇ ਇਕ ਕਮੇਟੀ ਬਣਾਈ ਜਿਸ ਨੇ ਇਸ ਮੁਕੱਦਮੇ ਦੇ ਕਾਗਜ਼ ਅਲਾਹਬਾਦ ਪੰਡਤ ਮੋਤੀ ਲਾਲ ਨਹਿਰੂ ਅੱਗੇ ਪੇਸ਼ ਕੀਤੇ ਜਿਨ੍ਹਾਂ ਕਾਗਜ਼ਾਂ ਦੀ ਪੜਤਾਲ ਕਰ ਕੇ ਲੱਭਿਆ ਕਿ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਵਿਰੁੱਧ ਲਾਏ ਦੋਸ਼ ਕਾਨੂੰਨੀ ਨੁਕਤਾ ਨਿਗਾਹ ਨਾਲ ਸਾਬਤ ਹੋਏ ਨਹੀਂ ਮੰਨੇ ਜਾ ਸਕਦੇ। ਵਕੀਲਾਂ ਦਾ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਮੈਂਬਰਾਂ ਸਰ ਅਲੀ ਇਮਾਮ ਵਗੈਰਾ ਨੂੰ ਮਿਲਿਆ ਅਤੇ ਕਾਨੂੰਨੀ ਨੁਕਤੇ ਸਮਝਾਏ ਤੇ ਫੇਰ ਇਹ ਡੈਪੂਟੇਸ਼ਨ ਲਾਰਡ ਹਾਰਡਿੰਗ ਨੂੰ ਵੀ ਮਿਲਿਆ।

**ਟਿੱਪਣੀ ਹੋਮ ਡਿਪਾਰਟਮੈਂਟ ਮੈਂਬਰ ਸਰ ਕਰੈਡਰਾਕ ਦੀ ( 5 ਅਕਤੂਬਰ, 1915 ):** ਵਾਰੀ ਆਈ ਸਭ ਤੋਂ ਪਹਿਲਾਂ ਸਰ ਕਰੈਡਰਾਕ ਦੀ ਉਸ ਨੇ ਪਹਿਲਾ ਕੰਮ ਇਹ ਕੀਤਾ ਕਿ 'ਅਗਲੇ ਹੁਕਮਾਂ ਤੱਕ' ਫਾਂਸੀ 'ਤੇ ਰੋਕ ਲਾ ਦਿੱਤੀ।

ਇਸ ਨੇ ਪੰਜ ਗ਼ਦਰੀਆਂ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਦੀ ਸਿਫਾਰਸ਼ ਕੀਤੀ। ਉਹ ਸਨ :1. ਸ੍ਰੀ ਬਲਵੰਤ ਸਿੰਘ ਸਪੁੱਤਰ ਸ੍ਰੀ ਮੀਰ ਸਿੰਘ (ਜੱਟ) ਪਿੰਡ ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ, 2. ਸ੍ਰੀ ਰੁਲੀਆ ਸਿੰਘ, ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ (ਜਿਹੜੇ ਪਿੱਛੋਂ ਜਾ ਕੇ ਕਾਲੇ ਪਾਣੀ ਦੇ ਤਸੀਹੇ ਝੱਲਦਿਆਂ ਸ਼ਹੀਦ ਹੋਏ), 3. ਸ੍ਰੀ ਖੁਸ਼ਹਾਲ ਸਿੰਘ ਸਪੁੱਤਰ ਸ੍ਰੀ ਸੁਚੇਤ ਸਿੰਘ, ਪਿੰਡ ਪੱਧਰੀ, ਜ਼ਿਲ੍ਹਾ ਅੰਮ੍ਰਿਤਸਰ, 4. ਸ੍ਰੀ ਸਾਵਨ ਸਿੰਘ ਸਪੁੱਤਰ ਸ੍ਰੀ ਖੁਸ਼ਹਾਲ ਸਿੰਘ, ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ, 5. ਸ੍ਰੀ ਨੰਦ ਸਿੰਘ ਸਪੁੱਤਰ ਸ੍ਰੀ ਰਾਮ ਸਿੰਘ (ਜੱਟ) ਪਿੰਡ ਕੈਲੇ ਜ਼ਿਲ੍ਹਾ ਲੁਧਿਆਣਾ।

ਸ਼ਹੀਦ ਸਰਾਭੇ ਬਾਰੇ ਲਿਖਿਆ ਹੈ: (ਉਮਰ 20 ਸਾਲ) ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜਿਸ਼ੀਆਂ ਚੋਂ ਅਤੀ ਮਹੱਤਵਪੂਰਨ ਵਿਅਕਤੀਆਂ ਵਿੱਚੋਂ ਇਕ ਹੈ ਅਤੇ ਅਦਾਲਤ ਨੇ ਇਸ ਨੂੰ ਸਰਾਸਰ ਬੇਫਿਕਰ ਸ਼ੈਤਾਨ, ਜੋ ਆਪਣੀਆਂ ਕਰਤੂਤਾਂ 'ਤੇ ਫਖਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ ਭਾਵ ਇਹ ਕਿ ਇਸ ਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਬਣਦੀ ਨਹੀਂ।

**ਫੇਰ ਵਾਰੀ ਆਈ ਸਰ ਅਲੀ ਇਮਾਮ (ਕਾਨੂੰਨੀ ਸਲਾਹਕਾਰ) ਦੀ (13 ਅਕਤੂਬਰ, 1915 ):** ਜਿਸ ਨੇ ਸਰ ਕਰੈਡਰਾਕ ਦੀ ਉਪਰ ਦੱਸੇ ਪੰਜਾਂ ਗ਼ਦਰੀਆਂ ਦੀ ਸਜ਼ਾ ਬਾਰੇ ਰਿਆਇਤ ਨਾਲ ਸਹਿਮਤ ਹੋਣ ਤੋਂ ਇਲਾਵਾ ਹੇਠ ਲਿਖੇ 12 ਗ਼ਦਰੀਆਂ ਦੀ ਸਜ਼ਾ ਘਟਾਏ ਜਾਣ ਦੀ

ਸਿਫਾਰਸ਼ ਕੀਤੀ ਹੈ: 1. ਸ੍ਰੀ ਹਰਨਾਮ ਸਿੰਘ (ਟੁੰਡੀ ਲਾਟ) ਪਿੰਡ ਕੋਟਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ, 2. ਸ੍ਰੀ ਹਿਰਦੇ ਰਾਮ (ਰਾਜਪੂਤ) ਮੰਡੀ ਰਿਆਸਤ ਹਿਮਾਚਲ, 3. ਸ੍ਰੀ (ਪੰਡਤ) ਜਗਤ ਰਾਮ ਪਿੰਡ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ, 4. ਭਾਈ ਪਰਮਾਨੰਦ ਵਾਸੀ ਕਰਿਆਲਾ ਜ਼ਿਲ੍ਹਾ ਜਿਹਲਮ (ਪੱਛਮੀ ਪੰਜਾਬ), 5. ਪੰਡਤ ਪਰਮਾਨੰਦ (ਝਾਂਸੀ, ਯੂ. ਪੀ.), 6. ਸ੍ਰੀ ਪਿਰਥੀ ਸਿੰਘ ਲਾਲੜੂ ਜ਼ਿਲ੍ਹਾ (ਰਿਆਸਤ) ਪਟਿਆਲਾ, 7. ਸ੍ਰੀ ਕੇਸਰ ਸਿੰਘ ਪਿੰਡ ਠੱਠਗੜ੍ਹ ਜ਼ਿਲ੍ਹਾ ਅੰਮ੍ਰਿਤਸਰ, 8. ਸ੍ਰੀ ਨਿਧਾਨ ਸਿੰਘ ਪਿੰਡ ਚੁੱਘਾ ਜ਼ਿਲ੍ਹਾ ਫਿਰੋਜ਼ਪੁਰ, 9. ਸ੍ਰੀ ਰਾਮ ਸ਼ਰਨ ਦਾਸ ਕਪੂਰਥਲਾ, 10. ਸ੍ਰੀ ਸੋਹਨ ਸਿੰਘ ਪਿੰਡ ਭਕਨਾ (ਅੰਮ੍ਰਿਤਸਰ), 11. ਸ੍ਰੀ ਵਸਾਵਾ ਸਿੰਘ ਸਪੁੱਤਰ ਸ੍ਰੀ ਮੋਹਾਂ ਸਿੰਘ ਪਿੰਡ ਗਿੱਲਵਾਲੀ ਜ਼ਿਲ੍ਹਾ ਅੰਮ੍ਰਿਤਸਰ, 12. (ਸ਼ਹੀਦ) ਕਰਤਾਰ ਸਿੰਘ ਸਰਾਭਾ (ਉਮਰ ਸਾਢੇ ਅਠਾਰਾਂ ਤੋਂ 20 ਦੇ ਦਰਮਿਆਨ)।

ਇਹ ਮੁਲਜ਼ਮ (ਭਾਵੇਂ) ਇਸ ਸਾਜ਼ਿਸ਼ ਦੇ (ਸਿਵਾਏ ਕਤਲ ਦੇ) ਹਰੇਕ ਦੌਰ ਵਿਚ ਨੱਕੋ ਨੱਕ ਸਰਸ਼ਾਰ ਹੈ ਪਰ ਇਸ ਦੇ ਵਿਰੁੱਧ ਧਾਰਾ 396 ਆਈ. ਪੀ. ਸੀ. (ਡਕੈਤੀ ਦੌਰਾਨ ਕਤਲ) ਦੇ ਦੋਸ਼ ਬਾਰੇ ਮੈਂ ਇਸ ਦੀ ਅੱਲ੍ਹੜ ਅਵਸਥਾ ਬਾਰੇ ਸੁਚੇਤ ਹਾਂ। ਜੇ ਕਿਤੇ ਉਸ ਦੀ ਇਹ ਅੱਲ੍ਹੜ ਅਵਸਥਾ ਨਾ ਹੁੰਦੀ ਤਾਂ ਮੈਂ ਉਸ ਨੂੰ ਫਾਂਸੀ ਦਾ ਪੂਰਾ ਹੱਕਦਾਰ ਮਿੱਥਣ ਵਿਚ ਕੋਈ ਵੀ ਹਿਚਕਚਾਹਟ ਮਹਿਸੂਸ ਨਾ ਕਰਦਾ।

**ਸਰ ਕਰੈਡਰਾਕ ਦੀ ਕਿੰਤੂ ਪ੍ਰੰਤੂ (15 ਅਕਤੂਬਰ, 1915) :** ਸਰ ਕਰੈਡਰਾਕ ਨੇ ਲਾਰਡ ਹਾਰਡਿੰਗ ਨੂੰ ਲਿਖਿਆ ਕਿ ਭਾਵੇਂ ਅਦਾਲਤ ਦੇ ਜੱਜ ਹਰੇਕ ਮੁਲਜ਼ਮ ਸੰਬੰਧੀ ਚੋਣਵੇਂ ਤੱਥਾਂ ਦਾ ਹਵਾਲਾ ਦੇਣੋਂ ਉਕ ਗਏ ਹਨ ਪਰ ਕੋਈ ਵੀ ਸਾਧਾਰਨ ਇਨਸਾਨ ਕੇਸ ਦਾ ਮਸੌਦਾ ਪੜ੍ਹ ਕੇ ਕਹੇ ਬਿਨਾ ਰਹਿ ਨਹੀਂ ਸਕਦਾ ਕਿ ਇਹ ਸਾਰੇ ਦੇ ਸਾਰੇ ਹੀ ਇਸ ਸਾਜ਼ਿਸ਼ ਵਿਚ ਬਰਾਬਰ ਸ਼ਾਮਲ ਸਨ। ਮੈਂ ਫਿਰ ਆਪਣੀ ਪਹਿਲਾਂ ਦਿੱਤੀ ਟਿੱਪਣੀ 'ਤੇ ਕਾਇਮ ਹਾਂ। ਹੋ ਸਕਦੈ ਕਿ ਕਾਨੂੰਨੀ ਪੱਖੋਂ ਕੁਝ ਉਕਾਈਆਂ ਹੋਣ ਪਰ ਨਿਰੋਲ ਤੱਥਾਂ ਦੇ ਆਧਾਰ 'ਤੇ ਜੋ ਮੈਂ ਕਿਹਾ ਹੈ, ਉਹੋ ਠੀਕ ਲਗਦਾ ਹੈ, ਖਾਸ ਤੌਰ 'ਤੇ ਜਗਤ ਸਿੰਘ (ਸੁਰ ਸਿੰਘ), ਹਰਨਾਮ ਸਿੰਘ (ਸਿਆਲਕੋਟ) ਤੇ ਕਰਤਾਰ ਸਿੰਘ ਸਰਾਭਾ ਨੇ ਗ੍ਰਿਫ਼ਤਾਰੀ ਤੋਂ ਐਨ ਪਹਿਲਾਂ ਤੇ ਗ੍ਰਿਫ਼ਤਾਰੀ ਦੌਰਾਨ ਚੱਕ ਨੰਬਰ 5 (ਸਰਗੋਧਾ) ਵਿਚ 22 ਨੰਬਰ ਰਸਾਲੇ ਦੇ ਜਵਾਨਾਂ ਨੂੰ ਉਕਸਾ ਕੇ ਗ਼ਦਰ ਵਿਚ ਸ਼ਾਮਲ ਕਰਨ ਦਾ ਉਪਰਾਲਾ ਕੀਤਾ ਸੀ, ਉਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਣਾ ਚਾਹੀਦਾ ਜਿਵੇਂ ਕਿ (ਸਰ ਅਲੀ ਇਮਾਮ ਵੱਲੋਂ) ਕੀਤਾ ਗਿਆ ਹੈ।

**ਸਰ ਅਲੀ ਇਮਾਮ ਦਾ ਪ੍ਰਤੀਕਰਮ (11 ਅਕਤੂਬਰ, 1915) :** ਸਰ ਅਲੀ ਇਮਾਮ ਨੇ ਸੰਬੰਧਿਤ ਗਵਾਹਾਂ ਦੇ ਬਿਆਨਾਂ ਦਾ ਹਵਾਲਾ ਦੇ ਕੇ ਇਹ ਸਿੱਟਾ ਕੱਢ ਕੇ ਪੇਸ਼ ਕੀਤਾ ਕਿ ਭਾਵੇਂ ਕਿ ਇਨ੍ਹਾਂ (ਤਿੰਨਾਂ) ਦਾ ਇਰਾਦਾ ਇਨ੍ਹਾਂ ਫੌਜੀਆਂ ਨੂੰ ਗ਼ਦਰ ਲਈ ਨਾਲ ਮਿਲਾਉਣਾ ਹੀ ਹੋਵੇ ਪਰ ਅਸਲ ਵਿਚ ਇਹ ਅਮਲ ਕੇਵਲ ਇਕ ਧਾਰਨਾ ਤੋਂ ਅਗੇਰੇ ਗਏ ਸਾਬਤ ਨਹੀਂ ਹੁੰਦੇ। ਇਸ ਲਈ ਕੇਵਲ ਇਸ ਧਾਰਨਾ ਦੇ ਵਿਸ਼ਵਾਸ ਅਧੀਨ ਇਨ੍ਹਾਂ 'ਤੇ ਲਾਏ ਗਏ ਜੁਰਮ ਦੀ ਸਜ਼ਾ ਦੇਣਾ ਵਾਜਬ ਨਹੀਂ ਹੋਵੇਗਾ।

ਹੁਣ ਆ ਗਈ ਵਾਰੀ ਲਾਰਡ ਹਾਰਡਿੰਗ ਦੀ (ਮਿਤੀ:23 ਅਕਤੂਬਰ, 1915) ਭਾਵੇਂ ਸਰ ਮਾਈਕਲ ਉਡਵਾਇਰ ਤੇ ਸਰ ਕਰੈਡਰਾਕ ਦੀਆਂ ਟਿੱਪਣੀਆਂ ਬੜੀਆਂ ਸਪਸ਼ਟ ਤੇ ਸਾਰਥਕ ਨੇ ਪਰ ਇਹ ਪ੍ਰਤੱਖ ਤੌਰ 'ਤੇ ਕਾਰਜਕਾਰੀ ਅਫ਼ਸਰਾਂ ਦੀ ਸੋਚਣੀ ਦੀ ਪੈਦਾਵਾਰ ਹਨ....ਇਨ੍ਹਾਂ ਕੈਦੀਆਂ ਦਾ ਮਾਮਲਾ ਇਸ ਲਈ ਜ਼ਿਆਦਾ ਗੰਭੀਰ ਹੈ ਕਿਉਂਕਿ ਇਨ੍ਹਾਂ ਲਈ ਅਪੀਲ ਕਰਨ ਵਾਸਤੇ ਕੋਈ ਹੋਰ ਉਚੇਰੀ ਅਦਾਲਤ ਨਹੀਂ ਹੈ ਅਤੇ ਆਖਰੀ ਫੈਸਲਾ ਸਾਡੀ ਕੌਂਸਲ ਦੇ ਹੱਥ ਵਿਚ ਹੈ।

ਸਾਧਾਰਨ ਹਾਲਤਾਂ ਵਿਚ ਤਾਂ ਹਰੇਕ ਮੁਲਜ਼ਮ ਨੂੰ ਇਕ ਦੋ ਅਪੀਲਾਂ ਕਰਨ ਦਾ ਮੌਕਾ ਮਿਲਦਾ ਹੈ ਜਿਸ ਰਾਹੀਂ ਉਨ੍ਹਾਂ ਨੂੰ ਇਨਸਾਫ ਮਿਲ ਸਕਦਾ ਹੈ ਪਰ ਚੂੰਕਿ ਇਨ੍ਹਾਂ ਨੂੰ ਅਪੀਲ ਦਾ ਮੌਕਾ ਨਹੀਂ ਮਿਲਿਆ, ਇਸ ਲਈ ਸਾਡੀ ਜ਼ਿੰਮੇਵਾਰੀ ਵਧ ਜਾਂਦੀ ਹੈ ਕਿ ਬੇਇਨਸਾਫੀ ਨਾ ਹੋਵੇ।

ਮੇਰੀ ਰਾਇ ਵਿਚ ਇਸ (ਸਪੈਸ਼ਲ) ਕਾਨੂੰਨ ਅੰਦਰ ਇਹ ਇਕ ਵੱਡਾ ਨੁਕਸ ਹੈ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਸਰ ਮਾਈਕਲ ਉਡਵਾਇਰ ਤੇ ਸਰ ਕਰੈਡਰਾਕ ਦੀਆਂ ਟਿੱਪਣੀਆਂ ਭਾਵੇਂ ਕਾਰਜਕਾਰੀ ਪੱਖ ਤੋਂ ਥਲਾਘਾਯੋਗ ਹਨ ਪਰ ਕਾਨੂੰਨੀ (ਮਾਹਿਰ) ਮੈਂਬਰ ਸਰ ਅਲੀ ਇਮਾਮ ਦੀ ਰਾਇ ਤੋਂ ਸਲਾਹ ਲੈਣੀ ਠੀਕ ਸਮਝੀ ਸੀ ਜਿਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਏਨੀ ਗਹੁ ਨਾਲ ਸਾਰੇ ਕੇਸ ਨੂੰ ਵਾਚਿਆ ਹੈ ਤੇ ਏਨੇ ਸਪਸ਼ਟ ਰੂਪ ਵਿਚ ਕਾਨੂੰਨੀ ਪੱਖ ਨੂੰ ਉਜਾਗਰ ਕੀਤਾ ਹੈ।

ਸਰ ਅਲੀ ਇਮਾਮ ਦੀ ਟਿੱਪਣੀ ਦੇ ਅਖੀਰਲੇ ਪੈਰੇ ਵਿਚ 'ਸਿਆਸੀ ਮਸਲਤਾਂ' ਵੱਲ ਇਸ਼ਾਰਾ ਕੀਤਾ ਗਿਆ ਹੈ ਜਿਸ ਬਾਰੇ ਮੈਂ ਸਮਸ਼ਟ ਤੌਰ 'ਤੇ ਕਹਿਣਾ ਚਾਹਾਂਗਾ ਕਿ ਐਸੀ ਕੋਈ ਗੱਲ ਨਹੀਂ ਤੇ ਇਹ ਮਸਲਾ ਨਿਰੋਲ ਕਾਨੂੰਨ ਤੇ ਨਿਆਂ ਦਾ ਹੈ।

ਜਿਵੇਂ ਕਿ ਸਰ ਅਲੀ ਇਮਾਮ ਨੇ ਲਿਖਿਆ ਹੈ ਕਿ ਜੱਜ ਸਾਹਿਬਾਨ ਨੇ ਵਿਅਕਤੀਗਤ ਰੂਪ ਵਿਚ ਇਕ ਇਕ ਮੁਲਜ਼ਮ ਦੇ ਰੋਲ ਬਾਰੇ ਨਿਰਣਾ ਕਰਦਿਆਂ ਦਫਾ 121 (ਬਾਦਸ਼ਾਹ ਵਿਰੁੱਧ ਜਹਾਦ) ਅਤੇ 121-ਏ (ਸਰਕਾਰ ਵਿਰੁੱਧ ਅਪਰਾਧਾਂ ਸੰਬੰਧੀ ਸਾਜ਼ਿਸ਼) ਵਿਚਾਲੇ ਸਪਸ਼ਟ ਲਕੀਰ ਨਹੀਂ ਖਿੱਚੀ। (ਇਹ ਇਸ ਲਈ ਜ਼ਰੂਰੀ ਸੀ ਕਿਉਂਕਿ ਜਿਥੇ 121 ਦਫਾ ਤਹਿਤ ਮੌਤ ਦੀ ਸਜ਼ਾ ਵੀ ਮਿਲ ਸਕਦੀ ਹੈ, 121-ਏ ਤਹਿਤ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਉਮਰ ਕੈਦ ਹੈ) ਇਸ ਪਰਥਾਏ ਸਰ ਅਲੀ ਇਮਾਮ ਨੇ ਸਰ ਐਸ. ਸੀ. ਕਾਰਨਡਫ ਦੀ 'ਮਾਨਕਤਲਾ ਬੰਬ ਕੇਸ' ਦੌਰਾਨ ਦਿੱਤੀ ਰਾਇ ਦਾ ਹਵਾਲਾ ਵੀ ਦਿੱਤਾ ਹੈ ਅਤੇ ਮੇਰੇ ਲਈ ਅਜਿਹੇ ਜੱਜ ਦੀ ਰਾਇ ਨੂੰ ਅਣਗੌਲਿਆਂ ਕਰਨਾ ਬਹੁਤ ਔਖਾ ਹੈ ਜਿਸ ਦੀ ਮੈਂ ਨਿੱਜੀ ਤੌਰ 'ਤੇ ਬਹੁਤ ਇੱਜ਼ਤ ਕਰਦਾ ਹਾਂ।

ਮੈਂ ਸਿਧਾਂਤਕ ਤੌਰ 'ਤੇ ਆਪਣੇ ਕਾਨੂੰਨੀ ਮੈਂਬਰ ਦੀ ਰਾਇ ਦਾ ਸਨਮਾਨ ਕਰਨ ਦਾ ਪਾਬੰਦ ਹੁੰਦਿਆਂ ਉਸ ਦੀ ਰਾਇ ਸਿਵਾਏ ਕਰਤਾਰ ਸਿੰਘ (ਸਰਾਭਾ) ਦੇ ਬਾਕੀਆਂ ਪਰਥਾਏ

ਸਵੀਕਾਰ ਕਰਦਾ ਹਾਂ ਜਿਸ ਬਾਰੇ ਮੈਂ ਇਸ ਮੁੱਦੇ 'ਤੇ ਸਹਿਮਤ ਨਹੀਂ ਹਾਂ ਕਿ ਇਸ ਨੇ ਦਫਾ 121 ਤਹਿਤ ਜੁਰਮ ਨਹੀਂ ਕੀਤਾ। ਸੋ ਇਸ ਨੂੰ ਛੱਡ ਕੇ ਬਾਕੀ ਗਿਆਰਾਂ ਦੀ 121 ਦਫਾ ਤਹਿਤ ਸਜ਼ਾ ਨੂੰ ਅਯੋਗ ਕਰਾਰ ਦਿੰਦਾ ਹਾਂ।

ਹੋ ਸਕਦੈ ਮੇਰੀ ਇਸ ਧਾਰਨਾ ਸੰਬੰਧੀ ਕਿਸੇ ਹੋਰ ਕਾਨੂੰਨੀ ਮਾਹਿਰ, ਭਾਵ ਐਡਵੋਕੇਟ ਜਨਰਲ ਦੀ ਰਾਇ ਲੈਣਾ ਕੁਥਾਏਂ ਨਾ ਹੋਵੇ। ਪਰ ਅਜਿਹਾ ਕਰਨ ਨਾਲ ਮਾਮਲਾ ਹੋਰ ਵੀ ਉਲਝ ਸਕਦਾ ਹੈ, ਖਾਸ ਕਰ ਕੇ ਇਸ ਲਈ ਕਿ (ਮੌਜੂਦਾ) ਐਡਵੋਕੇਟ ਜਨਰਲ ਦੀ ਰਾਇ ਭਰੋਸੇਯੋਗ ਨਹੀਂ ਕਹੀ ਜਾ ਸਕਦੀ।

ਇਸ ਤੋਂ ਇਲਾਵਾ ਮੈਨੂੰ ਪ੍ਰਾਈਵੇਟ ਤੌਰ 'ਤੇ ਖੋਜ ਪੜਤਾਲ ਰਾਹੀਂ ਸਹੀ ਤੱਥਾਂ ਨੂੰ ਲੱਭਣ ਦਾ ਸੁਝਾਅ ਵੀ ਦਿੱਤਾ ਗਿਆ ਹੈ ਜਿਹੜਾ ਮਾਣਯੋਗ ਜੱਜ ਸਾਹਿਬਾਨ ਦੇ ਫੈਸਲੇ ਦੀ ਸ਼ਾਨ ਦੇ ਅਨੁਸਾਰ ਨਹੀਂ ਹੋ ਸਕੇਗਾ।

**ਮੁੱਕਦੀ ਗੱਲ :** ਮੌਜੂਦਾ ਹਾਲਾਤ ਤਹਿਤ ਸਰਕਾਰੇ-ਹਿੰਦ, ਜਿਹੜੀ ਨਿਆਇਕ ਸੰਸਥਾ ਨਹੀਂ ਹੈ ਅਤੇ ਨਿਆਇਕ ਯੋਗਤਾ ਨਹੀਂ ਰੱਖਦੀ, ਲਈ ਸਿਵਾਏ ਅਲੀ ਇਮਾਮ ਦੀ ਰਾਇ (ਇਕ ਕਰਤਾਰ ਸਿੰਘ ਨੂੰ ਛੱਡ ਕੇ) ਨੂੰ ਮੰਨ ਲੈਣੋਂ ਹੋਰ ਕੋਈ ਰਾਹ ਨਹੀਂ।

ਕਰਤਾਰ ਸਿੰਘ ਸਰਾਭਾ ਦਾ ਜਿੱਥੋਂ ਤਕ ਸੰਬੰਧ ਹੈ ਇਹ ਇਸ ਸਾਰੇ ਲਾਣੇ ਵਿੱਚੋਂ ਅਤੀ ਮਾੜਿਆਂ ਵਿੱਚੋਂ ਇਕ ਹੈ। ਸਰ ਅਲੀ ਇਮਾਮ ਨੇ ਸਿਰਫ ਇਸ ਦੀ ਅੱਲ੍ਹੜ ਅਵਸਥਾ ਦੇ ਆਧਾਰ 'ਤੇ ਰਹਿਮ ਦੀ ਸਿਫਾਰਸ਼ ਕੀਤੀ ਹੈ। ਮੈਂ ਵੀ ਉਨ੍ਹਾਂ (ਸਰ ਅਲੀ ਇਮਾਮ) ਵਾਂਗ ਹੀ ਅੱਲ੍ਹੜ ਵਿਅਕਤੀ ਦੀ ਜਾਨ ਲੈਣੋਂ ਘ੍ਰਿਣਾ ਕਰਦਾ ਹਾਂ। ਜਿਵੇਂ ਮੇਰੀ ਯਾਦਦਾਸ਼ਤ ਆਪਣੇ ਬਾਰੇ ਕੰਮ ਕਰਦੀ ਹੈ ਮੈਂ ਇਹ ਕਹਿ ਸਕਦਾ ਹਾਂ ਕਿ 19 ਤੇ 20 ਸਾਲ ਦੀ ਉਮਰੇ ਮੈਂ ਕਈ ਮੂਰਖਾਨਾ ਤੇ ਅੱਧਘੜੇ ਵਿਚਾਰ ਰੱਖਦਾ ਸਾਂ ਜਿਨ੍ਹਾਂ ਨੂੰ ਮੈਂ ਹੁਣ ਕਿਸੇ ਤਰ੍ਹਾਂ ਵੀ ਨਾਲ ਰੱਖਣ ਨੂੰ ਤਿਆਰ ਨਹੀਂ ਹੋ ਸਕਦਾ। ਪਰ ਮੈਂ ਇਸ ਮਾਮਲੇ ਵਿਚ ਆਪਣੇ ਵਿਚਾਰ ਠੋਸਣਾ ਨਹੀਂ ਚਾਹੁੰਦਾ ਅਤੇ ਇਸ ਲਈ ਮੈਂ ਇਸ ਮੁੱਦੇ ਨੂੰ ਆਪਣੇ ਸਹਿਯੋਗੀਆਂ ਦੀ ਬਹੁਸੰਮਤੀ 'ਤੇ ਛੱਡਦਾ ਹਾਂ। ਜੇ ਕਿਤੇ ਮੇਰੇ ਸਹਿਯੋਗੀਆਂ ਦੀ ਰਾਇ ਫੈਸਲਾਕੁੰਨ ਨਾ ਹੋਵੇ (ਭਾਵ ਬਰਾਬਰ ਬਰਾਬਰ ਹੋਵੇ) ਤਾਂ ਮੇਰੀ ਰਾਇ ਨੂੰ ਆਖਰੀ ਮੰਨਿਆ ਜਾਵੇ।

ਨਿੱਜੀ ਤੌਰ 'ਤੇ ਲਾਰਡ ਹਾਰਡਿੰਗ ਭਾਵੇਂ ਸਰ ਅਲੀ ਇਮਾਮ ਨਾਲ 121 ਦਫਾ ਤੇ ਕਾਨੂੰਨੀ ਰਾਇ ਨਾਲ (ਕਰਤਾਰ ਸਿੰਘ ਬਾਰੇ) ਸਹਿਮਤ ਨਹੀਂ ਸੀ ਪਰ ਮਨੁੱਖੀ ਆਧਾਰ 'ਤੇ ਭਾਵ ਕਰਤਾਰ ਸਿੰਘ ਦੀ ਅੱਲ੍ਹੜ ਜਵਾਨੀ ਨੂੰ ਮੁੱਖ ਰੱਖਦਿਆਂ ਫਾਂਸੀ ਤੋੜਨ ਦੇ ਹੱਕ ਵਿਚ ਸੀ, ਬਸ਼ਰਤੇ ਕੌਂਸਲ ਦੀ ਬਹੁਗਿਣਤੀ ਇਸ ਦਾ ਵਿਰੋਧ ਨਾ ਕਰੇ।

**ਬੀ. ਡੱਫ. ਕੌਂਸਲ ਮੈਂਬਰ (12 ਨਵੰਬਰ, 1915) :** ਮੇਰੀ ਰਾਇ (ਕਰਤਾਰ ਸਿੰਘ) ਮੌਤ ਦੀ ਸਜ਼ਾ ਦੇਣ ਦੇ ਹੱਕ ਵਿਚ ਹੈ।

ਡਬਲਿਊ. ਐਚ. ਕਲਾਰਕ (ਮਿਤੀ: 3 ਨਵੰਬਰ, 1915) : ਮੇਰੀ ਕਾਨੂੰਨੀ ਮੈਂਬਰ (ਸਰ ਅਲੀ ਇਮਾਮ) ਦੀਆਂ ਟਿੱਪਣੀਆਂ ਬਾਰੇ ਅਸੂਲੀ ਇਖਤਲਾਫ ਹੈ ਕਿਉਂਕਿ ਅਜਿਹਾ ਕਰਦਿਆਂ ਉਸ ਨੇ ਇਕ ਉਚੇਰੀ ਅਦਾਲਤ ਦੇ ਜੱਜ ਵੱਲੋਂ ਹੇਠਲੀ ਅਦਾਲਤ ਦਾ ਕਾਨੂੰਨੀ ਪੱਖੋਂ ਮੁਲਾਂਕਣ ਕੀਤਾ ਹੈ ਜਿਹੜਾ ਗਰਵਰਨਰ ਜਨਰਲ ਦੇ ਕਾਰਜ ਖੇਤਰ ਤੋਂ ਬਾਹਰ ਪੈਂਦਾ ਹੈ।

ਜਿੱਥੋਂ ਤੱਕ ਲਾਰਡ ਹਾਰਡਿੰਗ ਦੇ ਸੰਕੇਤ ਕਿ 'ਮੈਂ ਆਪਣੇ ਕਾਨੂੰਨੀ ਮੈਂਬਰਾਂ ਦੀ ਰਾਇ ਮੰਨਣ ਦਾ ਵਿਧਾਨਕ ਤੌਰ 'ਤੇ ਪਾਬੰਦ ਹਾਂ' ਦਾ ਸੰਬੰਧ ਹੈ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੀ ਬਾਕੀ ਮੈਂਬਰਾਂ ਦੀ ਰਾਇ ਬੇਮਤਲਬ ਰਹਿ ਜਾਂਦੀ ਹੈ ਤੇ ਜਿੱਥੇ ਤੱਕ ਮੇਰੀ ਜਾਣਕਾਰੀ ਹੈ ਕੋਈ ਅਜਿਹੀ ਵਿਵਸਥਾ ਵਿਧਾਨ ਵਿਚ ਹੈ ਨਹੀਂ।

ਪਰ ਫਰਜ਼ ਕਰੋ ਕਿ ਗਵਰਨਰ ਜਨਰਲ ਕਾਨੂੰਨੀ ਮੈਂਬਰਾਂ ਦੀ ਰਾਇ ਮੰਨਣ ਲਈ ਪਾਬੰਦ ਹੈ ਤਾਂ ਫੇਰ ਅਮਲੀ ਤੌਰ 'ਤੇ ਸਰ ਅਲੀ ਇਮਾਮ ਹੀ ਅਪੀਲ ਖਾਤਰ ਸਭ ਤੋਂ ਉਤਮ ਅਧਿਕਾਰੀ ਮੰਨ ਲਿਆ ਗਿਆ ਹੋਵੇਗਾ। ਦਲੀਲ ਦਿੱਤੀ ਜਾ ਸਕਦੀ ਹੈ ਕਿ ਚੂੰਕਿ ਡਿਫੈਂਸ ਆਫ ਇੰਡੀਆ ਐਕਟ (ਉਚੇਚੇ ਤੌਰ 'ਤੇ ਬਣਾਏ ਗਏ ਕਾਨੂੰਨ) ਵਿਚ ਅਪੀਲ ਦੀ ਗੁੰਜਾਇਸ਼ ਨਹੀਂ ਹੈ, ਸਿਰਫ ਇਸ ਲਈ ਹੀ ਇਹ ਨਿਵੇਕਲਾ ਰਸਤਾ ਅਪਣਾਇਆ ਜਾ ਰਿਹਾ ਹੈ। ਅਸਲ ਵਿਚ ਅਜਿਹਾ ਜਾਣਬੁੱਝ ਕੇ ਹੀ ਤਾਂ ਕੀਤਾ ਗਿਆ ਸੀ ਕਿਉਂਕਿ ਜੰਗ ਤੇ ਜੰਗ ਤੋਂ ਉਪਜੇ ਖਾਸ ਹਾਲਾਤ ਦੀ ਮਜ਼ਬੂਰੀ ਸੀ। ਜੇ ਇਹ ਦਰੁਸਤ ਹੈ ਤਾਂ ਕੀ ਅਸੀਂ ਜਿਥੇ ਸਾਧਾਰਨ ਅਪੀਲ ਦੀ ਵਿਵਸਥਾ ਨਹੀਂ ਕੀਤੀ ਉਥੇ ਉਸ ਦੀ ਬਜਾਏ ਇਕ ਹੋਰ ਖੁਫੀਆ ਅਦਾਲਤ ਸਥਾਪਤ ਕਰ ਰਹੇ ਹੋਵਾਂਗੇ। ਇਹ ਇਕ ਖਤਰਨਾਕ ਪ੍ਰਥਾ ਸਾਬਤ ਹੋ ਸਕਦੀ ਹੈ ਕਿਉਂਕਿ ਕੱਲ੍ਹ ਭਲਕੇ ਇਸੇ ਪ੍ਰਥਾ ਨੂੰ ਕਿਸੇ ਸਾਧਾਰਨ ਫੌਜਦਾਰੀ ਦੇ ਮਾਮਲੇ ਵਿਚ, ਜਿਥੇ ਅਪੀਲ ਦੀ ਵਿਵਸਥਾ ਹੈ, ਵੀ ਲਾਗੂ ਕੀਤਾ ਜਾ ਸਕਦਾ ਹੈ। ਸਿੱਟਾ ਇਹ ਨਿਕਲੇਗਾ ਕਿ ਕਾਰਜਪਾਲਿਕਾ ਦਾ ਨਿਆਂਪਾਲਿਕਾ ਨਾਲ ਸੰਬੰਧ ਗਲਤ ਕਿਸਮ ਦਾ ਹੋ ਨਿਬੜੇਗਾ। ਸਾਨੂੰ ਕਿਸੇ ਸੂਰਤ ਵਿਚ ਵੀ ਇਕ ਹੋਰ ਅਪੀਲੀ ਅਦਾਲਤ ਦਾ ਰੂਪ ਨਹੀਂ ਧਾਰਨਾ ਚਾਹੀਦਾ।

ਖਾਲਸ ਕਾਨੂੰਨੀ ਮੁੱਦੇ ਬਾਰੇ ਸਾਡੇ ਸਾਹਮਣੇ ਦੋ ਦ੍ਰਿਸ਼ਟੀਕੋਣ ਮੌਜੂਦ ਨੇ। ਜਿੱਥੋਂ ਤੱਕ ਅਦਾਲਤ ਦਾ ਸੰਬੰਧ ਹੈ (ਲਗਭਗ) ਸਾਰੇ ਦੇ ਸਾਰੇ ਮੁਲਜ਼ਮ ਜੰਗ (ਭਾਵ ਜੁਲਾਈ–ਅਗਸਤ 1914) ਸ਼ੁਰੂ ਹੋਣ ਤੋਂ ਲੈ ਕੇ ਪਿੱਛੋਂ ਕੀਤੇ ਸਾਰੇ ਗੈਰ–ਕਾਨੂੰਨੀ ਕੰਮਾਂ ਨੂੰ ਮੁੱਖ ਰੱਖਦਿਆਂ, ਸਪਸ਼ਟ ਰੂਪ ਵਿਚ ਦਫਾ 121 ਦੇ ਭਾਗੀ ਹਨ। ਪਰ ਜਿੱਥੋਂ ਤੱਕ ਸਰ ਅਲੀ ਇਮਾਮ ਦੀ ਇਸ ਬਾਰੇ ਵਿਆਖਿਆ ਹੈ, ਉਹ ਇਸ ਸਭ ਕਾਸੇ ਨੂੰ ਜੰਗ ਛੇੜਨ ਲਈ ਮੁੱਢਲੀਆਂ ਕਾਰਵਾਈਆਂ ਕਰਾਰ ਦਿੰਦੇ ਹੋਏ ਇਨ੍ਹਾਂ ਨੂੰ ਦਫਾ 121 ਦੀ ਮਾਰ ਹੇਠੋਂ ਬਚਾਉਂਦੇ ਹਨ। ਮੇਰਾ ਮੁੱਖ ਮੁੱਦਾ ਹੈ ਕਿ ਕਾਨੂੰਨੀ ਤੌਰ 'ਤੇ ਸਰਕਾਰ ਹਿੰਦ ਇੰਝ ਕਰ ਸਕਣ ਦੀ ਸਮਰੱਥਾ ਨਹੀਂ ਰੱਖਦੀ। ਸੋ ਸਾਨੂੰ ਇਸ ਹਾਲਤ ਵਿਚ, ਜਿਥੇ ਜਾਣ ਬੁੱਝ ਕੇ ਅਪੀਲ ਦੀ ਵਿਵਸਥਾ ਨਹੀਂ ਕੀਤੀ ਗਈ, ਕੇਵਲ

ਮੁਲਜ਼ਮਾਂ ਦੇ ਖਾਸ ਨਿੱਜੀ ਹਾਲਾਤ ਦੀ ਬਿਨਾ 'ਤੇ ਹੀ ਸਜਾਵਾਂ 'ਤੇ ਗੌਰ ਕਰਨਾ ਚਾਹੀਦਾ ਹੈ ਜਿਵੇਂ ਕਿ ਪ੍ਰਚੱਲਤ ਪ੍ਰਥਾ ਚਲਦੀ ਆ ਰਹੀ ਹੈ ਤੇ ਨਵੀਂ ਪਿਰਤ ਨਹੀਂ ਪਾਉਣੀ ਚਾਹੀਦੀ।

ਕਰਤਾਰ ਸਿੰਘ ਬਾਰੇ ਮੇਰੀ ਰਾਇ ਉਸ ਦੀ ਪਹਿਲੀ ਸਜ਼ਾ (ਫਾਂਸੀ) ਨੂੰ ਬਰਕਰਾਰ ਰੱਖਣ ਦੇ ਹੱਕ ਵਿਚ ਹੈ।

ਡਬਲਿਊ. ਐਸ. ਮਾਇਰ (ਮਿਤੀ :4.11.1915): ਮੈਂ ਡਬਲਿਊ. ਐਚ. ਕਲਾਰਕ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਗਵਰਨਰ ਜਨਰਲ ਕੌਂਸਲ ਨੂੰ ਅਜਿਹੇ ਮਾਮਲਿਆਂ ਵਿਚ ਉਚੇਰੀ ਅਦਾਲਤ ਦੇ ਤੌਰ 'ਤੇ ਅਦਾਲਤੀ ਨਿਰਣਿਆਂ ਦੀ ਘੋਖ ਪੜਤਾਲ ਨਹੀਂ ਕਰਨੀ ਚਾਹੀਦੀ। ਪਰ ਨਾਲ ਹੀ ਮੈਂ ਗਰਵਰਨਰ ਜਨਰਲ ਦੇ ਕਾਨੂੰਨੀ ਮੈਂਬਰ ਦੀ ਰਾਇ ਨੂੰ ਉਚੇਰਾ ਤੇ ਨਿਵੇਕਲਾ ਸਥਾਨ ਦੇਣ ਨੂੰ ਗਲਤ ਨਹੀਂ ਸਮਝਦਾ।

ਬਾਕੀ ਜਿਥੇ ਸਰ ਅਲੀ ਇਮਾਮ ਦਿਨ੍ਹਾਂ ਦੋਸ਼ੀਆਂ ਨੂੰ ਦਫਾ 121 ਏ (ਸਜ਼ਾ ਵੱਧ ਤੋਂ ਵੱਧ ਉਮਰ ਕੈਦ) ਤੋਂ ਅੱਗੇ ਜਾ ਕੇ 121 (ਸਜ਼ਾ ਵੱਧ ਤੋਂ ਵੱਧ ਫਾਂਸੀ) ਤਕ ਲਿਜਾਣ ਲਈ ਸਹਿਮਤ ਨਹੀਂ। ਭਾਵੇਂ ਸਰ ਅਲੀ ਇਮਾਮ ਦੀ ਦਲੀਲ ਕਿ ਜੱਜ ਸਾਹਿਬਾਨ ਨੇ ਇਕ ਇਕ ਮੁਲਜ਼ਮ ਬਾਰੇ ਉਹ ਖਾਸ ਤੱਥ ਨਹੀਂ ਜੁਟਾਏ ਜਿਨ੍ਹਾਂ ਅਧੀਨ ਦੋਸ਼ੀ ਨੂੰ 121 ਦਫਾ ਤਹਿਤ ਸਜ਼ਾ ਦਿੱਤੀ ਜਾ ਸਕੇ। ਪਰ ਕਲਾਰਕ ਦਾ ਕਹਿਣਾ ਕਿ ਹਰੇਕ ਦੋਸ਼ੀ ਦੇ ਜੰਗ ਲੱਗਣ ਮਤਲਬ ਜੁਲਾਈ-ਅਗਸਤ 1914 ਤੋਂ ਲੈ ਕੇ ਸਾਰੀਆਂ ਗੈਰ-ਕਾਨੂੰਨੀ ਕਾਰਵਾਈਆਂ ਪ੍ਰਤੱਖ ਰੂਪ ਵਿਚ ਦਫਾ 121 ਦੀਆਂ ਮਜ਼ਾਜ ਹੀ ਤਾਂ ਹਨ।

ਮੈਂ ਨਿੱਜੀ ਤੌਰ 'ਤੇ ਸਰ ਅਲੀ ਇਮਾਮ ਦੀ ਰਾਇ, ਜੋ ਕਿ ਤਿੰਨ ਜੱਜੀ ਅਦਾਲਤ ਦੇ ਸਰਬਸੰਮਤੀ ਨਾਲ ਲਏ ਗਏ ਫੈਸਲਿਆਂ ਬਾਰੇ ਨਰਮੀ ਦਿਖਾਉਣ ਨੂੰ ਰਾਜਸੀ ਪੱਖੋਂ ਵੀ ਘਾਟੇਵੰਦਾ ਸਮਝਦਾ ਹਾਂ ਕਿਉਂਕਿ ਇਸ ਤਰ੍ਹਾਂ ਸਰਕਾਰ ਆਪਣੀ ਕਮਜ਼ੋਰੀ ਦਾ ਪ੍ਰਗਟਾਵਾ ਕਰ ਰਹੀ ਹੋਵੇਗੀ। ਭਾਵੇਂ ਲਾਰਡ ਵਾਇਸਰਾਏ ਨੇ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਸਿਆਸੀ ਮਸਲੱਤ ਦੀ ਦਖਲਅੰਦਾਜ਼ੀ ਨੂੰ ਨਾਵਾਜਬ ਦੱਸਿਆ ਹੈ। ਪਰ ਸਾਨੂੰ ਨਿਆਂ ਦੀ ਲਕੀਰ ਖਿੱਚਦਿਆਂ ਇਹ ਵੀ ਚੰਗੀ ਤਰ੍ਹਾਂ ਘੋਖ ਲੈਣਾ ਚਾਹੀਦਾ ਹੈ ਕਿ ਕਿਤੇ ਅਜਿਹਾ ਕਰਦਿਆਂ ਅਸੀਂ ਉਸੇ ਬਲਾ ਨੂੰ ਮੁੜ ਆਉਣ ਦਾ ਸੱਦਾ ਤਾਂ ਨਹੀਂ ਦੇ ਰਹੇ ਜਿਸ ਤੋਂ ਅਸੀਂ ਮੁਸ਼ਕਲ ਨਾਲ ਬਚੇ ਹਾਂ। ਸੋ ਮੇਰੇ ਖਿਆਲ ਵਿਚ ਦੂਸਰੀ ਕਾਨੂੰਨੀ ਰਾਇ ਜ਼ਰੂਰੀ ਲੈਣੀ ਚਾਹੀਦੀ ਹੈ।

ਹੁਣ ਚੂੰਕਿ ਲਾਰਡ ਵਾਇਸਰਾਏ ਐਡਵੋਕੇਟ ਜਨਰਲ ਦੀ ਰਾਏ ਲੈਣ ਦੇ ਹੱਕ ਵਿਚ ਨਹੀਂ ਪਰ ਖੁਸ਼ਕਿਸਮਤੀ ਨਾਲ ਸਾਡੇ ਪਾਸ ਸਾਡੇ ਸਹਿਯੋਗੀ ਸਰ. ਸੀ. ਸ਼ੰਕਰਨ ਨਾਇਰ (ਹਿੰਦੁਸਤਾਨੀ ਮੈਂਬਰ) ਮੌਜੂਦ ਹਨ। ਜਿਹੜੇ ਸਿਰਕੱਢ ਕਾਨੂੰਨਦਾਨ ਤੇ ਮਾਹਿਰ ਤਜਰਬੇਕਾਰ ਵਕੀਲ ਹੁੰਦੇ ਹੋਏ ਸਾਨੂੰ ਢੁਕਵੀਂ ਰਾਇ ਦੇ ਸਕਣਗੇ। ਜੇ ਤਾਂ ਉਨ੍ਹਾਂ ਨੇ ਸਰ ਅਲੀ ਇਮਾਮ ਦੀ ਰਾਇ ਦੀ ਪੁਸ਼ਟੀ ਕਰ ਦਿੱਤੀ ਤਾਂ ਫਿਰ ਉਹ ਰਾਇ ਆਖਰੀ ਹੋਵੇਗੀ। ਪਰ ਜੇ ਅਸਹਿਮਤ ਹੋਏ ਤਾਂ ਫਿਰ ਜੱਜ ਸਾਹਿਬਾਨ ਦੇ ਫੈਸਲੇ ਨੂੰ ਅੰਤਿਮ ਮੰਨਿਆ ਜਾਵੇ।

ਕਰਤਾਰ ਸਿੰਘ (ਸਰਾਭਾ) ਬਾਰੇ ਮੇਰੀ ਰਾਇ ਵੀ ਸਰ ਕਲਾਰਕ ਵਾਲੀ ਰਾਇ ਸਜ਼ਾ ਬਹਾਲ ਰੱਖਣ ਦੇ ਹੱਕ ਵਿਚ ਜਾਂਦੀ ਹੈ।

ਸੀ. ਐਚ. ਏ. ਹਿਲ (ਮਿਤੀ 6 ਨਵੰਬਰ,1915): ਮੈਂ ਸਮੁੱਚੇ ਤੌਰ 'ਤੇ ਸਰ ਕਲਾਰਕ ਤੇ ਮਾਇਰ ਦੇ ਵਿਚਾਰਾਂ ਨਾਲ ਸਹਿਮਤ ਹਾਂ। ਮੇਰੇ ਵਿਚਾਰ ਵਿਚ ਇਹ ਸਾਰੇ ਦੇ ਸਾਰੇ ਦੋਸ਼ੀ ਦਫਾ 121 ਤਹਿਤ ਸਜ਼ਾ ਦੇ ਹੱਕਦਾਰ ਹਨ।

ਮੇਰੀ ਰਾਇ ਮੁਤਾਬਿਕ ਸਜ਼ਾ ਨੂੰ ਘਟਾਉਣਾ ਕੇਵਲ ਰਹਿਮ ਦੀ ਬਿਨਾ 'ਤੇ ਹੀ ਹੋ ਸਕਦਾ ਹੈ ਅਤੇ ਸਜ਼ਾ ਘੱਟਾਉਣ ਵਾਲੇ ਹੁਕਮ ਵਿਚ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ, ਵਜ੍ਹਾ ਦੱਸਣਾ ਬੋਲੋੜਾ ਹੋਵੇਗਾ। ਕਰਤਾਰ ਸਿੰਘ (ਸਰਾਭਾ) ਬਾਰੇ ਮੇਰੀ ਰਾਇ ਵੀ ਉਸ ਦੀ ਸਜ਼ਾ ਕਾਇਮ ਰੱਖਣ ਦੇ ਹੱਕ ਵਿਚ ਹੈ। ਸਰ ਸ਼ੰਕਰਨ ਨਾਇਰ (ਮਿਤੀ : 9 ਨਵੰਬਰ, 1915): ਹਾਲਾਂਕਿ ਸਰ ਮਾਇਰ ਤੇ ਦੂਸਰੇ ਸਹਿਯੋਗੀਆਂ ਦੀਆਂ ਦਲੀਲਾਂ ਪੂਰੀ ਤਰ੍ਹਾਂ ਰੱਦ ਨਹੀਂ ਕੀਤੀਆਂ ਜਾ ਸਕਦੀਆਂ ਪਰ ਕੁੱਲ ਮਿਲਾ ਕੇ ਮੇਰੀ ਰਾਇ ਸਰ ਅਲੀ ਇਮਾਮ ਨਾਲ ਮੇਲ ਖਾਂਦੀ ਹੈ।

ਕਰਤਾਰ ਸਿੰਘ (ਸਰਾਭਾ) : ਬੇਸ਼ੱਕ ਇਸ ਨੂੰ ਠੀਕ ਤੇ ਵਾਜਬ ਹੀ ਦਫਾ 121 ਤਹਿਤ ਦੋਸ਼ੀ ਮੰਨਿਆ ਗਿਆ ਹੈ। ਮੇਰੇ ਖਿਆਲ ਵਿਚ ਇਥੇ ਸਵਾਲ ਕਾਨੂੰਨੀ ਪਹਿਲੂ ਦਾ ਨਹੀਂ ਕਿਉਂਕਿ ਕਾਨੂੰਨ ਅਨੁਸਾਰ ਇਸ ਦਫਾ (121) ਲਈ ਮੌਤ ਦੀ ਬਜਾਏ ਉਮਰ ਕੈਦ ਕਾਨੂੰਨੀ ਤੌਰ 'ਤੇ ਦਿੱਤੀ ਜਾ ਸਕਦੀ ਹੈ। ਵਿਚਾਰ ਅਧੀਨ ਮੁੱਦਾ ਸਿਰਫ ਇਹ ਹੈ ਕਿ ਸਾਡਾ ਜੱਜ ਸਾਹਿਬਾਨ ਵੱਲੋਂ ਵਰਤੀ ਵਿਵੇਕ ਦੇ ਮਾਮਲੇ ਵਿਚ ਦਖਲ ਦੇਣਾ ਬਣਦਾ ਹੈ ਜਾਂ ਨਹੀਂ। ਔਰਤਾਂ ਤੇ ਨੌਜਵਾਨ ਵਿਅਕਤੀਆਂ (ਇਸ ਦੀ ਉਮਰ 20 ਸਾਲ ਦੱਸੀ ਜਾਂਦੀ ਹੈ) ਬਾਰੇ ਅਸੀਂ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹਾਂ ਕਿ ਇਹ ਆਪਣੇ ਨਾਲੋਂ ਜ਼ਿਆਦਾ ਦ੍ਰਿੜ੍ਹ ਇਰਾਦੇ ਵਾਲੇ ਵਿਅਕਤੀਆਂ ਦੇ ਪ੍ਰਭਾਵ ਹੇਠਾਂ ਚੱਲੇ ਹੋਣਗੇ ਤੇ ਸਾਧਾਰਨ ਹਾਲਤਾਂ ਵਿਚ ਇਨ੍ਹਾਂ (ਇਸਤਰੀਆਂ ਤੇ ਨੌਜਵਾਨਾਂ) ਲਈ ਸਵਾਏ ਸਹਿਮਤੀ ਦੇ ਕੋਈ ਹੋਰ ਰਸਤਾ ਨਹੀਂ ਹੁੰਦਾ। ਜਿੱਥੇ ਸਾਨੂੰ ਨਜ਼ਰ ਆਵੇ ਕਿ ਇਹ ਆਪਣੀ ਮਰਜ਼ੀ ਅਨੁਸਾਰ ਚੱਲਦੇ ਰਹੇ ਹਨ ਤੇ ਕਿਸੇ ਨੇ ਇਨ੍ਹਾਂ ਨੂੰ ਵਰਗਲਾਇਆ ਨਹੀਂ ਤੇ ਜੇ ਇਨ੍ਹਾਂ ਨੂੰ ਆਪਣੇ ਆਪ 'ਤੇ ਹੀ ਛੱਡ ਦਿੱਤਾ ਗਿਆ ਹੁੰਦਾ ਤਾਂ ਵੀ ਇਹ ਅਜਿਹਾ ਹੀ ਕਰਦੇ ਤਾਂ ਫਿਰ ਇਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਰਿਆਇਤ ਹਾਸਲ ਨਹੀਂ ਹੁੰਦੀ।

ਇਸ ਦੇ ਕੁਝ ਹੋਰ ਪਹਿਲੂ ਵੀ ਹਨ। ਔਰਤਾਂ ਤੇ ਨੌਜਵਾਨ ਜ਼ਿਆਦਾ ਜਜ਼ਬਾਤੀ ਤੇ ਉਲੇਲਵੱਸ ਹੁੰਦੇ ਹਨ। ਇਸ ਲਈ ਉਹ ਪੈਮਾਨਾ ਜੋ ਅਸੀਂ ਉਨ੍ਹਾਂ ਵਿਅਕਤੀਆਂ ਨੂੰ ਸਜ਼ਾ ਦੇਣ ਵੇਲੇ ਅਪਣਾਉਂਦੇ ਹਾਂ ਜਿਹੜੇ ਕਿ ਜਾਣ ਬੁੱਝ ਕੇ ਤੇ ਗਿਣ ਮਿਥ ਕੇ ਚੱਲਦੇ ਹਨ, ਇਨ੍ਹਾਂ (ਭਾਵ ਇਸਤਰੀਆਂ ਤੇ ਨੌਜਵਾਨਾਂ) 'ਤੇ ਹਮੇਸ਼ਾ ਲਾਗੂ ਨਹੀਂ ਕਰਦੇ। ਜੱਜ ਸਾਹਿਬਾਨ ਦੇ ਫੈਸਲੇ ਨੂੰ ਘੋਖਿਆਂ ਇਸ ਸਿੱਟੇ 'ਤੇ ਪਹੁੰਚਣਾ ਮੁਸ਼ਕਲ ਹੈ ਕਿ ਇਹ (ਕਰਤਾਰ ਸਿੰਘ) ਆਪਣੀ

ਮਰਜ਼ੀ ਅਨੁਸਾਰ ਚੱਲਿਆਂ ਸੀ ਜਾਂ ਕਿ ਕਿਸੇ ਹੋਰ ਦੇ ਪ੍ਰਭਾਵ ਹੇਠਾਂ। ਸੋ ਮੈਂ ਇਸ ਮਾਮਲੇ ਵਿਚ ਇਸ ਦੇ ਨੌਜਵਾਨ ਹੋਣ ਦੇ ਇਮਾਨ ਦਾ ਲਾਭ ਇਸ ਦੀ ਅੱਲੜ੍ਹ ਅਸਵਥਾ ਦੇ ਹੱਕ ਵਿਚ ਦਿੰਦਾ ਹਾਂ।

**ਸਰ ਕਰੈਡਰਾਕ (ਮਿਤੀ 10 ਨਵੰਬਰ, 1915) :** ਸਾਰੇ ਮਾਮਲੇ ਨੂੰ ਘੋਖਣ ਉਪਰੰਤ ਮੈਂ ਇਸ ਰਾਇ ਦਾ ਧਾਰਨੀ ਹਾਂ ਕਿ ਜਿਨ੍ਹਾਂ ਦੋਸ਼ੀਆਂ ਦੀ ਮੌਤ ਦੀ ਸਜ਼ਾਂ ਤੋੜੀ ਗਈ ਹੈ, ਕਿਸੇ ਤਰ੍ਹਾਂ ਵੀ ਲਾਰਡ ਵਾਇਸਰਾਏ ਦੀ ਕੌਂਸਲ ਵਲੋਂ ਰਹਿਮ ਦੇ ਹੱਕਦਾਰ ਨਹੀਂ ਬਣਦੇ ਅਤੇ ਜੇ ਇਨ੍ਹਾਂ ਦੀ ਜਾਨ ਬਖਸ਼ੀ ਹੋ ਰਹੀ ਹੈ ਤਾਂ ਕੇਵਲ ਇਸ ਲਈ ਕਿ ਅਦਾਲਤ ਵਲੋਂ ਇਨ੍ਹਾਂ 'ਤੇ ਆਇਦ ਕੀਤੀ ਫਰਦ ਜ਼ੁਲਮ ਵਿਚ ਤਕਨੀਕੀ ਕਮਜ਼ੋਰੀਆਂ ਪਾਈਆਂ ਗਈਆਂ ਹਨ।

**ਕਰਤਾਰ ਸਿੰਘ (ਸਰਾਭਾ) :** ਮੈਂ ਪਹਿਲਾਂ ਵੀ ਉਸ ਨੂੰ ਰਹਿਮ ਦੀ ਬਿਨਾ 'ਤੇ ਰਿਆਇਤ ਦੀ ਸਿਫਾਰਸ਼ ਨਹੀਂ ਕੀਤੀ ਜਿਸ (ਰਹਿਮ) ਦੀ ਉਸ ਨੇ ਕੋਈ ਮੰਗ ਵੀ ਨਹੀਂ ਕੀਤੀ । ਪਰ ਮੈਂ ਉਸ ਦੇ ਕੇਸ ਨੂੰ ਕਈ ਵਾਰ ਪੜ੍ਹਨ ਬਾਅਦ ਵੀ ਇਸ ਸਪਸ਼ਟ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਇਸ ਦਾ ਕਿਸੇ ਹੋਰ ਦਾ ਅਸਰ ਕਬੂਲਣਾ ਤਾਂ ਦੂਰ ਦੀ ਗੱਲ ਸੀ, ਇਹ ਤਾਂ ਆਪ ਖ਼ੁਦ ਗ਼ਦਰ ਪਾਰਟੀ ਦੀ ਰੂਹੇ-ਰਵਾਂ ਸੀ (ਉਸ ਦੇ ਇਕ ਸਹਿਯੋਗੀ ਇੰਦਰ ਸਿੰਘ ਗੰਥੀ ਨੇ ਉਸ ਦੀ ਉਮਰ 27 ਸਾਲ ਦੱਸੀ ਹੈ।) ਇਹ ਕਰਤਾਰ ਸਿੰਘ ਹੀ ਸੀ ਜਿਸ ਨੇ ਵਿਦਿਆਰਥੀਆਂ ਨੂੰ ਵਿਗਾੜਿਆ, ਪਿੰਗਲੇ ਨਾਲ ਛਾਉਣੀਆਂ ਵਿਚ ਘੁੰਮਿਆਂ ਅਤੇ ਸਾਜ਼ਿਸ਼ ਦੇ ਹਰ ਦੌਰ ਤੇ ਹਰ ਪਹਿਲੂ ਵਿਚ ਇਸ ਦਾ ਹੱਥ ਸੀ। ਮੈਂ ਇਥੋਂ ਤਕ ਕਹਿ ਸਕਦਾ ਹਾਂ ਕਿ ਇਸ ਮੁਕੱਦਮੇ ਦੇ ਅਦਾਲਤ ਵਿਚ ਆਉਣੋਂ ਪਹਿਲਾਂ ਹੀ ਉਹ ਇਸ ਅੰਡਬਰ ਦੇ ਅਤੀ ਖਤਰਨਾਕ ਵਿਅਕਤੀ ਵਜੋਂ ਜਾਣਿਆਂ ਜਾਂਦਾ ਸੀ ਅਤੇ ਇਸ ਦੀ ਸਰਗੋਧੇ ਫੌਜੀ ਰਸਾਲੇ ਤੋਂ ਹੋਈ ਗ੍ਰਿਫ਼ਤਾਰੀ ਨਾਲ ਉਨ੍ਹਾਂ ਸਾਰਿਆਂ ਨੇ ਸੁੱਖ ਦਾ ਸਾਹ ਲਿਆ ਜਿਹੜੇ ਇਸ ਸਾਜ਼ਿਸ਼ 'ਚੋਂ ਨਿਕਲਣ ਵਾਲੇ ਸਿੱਟਿਆਂ ਤੋਂ ਵਾਕਫ ਸਨ ਜਿਨ੍ਹਾਂ ਵਿਚ ਸਰਕਾਰੀ ਫੌਜਾਂ ਵਿਚ ਬਗਾਵਤ ਦੀ ਪੂਰੀ ਸੰਭਾਵਨਾ ਤੇ ਸਿੰਘਾਪੁਰ ਵਿਖੇ ਵਾਪਰੇ (ਫ਼ੌਜੀ ਬਗਾਵਤ) ਜਿਹੇ ਕਾਂਡ ਵਾਪਰ ਸਕਦੇ ਸਨ।

**ਲਾਰਡ ਹਾਰਡਿੰਗ (ਮਿਤੀ : 11 ਨਵੰਬਰ, 1915) :** ਮੈਂ ਹੋਰ ਗੱਲਾਂ ਤੋਂ ਇਲਾਵਾ ਮਾਣਯੋਗ ਮੈਂਬਰਾਂ ਦਾ ਧਿਆਨ ਇਕ ਹੋਰ ਪਹਿਲੂ ਵੱਲ ਵੀ ਦਿਵਾਉਣਾ ਚਾਹਾਂਗਾ, ਉਹ ਇਹ ਕਿ ਕੋਈ ਵੀ ਦੋਸ਼ੀ ਅਦਾਲਤੀ ਫੈਸਲੇ ਦੀ ਨਕਲ ਮੰਗ ਸਕਦਾ ਹੈ ਤੇ ਪ੍ਰਕਾਸ਼ਤ ਕਰ ਸਕਦਾ ਹੈ ਅਤੇ ਕੋਈ ਵੀ ਸੂਝਵਾਨ ਵਕੀਲ ਉਹ ਨੁਕਸ ਲੱਭ ਲਵੇਗਾ ਜਿਹੜੇ ਸਰ ਅਲੀ ਇਮਾਮ ਤੇ ਸਰ ਸ਼ੰਕਰਨ ਨਾਇਰ ਨੇ ਕੱਢੇ ਹਨ। ਇਸ ਤੋਂ ਨਿਕਲਣ ਵਾਲੇ ਸਿੱਟਿਆਂ ਦਾ ਅੰਦਾਜ਼ਾ ਲਾ ਲੈਣਾ ਬਿਹਤਰ ਹੋਵੇਗਾ।

ਅਖੀਰ ਇਹੀ ਸਿੱਟਾ ਨਿਕਲਦਾ ਹੈ ਕਿ ਜਿੱਥੋਂ ਤੱਕ ਦੋਸ਼ੀਆਂ ਦੇ ਦਫਾ 121 ਤਹਿਤ ਸਜ਼ਾਯਾਬੀ ਦਾ ਸਵਾਲ ਹੈ, ਨਾਜਾਇਜ਼ ਕਰਾਰ ਦੇਣਾ ਹੱਕ ਬਜਾਨਬ ਹੈ ਜਿਸ ਲਈ ਮੈਂ ਸਰ ਅਲੀ ਇਮਾਮ ਦਾ ਹਮੇਸ਼ਾ ਸ਼ੁਕਰਗੁਜ਼ਾਰ ਰਹਾਂਗਾ।

**ਵਾਇਸਰਾਏ ਕੌਂਸਲ ਵੱਲੋਂ ਆਖਰੀ ਹੁਕਮ (ਮਿਤੀ : 11 ਨਵੰਬਰ, 1915):** ਸਰ ਅਲੀ ਇਮਾਮ ਦੀ ਸਿਫਾਰਸ਼ ਅਨੁਸਾਰ ਸਿਵਾਏ ਕਰਤਾਰ ਸਿੰਘ ਦੇ ਬਾਕੀ ਸਾਰਿਆਂ ਦੀ ਮੌਤ ਦੀ ਸਜ਼ਾ ਤੋੜ ਦਿੱਤੀ ਜਾਂਦੀ ਹੈ।

**ਪ੍ਰੈੱਸ ਲਈ ਨੋਟ ਜਾਰੀ ਕੀਤਾ ਗਿਆ :** 14 ਨਵੰਬਰ, 1915 ਤੋਂ 16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ (ਸੁਰ ਸਿੰਘ), ਹਰਨਾਮ ਸਿੰਘ (ਸਿਆਲਕੋਟੀ), ਬਖਸ਼ੀਸ਼ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਸੁਰੈਣ ਸਿੰਘ ਸਪੁੱਤਰ ਬੂੜ ਸਿੰਘ ਤੇ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ (ਦੋਵੇਂ ਪਿੰਡ ਗਿੱਲਵਾਲੀ ਤੋਂ) ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

*-ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ*

# ਸ਼ਹੀਦ ਕਰਤਾਰ ਸਿੰਘ ਸਰਾਭਾ

ਮੇਰੀ ਉਮਰ ਤਕਰੀਬਨ 82-83 ਸਾਲ ਹੈ ਤੇ ਮੇਰਾ ਬਚਪਨ ਪਿੰਡ ਲੈਗ ਮਜਾਰੀ (ਜੋ ਆਨੰਦਪੁਰ ਤੋਂ ਦੋ ਮੀਲ ਦੀ ਵਿਥ ਤੇ ਵਾਕਿਆ ਹੈ) ਵਿਚ ਹੀ ਬੀਤਿਆ। ਮੈਂ ਆਪਣੇ ਵੇਲੇ ਦੀਆਂ ਔਠ ਜਮਾਤਾਂ ਪਾਸ ਕਰਨ ਉਪਰੰਤ, ਪਟਵਾਰੀ ਦੀ ਨੌਕਰੀ ਲਈ ਚੁਣ ਲਿਆ ਗਿਆ। ਇਹ 1902-1903 ਦੀ ਗੱਲ ਹੈ। ਪਹਿਲੇ ਪਹਿਲ ਮੈਨੂੰ ਇਕ ਪਟਵਾਰੀ ਦੇ ਨਾਲ ਇਕ ਸਹਾਇਕ ਦੇ ਤੌਰ ਤੇ ਲਾ ਦਿੱਤਾ ਅਤੇ ਮੈਨੂੰ ਛੇਤੀ ਹੀ ਉਸ ਦੀਆਂ ਕਮੀਨ ਹਰਕਤਾਂ ਜਿਹਾ ਕਿ ਦੋ ਦੋ ਆਨੇ ਦੀ ਰਿਸ਼ਵਤ, ਸਬਜ਼ੀਆਂ, ਪੱਠੇ ਤੇ ਹੋਰ ਨਿਕ ਸੁੱਕ ਦੀ ਚੂੰਢਾਂ-ਚੂੰਢੀ ਤੋਂ ਨਫ਼ਰਤ ਹੋ ਗਈ ਅਤੇ ਇਸ ਗੱਲ ਨੇ ਮੇਰੇ ਦਿਲ ਤੇ ਡੂੰਘਾ ਅਸਰ ਕੀਤਾ। ਇਝ ਮੈਂ ਛੇਤੀ ਹੀ ਪਟਵਾਰੀ ਦੀ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਛੇਤੀ ਹੀ ਫ਼ੌਜ ਵਿਚ ਭਰਤੀ ਹੋ ਗਿਆ। ਫ਼ੌਜ ਵਿਚ ਪਹਿਲਾਂ ਪਹਿਲ ਮੈਨੂੰ ਕੁਝ ਅੰਗਰੇਜ਼ ਅਫ਼ਸਰਾਂ ਨੂੰ ਪੰਜਾਬੀ ਪੜ੍ਹਾਣ ਲਈ ਨੀਯਤ ਕਰ ਦਿੱਤਾ, ਮੈਂ ਇਹ ਕੰਮ ਪੂਰੀ ਲਗਨ ਨਾਲ ਨਿਭਾਇਆ। ਮੈਨੂੰ ਸ਼ੁਰੂ ਤੋਂ ਹੀ ਆਪਣੀ ਮਾਂ ਬੋਲੀ ਪੰਜਾਬੀ ਨਾਲ ਅਥਾਹ ਪਿਆਰ ਸੀ ਅਤੇ ਸਦਾ ਹੀ ਆਪਣੇ ਦੂਜੇ ਸਾਥੀਆਂ ਨੂੰ ਪ੍ਰੇਰਦਾ ਰਹਿੰਦਾ ਕਿ ਸਾਨੂੰ ਆਪਣੀ ਮਾਂ ਬੋਲੀ ਨੂੰ ਹੀ ਵਧੇਰੇ ਮਹੱਤਤਾ ਦੇਣੀ ਚਾਹੀਦੀ ਹੈ। ਮੈਂ ਉਹਨਾਂ ਦਿਨਾਂ ਵਿਚ ਲੈਸ ਨਾਇਕ ਸਾਂ ਤੇ ਅਸੀਂ ਪਰੇਡ ਦੇ ਸਾਰੇ ਕਾਸ਼ਨਾਂ ਦਾ ਉਲਥਾ ਅੰਗਰੇਜ਼ੀ ਤੋਂ ਪੰਜਾਬੀ ਕਰ ਲਿਆ ਤੇ ਪ੍ਰੇਡ ਸਮੇਂ ਕਾਸ਼ਨ ਪੰਜਾਬੀ ਵਿਚ ਹੀ ਦੇਂਦੇ, ਪਰ ਅੰਗਰੇਜ਼ ਨੂੰ ਇਹ ਗੱਲ ਸੁਖਾਵੀਂ ਨਾ ਲੱਗੀ-ਪਰ ਫਿਰ ਵੀ ਮੈਂ ਪੰਜਾਬੀ ਬੋਲੀ ਦਾ ਪ੍ਰਚਾਰ ਜਾਰੀ ਰੱਖਿਆ ਕਿ ਸਾਨੂੰ ਆਪਣੀ ਬੋਲੀ ਹੀ ਬੋਲਣੀ ਚਾਹੀਦੀ ਹੈ ਤੇ ਆਪਣੀ ਬੋਲੀ ਬਾਰੇ ਵੱਧ ਤੋਂ ਵੱਧ ਗਿਆਨ ਹਾਸਲ ਕਰਨਾ ਚਾਹੀਦਾ ਹੈ। ਮੈਂ ਇਹਨਾਂ ਹੀ ਦਿਨਾਂ ਵਿਚ ਵਤਨ ਦੀ ਆਜ਼ਾਦੀ ਬਾਰੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਸਨ। ਆਪਣੇ ਮਨ ਵਿਚ ਮਨਸੂਬੇ ਘੜਦਾ ਰਹਿੰਦਾ ਅਤੇ ਮੈਂ ਹਮੇਸ਼ਾਂ ਹੀ ਇਸ ਤਾਕ ਵਿਚ ਰਹਿੰਦਾ ਕਿ ਮੈਂ ਅੰਗਰੇਜ਼ਾਂ ਦਾ ਨੁਕਸਾਨ ਕਰ ਸਕਾਂ। ਮੈਨੂੰ ਵਿਦੇਸ਼ੀ ਚਿੱਟਿਆਂ ਦਾ ਰਾਜ ਜਰਾ ਨਹੀਂ ਸੀ ਭਾਉਂਦਾ। ਇਕ ਵਾਰ ਦੀ ਗੱਲ ਹੈ ਕਿ ਇਕ ਵੱਡੇ ਅਫ਼ਸਰ ਦੀ ਚੋਣ ਹੋਣੀ ਸੀ। ਇਸ ਲਈ ਉਸ ਦੀ ਲੜਾਈ ਸਮੇਂ ਦੀ ਅਗਵਾਈ ਲਈ ਯੋਗਤਾ ਪਰਖੀ ਜਾਣੀ ਸੀ। ਇਸ ਮਤਲਬ ਲਈ ਸਾਰੀ ਸਥਾਨਕ ਫ਼ੌਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਅਤੇ *firing* ਦੇ ਹੁਕਮ ਤੇ ਚਲਾਣ ਲਈ ਖ਼ਾਲੀ ਕਾਰਤੂਸ ਦਿਤੇ ਗਏ। ਜਿਵੇਂ ਕਿ ਮੈਂ ਪਹਿਲਾਂ ਹੀ ਵਿਊਂਤ ਘੜੀ ਸੀ। ਮੈਂ ਇਕ ਅਸਲੀ ਕਾਰਤੂਸ ਵੀ ਲੈ

ਗਿਆ। ਸਾਡੀ ਫੌਜ ਦੀ ਟੁਕੜੀ ਨੂੰ ਇਕ ਖਾਈ ਦੇ ਨਾਲ ਲੇਟ ਜਾਣ ਦਾ ਹੁਕਮ ਹੋਇਆ। ਉਸੇ ਵੇਲੇ ਅੰਗਰੇਜ਼ ਕਮਾਂਡਰ ਵੀ ਆ ਗਏ ਅਤੇ ਮੁਹਾਰਤ ਦੀ ਕਾਰਵਾਈ ਸ਼ੁਰੂ ਹੋਈ। ਕਾਫੀ ਸਾਰੇ ਅਫ਼ਸਰ ਉਹਨਾਂ ਵਿਚ ਸ਼ਾਮਿਲ ਸਨ ਅਤੇ ਇਕ ਵੱਡਾ ਕਮਾਂਡਰ ਵੀ। ਜਦੋਂ ਹੀ ਗੋਲੀ ਚਲਾਣ (*firing* ) ਦਾ ਹੁਕਮ ਮਿਲਿਆ ਮੈਂ ਆਪਣੀ ਰਾਈਫਲ ਵਿਚ ਅਸਲੀ ਗੋਲੀ ਭਰ ਕੇ ਚਲਾ ਦਿੱਤੀ ... ਮੈਂ ਆਪਣਾ ਨਿਸ਼ਾਨਾ ਕਮਾਂਡਰ ਨੂੰ ਹੀ ਰੱਖਿਆ ਸੀ। ਨਿਸ਼ਾਨਾ ਥੋੜ੍ਹਾ ਜਿਹਾ ਉੱਕ ਗਿਆ ਤੇ ਗੋਲੀ ਘੋੜੇ ਦੀ ਪਿੱਠ ਵਿਚ ਲੱਗੀ ਤੇ ਨਾਲ ਹੀ ਕਮਾਂਡਰ ਘੋੜੇ ਤੋਂ ਉਲਟ ਕੇ ਡਿੱਗ ਪਿਆ। ਝਟ ਪਟ ਕਾਰਵਾਂਈ ਰੋਕ ਦਿੱਤੀ ਗਈ ਤੇ ਤਲਾਸ਼ੀ ਸ਼ੁਰੂ ਹੋ ਗਈ। ਮੈਂ ਕਾਰਤੂਸ ਨੂੰ ਪੈਰ ਨਾਲ ਜ਼ਮੀਨ ਵਿਚ ਦੱਬ ਦਿੱਤਾ ਸੀ। ਪਰ ਤਲਾਸ਼ੀ ਕਿਸੇ ਵੀ ਆਦਮੀ ਤੇ ਹੱਥ ਨਾ ਉਠਾ ਸਕੀ ਤੇ ਮੈਂ ਉਸ ਘਟਨਾ ਵਿਚੋਂ ਸਾਫ ਸਾਫ ਬਚ ਗਿਆ।

ਮੈਂ ਦੋ ਵਾਰ ਗ੍ਰਿਫ਼ਤਾਰ ਕੀਤਾ ਗਿਆ। ਪਹਿਲੀ ਵਾਰ 1914 ਵਿਚ, ਪਰ ਸ਼ਨਾਖਤ ਨਾ ਹੋ ਸਕਣ ਦੇ ਕਾਰਨ ਛੇਤੀ ਹੀ ਛੱਡ ਦਿੱਤਾ ਗਿਆ। ਮੈਂ ਜੇਲ੍ਹ ਤੋਂ ਬਾਹਰ ਆ ਕੇ ਛੇਤੀ ਹੀ ਗਦਰ ਪਾਰਟੀ ਨਾਲ ਸੰਪਰਕ ਕਾਇਮ ਕਰ ਲਿਆ ਅਤੇ ਸਾਥੀਆਂ ਦੀ ਸਲਾਹ ਨਾਲ ਇਕ ਮਹਾਨ ਵਿਉਂਤ ਦਾ ਖਾਕਾ ਮਨ ਵਿਚ ਤਹਿ ਕਰਕੇ ਦੁਬਾਰਾ ਫੌਜ ਵਿਚ ਭਰਤੀ ਹੋ ਗਿਆ। ਮੈਨੂੰ ਫੌਜ ਵਿਚ ਡਿਸਪੈਂਸਰੀ ਦਾ ਇਨਚਾਰਜ ਬਣਾ ਦਿੱਤਾ। ਡਿਸਪੈਂਸਰੀ ਦਾ ਕਮਰਾ ਬਾਹਰ ਵਾਰ ਜੰਗਲ ਵਲ ਸੀ। ਇਹ ਸਾਰਾ ਕਿੱਸਾ ਫਿਰੋਜ਼ਪੁਰ ਛਾਉਣੀ ਦਾ ਹੈ। ਉਹਨਾਂ ਦਿਨਾਂ ਵਿਚ ਕਰਤਾਰ ਸਿੰਘ ਸਰਾਭਾ ਤੇ ਪਿੰਗਲੇ ਮੇਰੇ ਕੋਲ ਅਕਸਰ ਆਉਂਦੇ ਰਹਿੰਦੇ। ਫੌਜੀ ਬਗਾਵਤ ਨੂੰ ਸਫਲ ਬਨਾਣ ਦੇ ਲਈ ਬਰੀਕੀ ਵਿਚ ਹਰ ਨੁਕਤੇ ਤੇ ਵਿਚਾਰ ਕੀਤਾ ਜਾਂਦਾ। ਆਖੀਰ ਉਹ ਦਿਹਾੜਾ ਆ ਗਿਆ ਜਦੋਂ ਭਾਰਤ ਦੇ ਇਤਿਹਾਸ ਦਾ ਇਕ ਨਵਾਂ ਪੰਨਾ ਪਰਤਿਆ ਜਾਣਾ ਸੀ ਅਤੇ ਛਾਉਣੀ ਦੇ ਸੂਬੇਦਾਰਾਂ ਅਤੇ ਹੌਲਦਾਰਾਂ ਨਾਲ ਸਭ ਕੁਝ ਮਿਲਾ ਲਿਆ ਗਿਆ ਸੀ। ਤਾਰੀਖ, ਸਮਾਂ ਅਤੇ ਹੋਰ ਘਟਨਾਵਾਂ ਲਈ ਜ਼ਰੂਰੀ ਨੁਕਤੇ ਫੌਜ ਤੋਂ ਇਲਾਵਾ ਬਾਕੀ ਗਦਰੀਆਂ ਨੂੰ ਤਿੰਨ ਜੱਥਿਆਂ ਵਿਚ ਵੰਡ ਦਿੱਤਾ ਗਿਆ ਇਕ ਜੱਥੇ ਦੀ ਵਾਗਡੋਰ ਮੇਰੇ ਹੱਥ ਵਿਚ ਦਿੱਤੀ ਗਈ ਤੇ ਦੋ ਹੋਰ ਜੱਥੇ ਭਾਈ ਰਣਧੀਰ ਸਿੰਘ ਤੇ ਬਾਬਾ ਲਾਭ ਸਿੰਘ ਕੋਲ ਸੌਂਪ ਦਿੱਤੇ ਗਏ। ਸਾਰੇ ਸਾਥੀ ਹਥਿਆਰਾਂ ਨਾਲ ਲੋੜ ਮੁਤਾਬਿਕ ਲੈਸ ਸਨ। ਅਸੀਂ ਠੀਕ ਸਮੇਂ ਸਿਰ ਪਹੁੰਚ ਗਏ ਅਤੇ ਬਾਕੀ ਸਾਥੀਆਂ ਨੂੰ ਥੋੜ੍ਹੀ ਦੂਰ ਬਚਾਅ ਵਾਲੀ ਥਾਂ ਤੇ ਛੱਡ ਕੇ ਮੈਂ ਤੇ ਲਾਭ ਸਿੰਘ ਛਾਉਣੀ ਅੰਦਰ ਦਾਖ਼ਲ ਹੋ ਗਏ। ਜਿਵੇਂ ਕਿ ਪਹਿਲਾਂ ਹੀ ਤਹਿ ਸੀ ਅਸੀਂ ਸੰਬੰਧਿਤ ਸੂਬੇਦਾਰ ਕੋਲੋਂ ਜਦੋਂ ਅਸਲੇ ਖਾਨੇ (ਜਿਸ ਨੂੰ ਲਾਲ ਪਟਾਰਾ ਵੀ ਕਿਹਾ ਜਾਂਦਾ ਸੀ।) ਦੀਆਂ ਚਾਬੀਆਂ ਮੰਗੀਆਂ ਤਾਂ ਸਾਨੂੰ ਦਸਿਆ ਕਿ ਹਾਲਾਤ ਵਿਗੜ ਗਏ ਹਨ ਤੇ ਸਾਰਾ ਅਸਲਾ ਜਿਹੜਾ ਦੇਸੀ ਫੌਜਾਂ ਕੋਲ ਸੀ, ਅੰਗਰੇਜ਼ਾਂ ਨੇ ਆਪਣੇ ਕਬਜੇ ਹੇਠ ਲੈ ਲਿਆ ਹੈ। ਕਿਰਪਾਲ ਸਿੰਘ ਦੀ ਮੁਖਬਰੀ ਕਾਰਨ ਸਾਰੀ ਯੋਜਨਾ ਹੀ ਅੰਗਰੇਜ਼ ਦੇ ਕੰਨਾਂ ਤੱਕ ਪਹੁੰਚ ਗਈ ਸੀ। ਸਾਡੇ ਜੱਥਿਆਂ ਦੇ ਆਉਣ ਬਾਰੇ ਅੰਗਰੇਜ਼ ਨੂੰ ਖ਼ਬਰ ਹੋ ਗਈ ਕਿ ਬਗਾਵਤ ਹੋਣ ਵਾਲੀ ਹੈ। ਸੰਕਟੀ ਬਿਗਲ ਵਜਿਆ ਤੇ ਤੋਪਾਂ ਨੂੰ ਥਾਂ ਟਿਕਾਣੇ ਕੀਤਾ ਜਾਣ ਲੱਗਾ। ਫਿਰੋਜ਼ਪੁਰ ਛਾਉਣੀ ਨੂੰ ਪੂਰੀ ਤਰ੍ਹਾਂ ਘੇਰਾ ਪਾ ਲਿਆ ਤੇ

ਛੋਟੀਆਂ 2 ਟੁਕੜੀਆਂ ਵਿਚ ਚਿੱਟੀਆਂ ਫੌਜਾਂ ਗਸ਼ਤ ਕਰਨ ਲੱਗ ਪਈਆਂ-ਮੈਂ ਤੇ ਲਾਭ ਸਿੰਘ ਹੌਲੀ ਹੌਲੀ ਸੁਚੇਤ ਹੋ ਕੇ ਬਾਹਰ ਵਲ ਵਧ ਰਹੇ ਸਾਂ ਜਦੋਂ ਕਿ ਅਚਾਨਕ ਅਸੀਂ ਵੇਖਿਆ ਕਿ ਇਕਦਮ ਸਾਡੇ ਚਿਹਰਿਆਂ ਤੇ ਨੀਵੀਂ ਰੋਸ਼ਨੀ (ਖਾਸ ਕਿਸਮ ਦੀਆਂ ਬੈਟਰੀਆਂ) ਦੇ ਨਾਲ ਹੀ ਸਾਡੀਆਂ ਛਾਤੀਆਂ ਤੇ ਸੰਗੀਨਾ ਆ ਟਿਕੀਆਂ (ਸਾਡੇ ਕੋਲੋਂ ਪੁੱਛ ਗਿੱਛ ਕੀਤੀ ਗਈ) ਅਸੀਂ ਸਾਧਾਰਨਤਾ ਦਾ ਵਿਖਾਵਾ ਕਰਦੇ ਹੋਏ ਟੇਸ਼ਨ ਟੇਸ਼ਨ ਕਹਿਣ ਲੱਗੇ.....ਪਰ ਸਾਨੂੰ ਉਹਨਾਂ ਨੇ ਛੱਡਿਆ ਨਾ ਅਤੇ ਗੇਟ ਵਾਲੇ ਸੰਤਰੀ ਦੇ ਹਵਾਲੇ ਕਰਕੇ ਆਪ ਗਸ਼ਤ ਤੇ ਚਲੇ ਗਏ। ਉਹ ਸਿਪਾਹੀ ਸਾਡੇ ਵਲੋਂ ਸੁਚੇਤ ਨਾ ਰਹਿ ਕੇ ਥੋੜ੍ਹੀ ਥੋੜ੍ਹੀ ਦੇਰ ਬਾਅਦ ਆਪਣੀ ਬੰਦੂਕ ਨੂੰ ਘੜਿਆਲ ਦੇ ਸਹਾਰੇ ਖੜ੍ਹਾ ਕਰ ਕੇ ਸਿਗਰਟ ਸੁਲਗਾਉਂਦਾ ਸੀ। ਮੈਂ ਲਾਭ ਸਿੰਘ ਨੂੰ ਸੰਤਰੀ ਤੋਂ ਅੱਖ ਬਚਾ ਕੇ ਆਖਿਆ ਕਿ ਜਦੋਂ ਹੁਣ ਗੋਰਾ ਆਪਣੀ ਬੰਦੂਕ ਘੜਿਆਲ ਦੇ ਸਹਾਰੇ ਖੜ੍ਹੀ ਕਰੇਗਾ ਮੈਂ ਪੂਰੇ ਜ਼ੋਰ ਨਾਲ ਉਸ ਨੂੰ ਧੱਕਾ ਮਾਰਾਂਗਾ ਤੇ ਤੂੰ ਬੰਦੂਕ ਚੁੱਕੀਂ ਤੇ ਨੱਸ ਤੁਰੀਏ....ਅਸੀਂ ਇਝ ਹੀ ਕੀਤਾ ਅਤੇ ਉਸਦੀ ਬੰਦੂਕ ਚੁੱਕ ਕੇ ਭੱਜ ਨਿਕਲੇ। ਅਸੀਂ ਚਮਾਲੇ ਸਾਹਿਬ ਗੁਰਦੁਆਰੇ ਪਹੁੰਚ ਗਏ। ਕੁਝ ਅਰਸੇ ਬਾਦ ਹੀ ਮੈਂ ਫੜ ਲਿਆ ਗਿਆ....ਉਹਨਾਂ ਦਿਨਾਂ ਇਹ ਇਕ ਆਦਮੀ ਅਨੋਖ ਸਿੰਘ ਜੋ ਸਾਡੀ ਪਾਰਟੀ ਨਾਲ ਕੰਮ ਕਰਦਾ ਰਿਹਾ ਸੀ, ਨੇ ਗ੍ਰਿਫਤਾਰ ਕੀਤੇ ਜਾਣ ਤੇ ਪੁਲੀਸ ਨੂੰ ਸਾਰਾ ਭੇਦ ਦੱਸ ਦਿੱਤਾ। ਉਥੋਂ ਜਲਦੀ ਹੀ ਮੇਰੀ ਗ੍ਰਿਫਤਾਰੀ ਦਾ ਹੁਕਮ ਆ ਗਿਆ ਤੇ ਕਰੜੀ ਸਜ਼ਾ ਦਾ ਵੀ....ਮੇਰੇ ਤੇ ਮੁਕੱਦਮਾ ਚਲਾਇਆ ਗਿਆ ਅਤੇ ਮੈਨੂੰ 30-3-1916 ਨੂੰ ਸਜ਼ਾ ਦਿੱਤੀ ਗਈ।

ਸਾਰਿਆਂ ਤੋਂ ਪਹਿਲਾਂ ਸਾਨੂੰ ਮਿੰਟਗੁਮਰੀ ਜੇਲ੍ਹ ਵਿਚ ਰੱਖਿਆ ਗਿਆ ਤੇ ਅਸੀਂ ਕਿਸੇ ਸਿਪਾਹੀ ਨੂੰ ਦਵਾਈ ਬਣਾ ਕੇ ਦੇਣ ਦਾ ਲਾਰਾ ਲਾ ਕੇ ਚੂੜੀਆਂ ਵਾਲੀਆਂ ਗੜਵੀਆਂ ਮੰਗਵਾ ਲਈਆਂ ਅਤੇ ਇਸੇ ਤਰ੍ਹਾਂ ਹੋਰ ਸਾਮਾਨ ਵੀ....ਆਖੀਰ ਬੜੀ ਕੋਸ਼ਿਸ਼ ਦੇ ਬਾਵਜੂਦ ਅਸੀਂ ਬੰਬ ਬਣਾ ਲਏ।ਸਰਾਭੇ ਨੇ ਬੰਬਾਂ ਦੀ ਵਿਉਂਤ ਨੂੰ ਸਿਰੇ ਚਾੜ੍ਹਨ ਲਈ ਬਹੁਤ ਤੇਜ਼ੀ ਨਾਲ ਕੰਮ ਕੀਤਾ ਅਤੇ ਅਸੀਂ ਹੋਰ ਰਾਈਫਲਾਂ ਤੇ ਅਸਲਾ ਇਕੱਠਾ ਕਰਨ ਵਿਚ ਸਫਲ ਹੋਏ। ਇਕ ਦਿਨ ਨੀਯਤ ਕਰ ਕੇ ਜੇਹਲੋਂ ਭੱਜ ਨਿਕਲਣ ਦਾ ਪ੍ਰੋਗਰਾਮ ਬਣਾ ਲਿਆ। ਜੇਲ੍ਹ ਨੂੰ ਪੌੜੀ ਲਾ ਲਈ ਅਤੇ ਬਹੁਤ ਸਾਰੇ ਆਦਮੀ ਭੱਜ ਨਿਕਲਣ ਵਿਚ ਸਫਲ ਹੋਏ। ਸਰਾਭੇ ਕੋਲ ਕਾਫੀ ਬੰਬ ਸਨ ਤੇ ਉਹ ਡਿੱਗ ਪਿਆ ਜਿਸ ਨਾਲ ਇਕ ਬੰਬ ਫਟ ਗਿਆ ਅਤੇ ਦੋ ਸਿਪਾਹੀ ਮਾਰੇ ਗਏ। ਸਰਾਭੇ ਨੂੰ ਵੀ ਨਲਾਂ ਕੋਲ ਕਾਫੀ ਸੱਟ ਲੱਗੀ—ਬੰਬ ਫਟਣ ਨਾਲ ਫੌਜ ਨੂੰ ਖ਼ਬਰ ਹੋ ਗਈ ਅਤੇ ਉਨ੍ਹਾਂ ਇਕ ਦਮ ਘੇਰਾ ਪਾ ਲਿਆ ਅਤੇ ਇਸ ਤਰ੍ਹਾਂ ਸਾਡਾ ਯਤਨ ਅਸਫ਼ਲ ਰਿਹਾ.....ਦੂਜੀ ਵਾਰ ਹਜ਼ਾਰੀ ਬਾਗ ਜੇਲ੍ਹ ਵਿਚ ਵਿਉਂਤ ਬਣਾਈ ਗਈ ਅਤੇ ਕਾਫ਼ੀ ਸਾਥੀ ਨਿਕਲ ਗਏ ਪਰ ਸਾਡੀ ਕੋਠੜੀ ਦੀ ਚਾਬੀ ਨਾ ਮਿਲ ਸਕਣ ਕਾਰਨ ਮੈਨੂੰ ਜੇਲ੍ਹ ਦੀ ਹਵਾ ਖਾਣੀ ਪਈ। ਸਾਡੀਆਂ ਜੇਲ੍ਹਾਂ ਛੇਤੀ ਹੀ ਬਦਲ ਦਿੱਤੀਆਂ ਜਾਂਦੀਆਂ ਤੇ ਮੈਂ ਇਸ ਕੈਦ ਵਿਚ ਮਿੰਟਗੁਮਰੀ, ਹਜ਼ਾਰੀਬਾਗ, ਮਾਂਡਲੇ, ਬੁਲਾਰੀ (ਮਦਰਾਸ) ਟੀਪੂ ਫੋਰਟ (ਮਦਰਾਸ) ਚੀਲ ਦਾਨਾ (ਸੀ.ਪੀ.) ਉਕੋਲਾ, ਰਾਵਲ ਪਿੰਡੀ, ਹੁਸ਼ਿਆਰਪੁਰ ਦੀਆ ਜੇਲ੍ਹਾਂ ਦਾ ਸਵਾਦ ਚਖਦਾ ਹੋਇਆ ਅਨੰਦਪੁਰ

ਥਾਨੇ ਤੋਂ ਰਿਹਾ ਕੀਤਾ ਗਿਆ ਅਤੇ ਫਿਰ ਵੀ ਮੇਰੇ ਤੇ ਨਜ਼ਰ ਰੱਖੀ ਜਾਂਦੀ ਸੀ।

....ਅਸੀਂ ਗੁਲਾਮੀ ਤੇ ਜ਼ੁਲਮ ਦੇ ਵਿਰੁੱਧ ਲੜੇ ਸਾਂ, ਸਿਰਫ ਅੰਗਰੇਜ਼ਾਂ ਵਿਰੁੱਧ ਨਹੀਂ, ਅਸੀਂ ਤਾਂ ਪ੍ਰਣ ਕੀਤੇ ਸਨ ਕਿ ਇਹ ਜਦੋ-ਜਹਿਦ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਮਨੁੱਖ ਦਾ ਜ਼ੁਲਮ ਮਨੁੱਖ ਉਤੇ ਭਾਰੂ ਹੈ। ਅੱਜ ਦੀ ਆਜ਼ਾਦੀ ਸਾਡਾ ਮਕਸਦ ਨਹੀਂ ਸੀ ਜਿਥੇ ੨੩ ਸਾਲ ਬਾਅਦ ਵੀ ਕਿਰਤੀ ਲੋਕ ਮੰਦਹਾਲੀ ਵਿਚ ਜੀਅ ਰਹੇ ਹਨ ਅਤੇ ਉਹਨਾਂ ਦੀ ਹੱਕ ਹਲਾਲ ਦੀ ਕਮਾਈ ਨੂੰ ਥੋਥੀ ਰਾਜਨੀਤੀ ਵਿਚ ਪਾਣੀ ਵਾਂਗ ਵਗਾਇਆ ਜਾ ਰਿਹਾ ਹੈ। ਅਜੇ ਸਾਡੇ ਦੇਸ਼ ਵਿਚ ਜ਼ਰੂਰਤ ਹੈ, ਵਿਦਿਆਰਥੀਆਂ ਅਤੇ ਕਿਸਾਨਾਂ ਨੂੰ ਜਾਗ੍ਰਿਤ ਹੋਣ ਦਾ ਵੇਲਾ ਹੈ, ਫੋਕੇ ਸ਼ੌਕਾਂ ਵਿਚ ਜ਼ਿੰਦਗੀ ਦੇ ਕੀਮਤੀ ਪਲ ਅਜਾਈਂ ਨਾ ਗਵਾਉ...ਮੈਂ ਆਸ ਰੱਖਦਾ ਹਾਂ ਉਸ ਦੇਸ਼ ਵਿਚ ਜਿਥੇ ਭਗਤ ਸਿੰਘ ਤੇ ਸਰਾਭੇ ਨੇ ਜਨਮ ਲਿਆ ਸੀ ਅੱਜ ਵੀ ਨੌਜਵਾਨ ਜੀਉਂਦੇ ਹਨ ਜਿਹਨਾਂ ਨੇ ਆਪਣੇ ਦੇਸ਼ ਦੀ ਖੁਸ਼ਹਾਲੀ ਲਈ ਹਰ ਕਦਮ ਚੁੱਕਣਾ ਹੈ। ...ਸਰਾਭੇ ਤੇ ਪਿੰਗਲੇ ਦਾ ਸੁਨੇਹਾ ਆਪਣੀਆਂ ਜ਼ਿੰਦਗੀਆਂ ਵਿਚ ਰਚਾ ਲਉ ਤੇ ਆਪਣੇ ਦੇਸ਼ ਦੀ ਡਿੱਗ ਰਹੀ ਹਾਲਤ ਤੇ ਗੌਰ ਕਰੋ ਤੇ ਹਨੇਰਿਆਂ ਦਾ ਫਸਤਾ ਵੱਢ ਕੇ ਹਰ ਚੌਂਕ ਵਿਚ ਸੋਚ ਦਾ ਦੀਵਾ ਜਗਾ ਦਿਉ।

*ਬਾਬਾ ਕਿਰਪਾ ਸਿੰਘ ਜੀ*

# ਸ਼ਹੀਦ ਸਰਾਭਾ ਦੀ ਗਦਰ ਨੂੰ ਦੇਣ

"ਕਾਮਾਗਾਟਾ ਮਾਰੂ ਦੇ ਦੇਸ਼ ਨੂੰ ਰਵਾਨਾ ਹੋ ਜਾਣ ਮਗਰੋਂ ਛੇਤੀ ਹੀ ਪਹਿਲਾ ਸੰਸਾਰ ਯੁੱਧ ਛਿੜ ਪਿਆ। ਸਾਨਫਰਾਂਸਿਸਕੋ ਵਿਚ ਗ਼ਦਰ ਪਾਰਟੀ ਨੇ ਮੀਟਿੰਗ ਕਰਕੇ ਅੰਗਰੇਜ਼ਾਂ ਵਿਰੁੱਧ ਐਲਾਨ ਕਰ ਦਿੱਤਾ ਤੇ ਸਭ ਪ੍ਰਦੇਸੀ ਦੇਸ਼ਭਗਤਾਂ ਨੂੰ ਗ਼ਦਰ ਕਰਨ ਲਈ ਦੇਸ਼ ਜਾਣ ਦਾ ਹੁਕਮ ਭੇਜ ਦਿੱਤਾ। ਮੈਂ ਦੇਸ਼ ਜਾਣ ਦੇ ਬਰਖਿਲਾਫ ਸੀ ਕਿਉਂਕਿ ਤਿਆਰੀ ਪੂਰੀ ਨਹੀਂ ਸੀ। ਪਰ ਕਰਤਾਰ ਸਿੰਘ ਸਰਾਭਾ ਕਨੇਡਾ ਵਿਚ ਆਇਆ। ਉਸ ਨੇ ਮੀਟਿੰਗ ਕਰਕੇ ਲੋਕਾਂ ਨੂੰ ਲਲਕਾਰਿਆ ਤੇ ਵੰਗਾਰਿਆ ਕਿ ਗ਼ਦਰ ਲਈ ਚਲੋ ਦੇਸ਼ ਨੂੰ। ਮੈਂ ਵਿਰੋਧਤਾ ਕੀਤੀ ਪਰ ਬਹੁਸੰਮਤੀ ਨਾਲ ਦੇਸ਼ ਨੂੰ ਵਹੀਰਾਂ ਘੱਤਣ ਦਾ ਮਤਾ ਪਾਸ ਹੋ ਗਿਆ। ਮੈਂ ਵੀ ਫੈਸਲੇ ਮੁਤਾਬਕ ਦੇਸ਼ ਜਾਣ ਦੀ ਤਿਆਰੀ ਕਰ ਦਿੱਤੀ......।

".....ਫਰਵਰੀ 1915 ਵਿਚ ਗ਼ਦਰ ਕਰਨ ਦਾ ਭੇਦ ਖੁਲ੍ਹ ਜਾਣ ਕਰਕੇ ਬੇਸ਼ੁਮਾਰ ਗਿਰਫਤਾਰੀਆਂ ਹੋ ਗਈਆਂ। ਲਾਹੌਰ ਜੇਲ੍ਹ ਵਿਚ ਸਭ ਗ਼ਦਰੀ ਇੱਕਠੇ ਕੀਤੇ ਗਏ। ਮੈਨੂੰ ਪਹਿਲੇ ਗ਼ਦਰ ਸਾਜ਼ਿਸ਼ ਦੇ ਮੁਕੱਦਮੇ ਵਿਚ ਲਿਆ ਗਿਆ। ਮੁਕੱਦਮਾ ਜੇਲ੍ਹ ਵਿਚ ਹੀ ਚੱਲਿਆ। ਮੈਨੂੰ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜਾ ਮਿਲੀ।

24 ਸਾਥੀਆਂ ਨੂੰ ਫਾਂਸੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਮਿਲੀ। ਪਰ ਪਿਛੋਂ ਵਾਇਸਰਾਏ ਦੇ ਦਖਲ ਨਾਲ ਕਰਤਾਰ ਸਿੰਘ ਸਰਾਭਾ ਆਦਿ ਸੱਤਾਂ ਦੀ ਫਾਂਸੀ ਰਹਿ ਗਈ। ਬਾਕੀਆਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਫਾਂਸੀ ਕੋਠੜੀਆਂ ਵਿਚ ਡੱਕੇ ਹੋਏ ਗ਼ਦਰੀ ਵੀ ਆਜ਼ਾਦੀ ਦੇ ਗੀਤ ਗਾਉਂਦੇ ਤੇ ਖੁਸ਼ੀਆਂ ਮਨਾਉਂਦੇ ਸਨ। ਕਿਸੇ ਦੇ ਦਿਲ ਵਿਚ ਮੌਤ ਦਾ ਰਤਾ ਡਰ ਨਹੀਂ ਸੀ। ਫਾਂਸੀ ਵਾਲੇ ਦਿਨ ਕਰਤਾਰ ਸਿੰਘ ਸਰਾਭਾ ਤੋਲਿਆ ਗਿਆ ਉਸ ਦਾ ਸੱਤ ਸੇਰ ਵਜ਼ਨ ਪਹਿਲਾਂ ਨਾਲੋਂ ਵੱਧ ਸੀ। ਉਹ ਕਹਿੰਦਾ ਸੀ ਮੈਂ ਫਾਂਸੀ ਮਗਰੋਂ ਦੂਜਾ ਜਨਮ ਲੈ ਕੇ ਫੇਰ ਆਜ਼ਾਦੀ ਦਾ ਘੋਲ ਲੜਾਂਗਾ......"

*ਬਾਬਾ ਸ਼ੇਰ ਸਿੰਘ ਵੇਈਂ ਪੂਈਂ*

"ਮੈਨੂੰ ਕਰਤਾਰ ਸਿੰਘ ਨਾਲ ਤਿਆਰ ਕੀਤਾ ਗਿਆ ਕਿ ਹਿੰਦੋਸਤਾਨ ਸਰਕਾਰ ਅੰਗਰੇਜ਼ੀ ਵਿਚ ਅਖ਼ਬਾਰ ਸਾੜ ਦਿੰਦੀ ਹੈ, ਇਸ ਲਈ ਅਸੀਂ ਹਿੰਦੋਸਤਾਨ ਜਾ ਕੇ ਉਥੇ ਪ੍ਰੈਸ ਲਾ ਕੇ ਆਪਣਾ ਅਖ਼ਬਾਰ ਕੱਢੀਏ......। ਅਸੀਂ 1914 ਅਗਸਤ ਵਿਚ ਹਿੰਦੋਸਤਾਨ ਪਹੁੰਚ ਗਏ...। ਅਸੀਂ ਗਵਾਲੀਅਰ ਦੇ ਇਰਦ ਗਿਰਦ ਵੇਖਿਆ। ਜਮੀਨ ਵੀ ਮਿਲਦੀ ਸੀ ਤੇ ਪਹਾੜੀ ਵੀ

ਚੰਗੀ ਸੀ। ਜਦੋਂ ਵਾਪਸ ਆਏ ਤਾਂ ਕਾਮਾਗਾਟਾਮਾਰੂ ਦਾ ਹਾਦਸਾ ਹੋ ਗਿਆ। ਅਸੀਂ ਸਲਾਹ ਕੀਤੀ ਕਿ ਹੁਣ ਜੋ ਵੀ ਆਏਗਾ, ਫੜ ਲਿਆ ਜਾਏਗਾ। ਇਸ ਲਈ ਸਾਡੇ ਵਿਚੋਂ ਇਕ ਜਣਾ ਹਾਂਗਕਾਂਗ ਜਾਵੇ। ਉਥੇ ਹਿੰਦੋਸਤਾਨੀਆਂ ਨੂੰ ਕਿਹਾ ਜਾਏ ਕਿ ਉਹ ਕਲੱਕਤੇ ਦਾ ਟਿਕਟ ਨਾ ਲੈਣ। ਕਰਤਾਰ ਸਿੰਘ ਹਾਂਗਕਾਂਗ ਚਲਾ ਗਿਆ। ਦੋ ਜਹਾਜ਼ ਪੂਰੇ ਦੇ ਪੂਰੇ ਹਾਂਗਕਾਂਗ 'ਚੋਂ ਹਿੰਦ ਨੂੰ ਨਿਕਲ ਆਏ। ਪਰ ਜੋ ਮੁਸਾਫਰ ਉਤਰੇ ਹੋਏ ਮਿਲ ਗਏ, ਉਨ੍ਹਾਂ ਦੇ ਟਿਕਟ ਤਬਦੀਲ ਕਰ ਦਿੱਤੇ ਸਨ। ਜਿਨ੍ਹਾਂ ਵਿਚ ਵੀ ਸੀ। ਬੰਬਈ, ਕੋਲੰਬੋ, ਮਦਰਾਸ ਆਉਣ ਵਾਲੇ ਤਾਂ ਸਹੀ ਸਲਾਮਤ ਵਾਪਸ ਆ ਗਏ ਅਤੇ ਕੰਮ ਕਰਨ ਲਗ ਪਏ। ਤੋਸ਼ਾਮਾਰੂ ਬਾਬੇ ਸੋਹਣ ਸਿੰਘ ਵਾਲਾ ਜਹਾਜ਼ ਤੇ ਇਕ ਹੋਰ ਕਲਕੱਤੇ ਫੜ ਕੇ ਪੰਜਾਬ ਭੇਜ ਦਿੱਤੇ ਗਏ ਅਤੇ ਜੇਲ੍ਹ ਵਿਚ ਬੰਦ ਕਰ ਦਿੱਤੇ।

ਮੈਂ ਕਰਤਾਰ ਸਿੰਘ ਤੋਂ ਜੁਦਾ ਹੋ ਕੇ ਦੋਆਬੇ ਛਾਵਣੀ ਦੇ ਲਾਗੇ ਆ ਗਿਆ। ਪ੍ਰੈਸ ਵਾਲਾ ਕੰਮ ਵਿਚੇ ਰਹਿ ਗਿਆ। ਕਰਤਾਰ ਸਿੰਘ ਸਰਾਭਾ ਮੈਨੂੰ ਲੁਧਿਆਣੇ ਆ ਕੇ ਮਿਲਿਆ। ਮੈਂ ਫੇਰ ਪਿੰਡ ਚਲਾ ਗਿਆ। ਬਾਹਰੋਂ ਆਉਣ ਵਾਲਿਆਂ ਨੂੰ ਪੁਲਸ ਆਪਣੇ ਪਹਿਰੇ ਵਿਚ ਬੰਦਰਗਾਹ ਤੋਂ ਪਿੰਡ ਛੱਡ ਕੇ ਆਉਂਦੀ। ਫਿਰੋਜ਼ਪੁਰ ਤੇ ਲੁਧਿਆਣੇ ਦੇ ਆਦਮੀਆਂ ਤੋਂ ਲੁਧਿਆਣੇ ਜੇਲ੍ਹ ਵਿਚ ਰੱਖ ਕੇ ਬਿਆਨ ਲਏ ਜਾਂਦੇ ਤੇ ਫੇਰ ਨੰਬਰਦਾਰਾਂ ਦੇ ਹਵਾਲੇ ਪਿੰਡਾਂ ਵਿਚ ਕਰ ਦਿੱਤੇ ਜਾਂਦੇ। ਸੁੱਖਾ ਸਿੰਘ ਇੰਸਪੈਕਟਰ ਪੁਲਿਸ ਪੁੱਛ-ਗਿੱਛ ਕਰਿਆ ਕਰਦਾ ਸੀ।

ਸਰਾਭਾ ਕੋਲੰਬੋ ਤੋਂ ਉਤਰ ਕੇ ਗੱਡੀ ਥਾਈਂ ਆਇਆ। ਮੈਂ ਨਵੰਬਰ 1914 ਵਿਚ ਪਿੰਡੋਂ ਫੜਿਆ ਗਿਆ....."

*ਭਾਈ ਕਰਤਾਰ ਸਿੰਘ (ਦੁੱਕੀ) 'ਲਤਾਲਾ'*

[illegible] ਦੀਆਂ ਹੋਰ ਪੁਸਤਕਾਂ

- ਕੈਦੀ ਜੀਵਨ/[illegible]
- ਚਾਂਦ ਫਾਂਸੀ ਅੰਕ/ਸ਼ਹੀਦ ਭਗਤ ਸਿੰਘ [illegible]
- ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜੇਲ੍ਹ ਨੋਟਬੁੱਕ/ਸੰਪਾਦਕ [illegible]
- ਜੀਵਨ ਗਾਥਾ-ਅਮਰ ਸ਼ਹੀਦ ਸੁਖਦੇਵ/ਮਥਰਾ ਦਾਸ ਥਾਪਰ
- ਘੋੜੀਆ ਸ਼ਹੀਦ ਭਗਤ ਸਿੰਘ/ਪ੍ਰੋ. ਗੁਰਦੇਵ ਸਿੰਘ ਸਿੱਧੂ
- ਲੁਕਿਆ ਸੱਚ (ਗੁਆਚੇ ਪੱਤਰੇ) ਬਹਾਦਰ ਭਗਤ ਸਿੰਘ ਤੇ ਸਾਥੀ/ਸੰਪਾਦਕ ਡਾ. ਗੁਰਪ੍ਰੀਤ ਸਿੰਘ ਸਿੰਧਰਾ, ਕੁਲਵੰਤ ਸਿੰਘ ਕੁਨਰ
- ਸ਼ਹੀਦ ਭਗਤ ਸਿੰਘ ਦੇ ਹਿੰਦੀ ਅਨੁਵਾਦ ਤੇ ਅਧਾਰਿਤ-ਆਇਰਿਸ਼ ਸੁਤੰਤਰਤਾ ਸੰਗ੍ਰਾਮ
- ਸੋਸ਼ਲਿਜ਼ਮ ਸ਼ੰਕੇ ਅਤੇ ਸਮਾਧਾਨ/ਛਬੀਲ ਦਾਸ
- ਕਰਾਚੀ ਦੀ ਕਾਂਗਰਸ ਅਤੇ ਸ਼ਹੀਦ ਭਗਤ ਸਿੰਘ/ਸੰਪਾਦਕ: ਹਰੀਸ਼ ਜੈਨ
- ਜੇਲ੍ਹ ਵਿਚ ਤੀਹ ਵਰ੍ਹੇ/ਤ੍ਰਿਲੋਕਯ ਨਾਥ ਚੱਕ੍ਰਵਰਤੀ
- ਅਮਰ ਸ਼ਹੀਦ ਭਗਤ ਸਿੰਘ/ਕ੍ਰਿਸ਼ਨਾ ਜੀ ਮਾਧਵ ਸਾਖਵਲਕਰ
- ਕੈਥਰਾਈਨ-ਜੀਵਨੀ/ ਰਾਮਪ੍ਰਸਾਦ ਬਿਸਮਿਲ
- ਜ਼ੁਲਮੀ ਕਥਾ/ਗੁਰਦਿੱਤ ਸਿੰਘ
- ਕ੍ਰਿਸਾਨਾਂ ਦੇ ਦੁੱਖੜੇ/ਪ੍ਰੋ. ਬ੍ਰਿਜ ਨਾਰਾਇਣ
- ਜੰਗ ਔਰ ਆਜ਼ਾਦੀ/ਭਗਵਾਨ ਸਿੰਘ ਪ੍ਰੀਤਮ ਗਿਆਨੀ

ਮਲਵਿੰਦਰਜੀਤ ਸਿੰਘ ਵੜੈਚ ਦੀਆਂ ਸੰਪਾਦਿਤ ਪੁਸਤਕਾਂ

- ਸ਼ਹੀਦ ਭਗਤ ਸਿੰਘ ਮੁਕੱਦਮੇ ਦੇ ਪੂਰੇ ਹਾਲਾਤ-ਬਿਆਨ ਅਤੇ ਗਵਾਹੀਆਂ ਭਾਗ-1.2
- ਸ਼ਹੀਦ ਜਤੀਨ ਦਾਸ-ਜੀਵਨ ਅਤੇ ਸ਼ਹੀਦੀ
- ਭਗਵਤੀ ਚਰਨ ਵੋਹਰਾ-ਜੀਵਨ ਅਤੇ ਸ਼ਹੀਦੀ
- ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਚੰਦਰਸ਼ੇਖਰ [illegible] ਅਤੇ ਸ਼ਹੀਦੀ
- ਪ੍ਰਸਿੱਧ ਇਨਕਲਾਬੀ ਜੀਵਨੀਆਂ
- ਚੋਣਵੀਆਂ ਇਨਕਲਾਬੀ ਲਿਖਤਾਂ ਭਾਗ-1,2
- ਇਨਕਲਾਬੀ ਸਵੈ ਜੀਵਨੀਆਂ ਭਾਗ-1,2
- ਇਨਕਲਾਬੀ ਵਿਚਾਰਧਾਰਾ ਭਾਗ-1,2
- ਵਿਸ਼ਵ ਆਜ਼ਾਦੀ ਲਹਿਰਾਂ
- ਭਾਰਤ ਦੀਆਂ ਕੌਮੀ ਲਹਿਰਾਂ

pcis@rediffmail.com
UNISTAR BOOKS PVT. LTD.
INDIA
Chandigarh : 26-27 Top Floor, S[illegible]
Ph. 0172-507[illegible]

ISBN 81-7142-388-4
9788171423880
Rs. 100/-